@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 11 April 2026
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 11 ਅਪ੍ਰੈਲ 2026, 26 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 156, qpatrika@gmail.com ਫੋਨ : 9971359517 www.qaumipatrika.org

## ਸ਼੍ਰੀ ਕ੍ਰਿਸ਼ਨ ਜਨਮਭੂਮੀ-ਸ਼ਾਹੀ ਈਦਗਾਹ ਵਿਵਾਦ, ਇਲਾਹਾਬਾਦ ਹਾਈ ਕੋਰਟ 'ਚ ਹੋਈ ਸੁਣਵਾਈ

ਨੈਸ਼ਨਲ ਡੈਸਕ 10 ਅਪ੍ਰੈਲ। ਮਥੁਰਾ ਦੇ ਬਹੁ-ਚਰਚਿਤ ਸ਼੍ਰੀ ਕ੍ਰਿਸ਼ਨ ਜਨਮਭੂਮੀ-ਸ਼ਾਹੀ ਈਦਗਾਹ ਮਸਜਿਦ ਵਿਵਾਦ ਮਾਮਲੇ ਵਿੱਚ ਇਲਾਹਾਬਾਦ ਹਾਈ ਕੋਰਟ ਵਿੱਚ ਸ਼ੁੱਕਰਵਾਰ ਨੂੰ ਅਹਿਮ ਸੁਣਵਾਈ ਹੋਈ। ਅਦਾਲਤ ਨੇ ਮੁਸਲਿਮ ਪੱਖ ਵੱਲੋਂ ਲਿਖਤੀ ਬਿਆਨਾਂ ਵਿੱਚ ਦਾਖ਼ਲ ਕੀਤੀ ਸੋਧ ਅਰਜ਼ੀ 'ਤੇ ਵਿਚਾਰ ਕੀਤਾ। ਜਸਟਿਸ ਅਵਨੀਸ਼ ਸਕਸੈਨਾ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 15 ਮਈ ਦੀ ਤਰੀਕ ਤੈਅ ਕੀਤੀ ਹੈ। ਜ਼ਿਕਰਯੋਗ ਹੈ ਕਿ ਹਿੰਦੂ ਪੱਖ ਵੱਲੋਂ ਸ਼ਾਹੀ ਈਦਗਾਹ ਮਸਜਿਦ ਦੇ ਢਾਂਚੇ ਨੂੰ ਹਟਾ ਕੇ ਜ਼ਮੀਨ ਦਾ ਕਬਜ਼ਾ ਲੈਣ ਅਤੇ ਉੱਥੇ ਮੰਦਰ ਦਾ ਮੁੜ ਨਿਰਮਾਣ ਕਰਨ ਲਈ ਕੁੱਲ 18 ਕੇਸ (ਵਾਦ) ਦਾਇਰ ਕੀਤੇ ਗਏ ਹਨ। ਹਿੰਦੂ ਪੱਖ ਦਾ ਦਾਅਵਾ ਹੈ ਕਿ ਇਹ ਮਸਜਿਦ ਮੁਗਲ ਸਮਰਾਟ ਔਰੰਗਜ਼ੇਬ ਦੇ ਸਮੇਂ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਸਥਾਨ 'ਤੇ ਬਣੇ ਮੰਦਰ ਨੂੰ ਕਥਿਤ ਤੌਰ 'ਤੇ ਢਾਹ ਕੇ ਬਣਾਈ ਗਈ ਸੀ। ਇਸ ਤੋਂ ਪਹਿਲਾਂ, 1 ਅਗਸਤ 2024 ਨੂੰ ਇਲਾਹਾਬਾਦ ਹਾਈ ਕੋਰਟ ਨੇ ਮੁਸਲਿਮ ਪੱਖ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ, ਜਿਸ ਵਿੱਚ ਇਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਦੀ ਯੋਗਤਾ (ਪੋਸ਼ਣਯੋਗਤਾ) ਨੂੰ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਆਪਣੇ ਹੁਕਮਾਂ ਵਿੱਚ ਸਪੱਸ਼ਟ ਕੀਤਾ ਸੀ ਕਿ ਇਹ ਮੁਕੱਦਮੇ ਵਕਫ਼ ਐਕਟ ਅਤੇ ਪੂਜਾ ਸਥਾਨ ਐਕਟ, 1991 ਦੇ ਦਾਇਰੇ ਵਿੱਚ ਨਹੀਂ ਆਉਂਦੇ ਅਤੇ ਇਨ੍ਹਾਂ 'ਤੇ ਸੁਣਵਾਈ ਜਾਰੀ ਰਹਿ ਸਕਦੀ ਹੈ। ਆਮ ਤੌਰ 'ਤੇ 15 ਅਗਸਤ 1947 ਤੋਂ ਮੌਜੂਦ ਕਿਸੇ ਵੀ ਧਾਰਮਿਕ ਢਾਂਚੇ ਦੇ ਸਰੂਪ ਨੂੰ ਬਦਲਣ ਤੋਂ ਰੋਕਦਾ ਹੈ, ਪਰ ਅਦਾਲਤ ਨੇ ਇਸ ਮਾਮਲੇ ਨੂੰ ਇਸ ਤੋਂ ਬਾਹਰ ਮੰਨਿਆ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ 15 ਮਈ ਨੂੰ ਹੋਣ ਵਾਲੀ ਅਗਲੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ, ਜਿਸ ਵਿੱਚ ਅਦਾਲਤ ਸੋਧ ਅਰਜ਼ੀ 'ਤੇ ਆਪਣਾ ਅਗਲਾ ਰੁਖ਼ ਸਪੱਸ਼ਟ ਕਰੇਗੀ।

# ਪ੍ਰਧਾਨ ਮੰਤਰੀ ਮੋਦੀ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣ 'ਤੇ ਨਿਤੀਸ਼ ਕੁਮਾਰ ਨੂੰ ਦਿੱਤੀ ਵਧਾਈ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 10 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਰਾਜ ਸਭਾ ਮੈਂਬਰ ਵਜੋਂ ਸ਼ੁੱਕਰਵਾਰ ਨੂੰ ਸਹੁੰ ਚੁੱਕਣ 'ਤੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਦੇਸ਼ ਦੇ ਸਭ ਤੋਂ ਅਨੁਭਵੀ ਨੇਤਾਵਾਂ 'ਚੋਂ ਇਕ ਹਨ ਅਤੇ ਚੰਗੇ ਸ਼ਾਸਨ ਦੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਹਰ ਜਗ?ਹਾ ਸ਼ਲਾਘਾ ਹੋਈ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਕੁਮਾਰ ਦਾ ਲੰਬਾ ਰਾਜਨੀਤਕ ਅਨੁਭਵ ਸੰਸਦ ਦੇ ਮਾਣ ਨੂੰ ਹੋਰ ਵਧਾਏਗਾ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲਿਖਿਆ,"ਨਿਤੀਸ਼ ਕੁਮਾਰ ਜੀ ਦੇਸ਼ ਦੇ ਸਭ ਤੋਂ ਅਨੁਭਵੀ ਨੇਤਾਵਾਂ 'ਚੋਂ ਇਕ ਹਨ। ਚੰਗੇ ਸ਼ਾਸਨ ਨੂੰ ਲੈ ਕੇ ਉਨ੍ਹਾਂ ਦੀ ਵਚਨਬੱਧਤਾ ਦੀ ਹਰ ਪਾਸੇ ਸ਼ਲਾਘਾ ਹੋਈ ਹੈ।" ਉਨ੍ਹਾਂ ਕਿਹਾ ਕਿ ਕੁਮਾਰ ਨੇ ਬਿਹਾਰ ਦੇ ਵਿਕਾਸ 'ਚ ਅਮਿਟ ਯੋਗਦਾਨ ਦਿੱਤਾ ਹੈ ਅਤੇ ਉਨ੍ਹਾਂ ਨੂੰ ਇਕ ਵਾਰ ਫਿਰ ਸੰਸਦ 'ਚ ਰੱਖਣਾ ਬਹੁਤ ਸੁਖਦ ਹੋਵੇਗਾ। ਪੀ.ਐੱਮ. ਮੋਦੀ ਨੇ ਕਿਹਾ ਕਿ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਵਜੋਂ ਵੀ ਉਨ੍ਹਾਂ ਨੇ ਕਈ ਸਾਲਾਂ ਤੱਕ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ



ਕਿਹਾ,"ਮੈਨੂੰ ਪੂਰਾ ਭਰੋਸਾ ਹੈ ਕਿ ਉਨ੍ਹਾਂ ਦੇ ਲੰਬੇ ਰਾਜਨੀਤਕ ਅਨੁਭਵ ਨਾਲ ਸੰਸਦ ਦਾ ਮਾਣ ਹੋਰ ਵਧੇਗਾ। ਰਾਜ ਸਭਾ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ 'ਤੇ ਉਨ੍ਹਾਂ ਨੂੰ ਵਧਾਈ ਅਤੇ ਅੱਗੇ ਦੇ ਕਾਰਜਕਾਲ ਲਈ ਬਹੁਤ ਸ਼ੁਭਕਾਮਨਾਵਾਂ।" ਨਿਤੀਸ਼ ਕੁਮਾਰ ਨੇ ਸ਼ੁੱਕਰਵਾਰ ਨੂੰ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕੀ। ਰਾਜ ਸਭਾ ਦੇ ਸਪੀਕਰ ਸੀ.ਪੀ. ਰਾਧਾਕ੍ਰਿਸ਼ਨਨ ਨੇ ਆਪਣੇ ਚੈਂਬਰ 'ਚ ਇਕ ਸੰਖੇਪ ਸਮਾਰੋਹ 'ਚ ਉਨ੍ਹਾਂ ਨੂੰ ਉੱਚ ਸਦਨ ਦੇ ਮੈਂਬਰ ਵਜੋਂ ਸਹੁੰ ਚੁਕਾਈ। ਕੁਮਾਰ ਨੇ ਕੇਂਦਰੀ ਮੰਤਰੀ ਅਤੇ ਸਦਨ ਦੇ ਨੇਤਾ ਜੇ.ਪੀ. ਨੱਢਾ, ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਕਾਨੂੰਨ ਤੇ ਨਿਆਂ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਸਮੇਤ ਕਈ ਨੇਤਾਵਾਂ ਦੀ ਮੌਜੂਦਗੀ 'ਚ ਹਿੰਦੀ 'ਚ ਸਹੁੰ ਚੁੱਕੀ। ਪ੍ਰਧਾਨ ਮੰਤਰੀ ਨੇ ਰਾਜ ਸਭਾ ਦੇ ਨਵੇਂ ਚੁਣੇ ਡਿਪਟੀ ਸਪੀਕਰ ਹਰੀਵੰਸ਼ ਨੂੰ ਵੀ ਸਦਨ ਦਾ ਮੈਂਬਰ ਨਾਮਜ਼ਦ ਕੀਤੇ ਜਾਣ 'ਤੇ ਵਧਾਈ ਦਿੱਤੀ। ਪੀ.ਐੱਮ. ਮੋਦੀ ਨੇ 'ਐਕਸ' 'ਤੇ ਲਿਖਿਆ,"ਹਰੀਵੰਸ਼ ਨੇ ਪੱਤਰਕਾਰੀ ਅਤੇ ਜਨਤਕ ਜੀਵਨ 'ਚ ਅਨਮੋਲ ਯੋਗਦਾਨ ਦਿੱਤਾ ਹੈ। ਉਹ ਇਕ ਸਨਮਾਨਤ ਬੁੱਧੀਜੀਵੀ ਅਤੇ ਵਿਚਾਰਕ ਹਨ। ਉਨ੍ਹਾਂ ਨੇ ਆਪਣੇ ਡੂੰਘੇ ਵਿਚਾਰਾ ਅਤੇ ਸਮਝਦਾਰੀ ਨਾਲ ਸਦਨ ਦੀ ਕਾਰਵਾਈ ਨੂੰ ਅਮੀਰ ਬਣਾਇਆ ਹੈ।" ਪ੍ਰਧਾਨ ਮੰਤਰੀ ਨੇ ਕਿਹਾ, ਮੈਨੂੰ ਖੁਸ਼ੀ ਹੈ ਕਿ ਮਾਣਯੋਗ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ।"

# ਪੰਜਾਬ ਨੂੰ ਬਕਾਇਆ 9,000 ਕਰੋੜ ਰੁਪਏ ਦੇ ਆਰਡੀਐਫ ਫੰਡ ਜਾਰੀ ਕਰਨ ਸਬੰਧੀ ਸਕੱਤਰ ਪੱਧਰੀ ਮੀਟਿੰਗ ਕੀਤੀ ਜਾਵੇਗੀ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ/ਪੰਜਾਬ, 10 ਅਪ੍ਰੈਲ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨਵੀਂ ਦਿੱਲੀ ਵਿਖੇ ਕੇਂਦਰੀ



ਖੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਉਨ੍ਹਾਂ ਨੇ ਸੂਬੇ ਦੇ ਕਿਸਾਨਾਂ ਅਤੇ ਮੰਡੀਆਂ ਲਈ ਕਈ ਅਹਿਮ ਰਾਹਤ ਉਪਾਅ ਯਕੀਨੀ ਬਣਾਏ। ਇਸ ਦੌਰਾਨ ਕੇਂਦਰ ਨੇ ਪੰਜਾਬ ਵਿੱਚ ਪਏ 155 ਲੱਖ ਮੀਟ੍ਰਿਕ ਟਨ ਅਨਾਜ ਦੀ ਲਿਫਟਿੰਗ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਲਈ ਸਹਿਮਤੀ ਦਿੱਤੀ ਜਿਸ ਨਾਲ ਹਾੜੀ ਮੰਡੀਕਰਨ ਸੀਜ਼ਨ ਤੋਂ ਪਹਿਲਾਂ ਸੂਬੇ ਵਿੱਚ ਅਨਾਜ ਦੇ ਭੰਡਾਰਨ ਸਬੰਧੀ ਗੰਭੀਰ ਸੰਕਟ ਨਾਲ ਨਜਿੱਠਣ ਵਿੱਚ ਮਦਦ ਮਿਲੇਗੀ। ਇਸ ਦਖਲ ਦੇ ਨਾਲ-ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ 'ਤੇ ਬੋਝ ਬਣੇ ਢਾਂਚਾਗਤ ਮੁੱਦਿਆਂ ਦੇ ਹੱਲ 'ਤੇ ਜ਼ੋਰ ਦਿੱਤਾ, ਜਿਸ ਵਿੱਚ ਉੱਚ ਨਕਦ ਕਰਜ਼ਾ ਵਿਆਜ ਦਰਾਂ, ਪੇਂਡੂ ਵਿਕਾਸ ਫੰਡ ਅਧੀਨ ਲੰਬਿਤ 9,000 ਕਰੋੜ ਰੁਪਏ, ਗੜੇਮਾਰੀ ਨਾਲ ਪ੍ਰਭਾਵਿਤ ਫਸਲਾਂ ਲਈ ਮੁਆਵਜ਼ਾ ਅਤੇ ਆੜ੍ਹਤੀਆਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਸ਼ਾਮਲ ਹਨ। ਕੇਂਦਰੀ ਮੰਤਰੀ ਨੇ ਇਹਨਾਂ ਮੁੱਦਿਆਂ ਦੇ ਸਬੰਧ ਵਿੱਚ ਸਕਾਰਾਤਮਕ ਹੁੰਗਾਰਾ ਭਰਿਆ ਅਤੇ ਲੰਬਿਤ ਮੁੱਦਿਆਂ ਦੇ ਹੱਲ ਲਈ ਸਕੱਤਰ ਪੱਧਰੀ ਪ੍ਰਣਾਲੀ ਸਿਰਜਣ ਸਮੇਤ ਠੋਸ ਕਦਮ ਚੁੱਕਣ ਦਾ ਭਰੋਸਾ ਦਿੱਤਾ। ਐਕਸ ਹੈਂਡਲ 'ਤੇ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ: ਅੱਜ ਦਿੱਲੀ ਵਿਖੇ ਮੈਂ ਕੇਂਦਰੀ ਖੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਜੀ ਨਾਲ ਇੱਕ ਅਹਿਮ ਮੀਟਿੰਗ ਕੀਤੀ। ਇਸ ਦੌਰਾਨ, ਅਸੀਂ ਆੜ੍ਹਤੀਆਂ ਦੀਆਂ ਮੰਗਾਂ ਸਮੇਤ ਪੰਜਾਬ ਨਾਲ ਸਬੰਧਤ ਵੱਖ-ਵੱਖ ਮੁੱਖ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਮੁੱਖ ਮੰਤਰੀ ਨੇ ਅੱਗੇ ਲਿਖਿਆ: "ਮੀਟਿੰਗ ਦੌਰਾਨ ਕੇਂਦਰ ਸਾਹਮਣੇ ਅਹਿਮ ਮੁੱਦੇ ਉਠਾਏ ਗਏ ਜਿਸ ਵਿੱਚ ਪੰਜਾਬ 'ਚ ਪਈ 155 ਲੱਖ ਮੀਟ੍ਰਿਕ ਟਨ ਕਣਕ ਅਤੇ ਚੌਲਾਂ ਦੀ ਤੁਰੰਤ ਲਿਫਟਿੰਗ ਅਤੇ ਆਰਡੀਐਫ ਅਧੀਨ ਬਕਾਇਆ 9,000 ਕਰੋੜ ਰੁਪਏ ਦੀ ਤੁਰੰਤ ਅਦਾਇਗੀ ਕਰਨ ਸਬੰਧੀ ਮੁੱਦੇ ਸ਼ਾਮਲ ਸਨ। ਇਸ ਦੇ ਨਾਲ ਹੀ, ਨਕਦ ਕਰਜ਼ਾ ਸੀਮਾ ਅਧੀਨ ਸੂਬਿਆਂ 'ਤੇ ਲਗਾਈਆਂ ਗਈਆਂ ਉੱਚ ਵਿਆਜ ਦਰਾਂ ਨੂੰ ਘਟਾਉਣ ਅਤੇ ਆੜ੍ਹਤੀਆਂ ਦੀਆਂ ਕੇਂਦਰ ਨਾਲ ਸਬੰਧਤ ਮੰਗਾਂ 'ਤੇ ਪਹਿਲ ਦੇ ਆਧਾਰ 'ਤੇ ਵਿਚਾਰ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ, ਮੰਡੀ ਮਜ਼ਦੂਰਾਂ ਦੇ ਈਪੀਐਫ ਨਾਲ ਸਬੰਧਤ ਮੁੱਦਿਆਂ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ ਗਈ ਅਤੇ ਬੇਮੌਸਮੀ ਬਾਰਿਸ਼ ਕਾਰਨ ਹੋਏ ਨੁਕਸਾਨ ਲਈ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ ਗਈ। ਉਨ੍ਹਾਂ ਅੱਗੇ ਲਿਖਿਆ, ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਕੇਂਦਰੀ ਮੰਤਰੀ ਜੀ ਨੇ ਇਨ੍ਹਾਂ ਸਾਰੇ ਮੁੱਦਿਆਂ 'ਤੇ ਬੇਹੱਦ ਸਕਾਰਾਤਮਕ ਹੁੰਗਾਰਾ ਭਰਿਆ ਹੈ। ਅਸੀਂ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਫਸਲਾਂ ਦੇ ਭੰਡਾਰਨ ਸਬੰਧੀ ਭਾਰੀ ਘਾਟ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬੇ ਦੇ ਕਵਰਡ ਗੋਦਾਮਾਂ ਵਿੱਚ 180.88 ਲੱਖ ਮੀਟਰਕ ਟਨ ਅਨਾਜ (151.20 ਲੱਖ ਮੀਟਰਕ ਟਨ ਚੌਲ ਅਤੇ 29.67 ਲੱਖ ਮੀਟਰਕ ਟਨ ਕਣਕ) ਪਹਿਲਾਂ ਹੀ ਸਟੋਰ ਕੀਤੀ ਗਈ ਹੈ ਜਦੋਂ ਕਿ ਕੁੱਲ ਉਪਲਬਧ ਕਵਰਡ ਭੰਡਾਰਨ ਸਮਰੱਥਾ ਲਗਭਗ 183 ਲੱਖ ਮੀਟਰਕ ਟਨ (173 ਲੱਖ ਮੀਟਰਕ ਟਨ ਕਵਰਡ ਗੋਦਾਮ + 10 ਲੱਖ ਮੀਟਰਕ ਟਨ ਕਣਕ ਸਾਈਲੋਜ਼) ਹੈ। Contd................page-3

## ਮਨੋਹਰ ਲਾਲ ਦੀ ਭੂਟਾਨ ਯਾਤਰਾ, ਊਰਜਾ ਸੁਰੱਖਿਆ ਨੂੰ ਲੈ ਕੇ ਹੋਏ ਵੱਡੇ ਸਮਝੌਤੇ

ਨਵੀਂ ਦਿੱਲੀ 10 ਅਪ੍ਰੈਲ। ਕੇਂਦਰੀ ਬਿਜਲੀ ਅਤੇ ਰਿਹਾਇਸ਼ੀ ਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਭੂਟਾਨ ਦੀ ਚਾਰ ਦਿਨਾ ਯਾਤਰਾ 'ਤੇ ਪਹੁੰਚੇ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਹੋਣ ਵਾਲੀ ਦੋ-ਪੱਖੀ ਗੱਲਬਾਤ ਦਾ ਮੁੱਖ ਕੇਂਦਰ ਊਰਜਾ ਸੁਰੱਖਿਆ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਏ ਬਿਨਾਂ ਵਿਕਾਸ ਰਹੇਗਾ। ਬਿਜਲੀ ਮੰਤਰਾਲਾ ਵਲੋਂ ਜਾਰੀ ਇਕ ਬਿਆਨ ਅਨੁਸਾਰ, ਕੇਂਦਰੀ ਮੰਤਰੀ ਨੇ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਤੋਬਗੇ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਸਵੱਛ ਊਰਜਾ ਅਤੇ ਵਿਕਾਸ ਦੇ ਖੇਤਰ 'ਚ ਸਹਿਯੋਗ ਵਧਾਉਣ ਦੀ ਸਾਂਝੀ ਵਚਨਬੱਧਤਾ ਦੋਹਰਾਈ। ਇਸ ਤੋਂ ਇਲਾਵਾ ਮਨੋਹਰ ਲਾਲ ਨੇ ਭੂਟਾਨ ਦੇ ਊਰਜਾ ਅਤੇ ਕੁਦਰਤੀ ਸਰੋਤ ਮੰਤਰੀ ਲਿਓਂਪੋ ਗੇਮੇ ਸ਼ੇਰਿੰਗ ਨਾਲ ਵੀ ਬੈਠਕ ਕੀਤੀ। ਇਸ ਬੈਠਕ 'ਚ ਪਣ-ਬਿਜਲੀ ਖੇਤਰ 'ਚ ਜਾਰੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਭਵਿੱਖ 'ਚ ਨਵਿਆਉਣਯੋਗ ਊਰਜਾ (ਸੌਰ ਅਤੇ ਪੌਣ ਊਰਜਾ ਵਰਗੇ ਕਦੇ ਨਾ ਖਤਮ ਹੋਣ ਵਾਲੇ ਸਰੋਤ) ਅਤੇ ਖੇਤਰੀ ਬਿਜਲੀ ਵਪਾਰ ਦੀਆਂ ਸੰਭਾਵਨਾਵਾਂ 'ਤੇ ਚਰਚਾ ਕੀਤੀ ਗਈ।

## ਮਮਤਾ ਸਰਕਾਰ ਨੇ ਬੰਗਾਲ ਦੇ ਲੋਕਾਂ ਦੀ ਜ਼ਮੀਨ ਖੋਹ ਕੇ ਘੁਸਪੈਠੀਆਂ ਨੂੰ ਦਿੱਤੀ : ਨਿਤਿਨ ਨਬੀਨ

ਅਲੀਪੁਰਦੁਆਰ 10 ਅਪ੍ਰੈਲ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਨਿਤਿਨ ਨਬੀਨ ਨੇ ਦੋਸ਼ ਲਾਇਆ ਕਿ ਮਮਤਾ ਬੈਨਰਜੀ ਸਰਕਾਰ ਨੇ ਪੱਛਮੀ ਬੰਗਾਲ ਦੇ ਲੋਕਾਂ ਦੀ ਜ਼ਮੀਨ ਖੋਹ ਕੇ ਘੁਸਪੈਠੀਆਂ ਨੂੰ ਦੇ ਦਿੱਤੀ, ਜਿਸ ਨਾਲ ਸੂਬੇ ਦੀ ਆਬਾਦੀ ਬਦਲ ਗਈ। ਉੱਤਰ ਬੰਗਾਲ ਦੇ ਅਲੀਪੁਰਦੁਆਰ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਬੰਗਾਲ 'ਚ ਭਾਜਪਾ ਦੀ 'ਡਬਲ ਇੰਜਣ' ਸਰਕਾਰ ਬਣਨ 'ਤੇ, ਉਹ ਆਬਾਦੀ ਸਬੰਧੀ ਤਬਦੀਲੀਆਂ ਨੂੰ ਠੀਕ ਕਰੇਗੀ ਅਤੇ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਸੂਬੇ 'ਚੋਂ ਬਾਹਰ ਕੱਢ ਦੇਵੇਗੀ। ਨਿਤਿਨ ਨਬੀਨ ਨੇ ਦੋਸ਼ ਲਾਇਆ ਕਿ ਤ੍ਰਿਣਮੂਲ ਕਾਂਗਰਸ ਦੀ ਤੁਸ਼ਟੀਕਰਨ ਦੀ ਰਾਜਨੀਤੀ ਅਤੇ ਅਰਾਜਕਤਾ ਕਾਰਨ ਬੰਗਾਲ ਦੇ ਨਿਵਾਸੀ ਸੂਬਾ ਛੱਡਣ ਲਈ 'ਮਜਬੂਰ' ਹੋ ਰਹੇ ਹਨ। ਉਨ੍ਹਾਂ ਨੇ ਤ੍ਰਿਣਮੂਲ ਸਰਕਾਰ 'ਤੇ ਸੂਬੇ ਦੇ ਲੋਕਾਂ ਨੂੰ ਹਿਜਰਤ ਲਈ ਮਜਬੂਰ ਕਰਨ ਅਤੇ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਬੰਗਾਲ 'ਚ ਵਸਾਉਣ 'ਚ ਮਦਦ ਕਰਨ ਦਾ ਦੋਸ਼ ਲਾਇਆ। ਭਾਜਪਾ ਪ੍ਰਧਾਨ ਨੇ ਦਾਅਵਾ ਕੀਤਾ ਕਿ ਪੱਛਮੀ ਬੰਗਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਲ 'ਚ ਇਕ ਖਾਸ ਥਾਂ ਰੱਖਦਾ ਹੈ ਅਤੇ ਕਿਹਾ ਕਿ ਬੰਗਾਲ 'ਚ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਹੈ।

## ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਇਲਾਹਾਬਾਦ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਨੇ ਦਿੱਤਾ ਅਸਤੀਫ਼ਾ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 10 ਅਪ੍ਰੈਲ। ਇਲਾਹਾਬਾਦ ਹਾਈ ਕੋਰਟ ਦੇ ਵਿਵਾਦਾਂ 'ਚ ਘਿਰੇ ਜੱਜ ਯਸ਼ਵੰਤ ਵਰਮਾ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਉਨ੍ਹਾਂ ਦੇ ਅਸਤੀਫ਼ੇ ਨਾਲ ਉਨ੍ਹਾਂ ਖ਼?ਲਾਫ਼ ਸੰਸਦ 'ਚ ਚੱਲ ਰਹੀ ਮਹਾਦੋਸ਼ ਦੀ ਕਾਰਵਾਈ ਹੁਣ ਰੱਦ ਹੋ ਗਈ ਹੈ। ਜੱਜ ਯਸ਼ਵੰਤ ਵਰਮਾ ਪਿਛਲੇ ਸਾਲ ਉਸ ਸਮੇਂ ਚਰਚਾ 'ਚ ਆਏ ਸਨ ਜਦੋਂ 14 ਮਾਰਚ, 2025 ਨੂੰ ਹੋਲੀ ਦੀ ਰਾਤ ਨੂੰ ਦਿੱਲੀ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਅੱਗ ਲੱਗ ਗਈ ਸੀ। ਅੱਗ ਬੁਝਾਉਣ ਦੌਰਾਨ ਮੌਕੇ 'ਤੇ ਪਹੁੰਚੇ ਅੱਗ ਬੁਝਾਊ ਦਸਤੇ ਨੂੰ ਉੱਥੋਂ ਭਾਰੀ ਮਾਤਰਾ 'ਚ ਨਕਦੀ ਅਤੇ ਸੜੇ ਹੋਏ ਨੋਟਾਂ ਦੀਆਂ ਥੱਦੀਆਂ ਬਰਾਮਦ ਹੋਈਆਂ ਸਨ। ਇਸ ਘਟਨਾ ਤੋਂ ਬਾਅਦ ਸੁਪਰੀਮ ਕੋਰਟ ਨੇ ਇਕ ਬੇਮਿਸਾਲ ਕਦਮ ਚੁੱਕਦਿਆਂ ਇਸ ਮਾਮਲੇ ਦੀ ਅੰਦਰੂਨੀ ਜਾਂਚ ਰਿਪੋਰਟ, ਤਸਵੀਰਾਂ ਅਤੇ ਵੀਡੀਓਜ਼ ਆਪਣੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੀਆਂ ਸਨ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਪਿਛਲੇ ਸਾਲ 12 ਅਗਸਤ ਨੂੰ ਯਸ਼ਵੰਤ ਵਰਮਾ ਨੂੰ ਹਟਾਉਣ ਲਈ ਬਹੁ-ਪਾਰਟੀ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਸੀ। ਇਸ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ



ਸੀ। ਰਾਸ਼ਟਰਪਤੀ ਨੂੰ ਭੇਜੇ ਗਏ ਆਪਣੇ ਅਸਤੀਫੇ 'ਚ 57 ਸਾਲਾ ਵਰਮਾ ਨੇ ਲਿਖਿਆ ਕਿ ਉਹ ਬੇਹੱਦ ਦੁੱਖ ਨਾਲ ਅਸਤੀਫ਼ਾ ਦੇ ਰਹੇ ਹਨ ਅਤੇ ਉਹ ਰਾਸ਼ਟਰਪਤੀ ਦੇ ਦਫ਼ਤਰ 'ਤੇ ਉਨ੍ਹਾਂ ਕਾਰਨਾਂ ਦਾ ਬੋਝ ਨਹੀਂ ਪਾਉਣਾ ਚਾਹੁੰਦੇ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਇਹ ਕਦਮ ਚੁੱਕਣਾ ਪਿਆ। ਵਰਮਾ ਨੇ ਸ਼ੁਰੂ ਤੋਂ ਹੀ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਸਟੋਰ ਰੂਮ 'ਚ ਕੋਈ ਨਕਦੀ ਨਹੀਂ ਰੱਖੀ ਗਈ ਸੀ ਅਤੇ ਇਹ ਪੈਸਾ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਪਰਿਵਾਰ ਦਾ ਨਹੀਂ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਾਬਕਾ ਚੀਫ਼ ਜਸਟਿਸ ਸੰਜੀਵ ਖੰਨਾ ਵੱਲੋਂ ਦਿੱਤੀ ਗਈ ਅਸਤੀਫ਼ੇ ਦੀ ਸਲਾਹ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਚੀਫ਼ ਜਸਟਿਸ ਨੇ ਰਾਸ਼ਟਰਪਤੀ ਨੂੰ ਮਹਾਦੋਸ਼ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਪੱਤਰ ਲਿਖਿਆ ਸੀ। ਯਸ਼ਵੰਤ ਵਰਮਾ 1992 'ਚ ਇੱਕ ਵਕੀਲ ਵਜੋਂ ਅਦਾਲਤ ਨਾਲ ਜੁੜੇ ਸਨ ਅਤੇ 2014 'ਚ ਇਲਾਹਾਬਾਦ ਹਾਈ ਕੋਰਟ ਦੇ ਵਧੀਕ ਜੱਜ ਨਿਯੁਕਤ ਹੋਏ ਸਨ। ਉਹ 2021 'ਚ ਦਿੱਲੀ ਹਾਈ ਕੋਰਟ 'ਚ ਤਾਇਨਾਤ ਹੋਏ ਸਨ, ਪਰ ਵਿਵਾਦਾਂ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਇਲਾਹਾਬਾਦ ਹਾਈ ਕੋਰਟ ਭੇਜ ਦਿੱਤਾ ਗਿਆ ਸੀ। ਨਿਯਮਾਂ ਅਨੁਸਾਰ, ਹਾਈ ਕੋਰਟ ਦੇ ਜੱਜ 62 ਸਾਲ ਦੀ ਉਮਰ 'ਚ ਸੇਵਾਮੁਕਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਿਰਫ਼ ਸੰਸਦ ਦੁਆਰਾ ਪਾਸ ਮਹਾਦੋਸ਼ ਪ੍ਰਸਤਾਵ ਰਾਹੀਂ ਹੀ ਹਟਾਇਆ ਜਾ ਸਕਦਾ ਹੈ।



# ਲੁਧਿਆਣਾ ਦੇ ਪਿੰਡ ਖੇੜਾ ਵਿਚ ਚੱਲੀਆਂ ਗੋਲੀਆਂ, ਇਕ ਨੌਜਵਾਨ ਗੰਭੀਰ ਜ਼ਖ਼ਮੀ

**ਕੌਮੀ ਪਤ੍ਰਿਕਾ**

ਲੁਧਿਆਣਾ 10 ਅਪ੍ਰੈਲ। ਥਾਣਾ ਡੇਹਲੋਂ ਦੀ ਅਧੀਨ ਪੈਂਦੇ ਪਿੰਡ ਖੇੜਾ ਵਿਚ ਮੰਗਲਵਾਰ ਦੇਰ ਰਾਤ ਉਸ ਵੇਲੇ ਦਹਿਸ਼ਤ ਫੈਲ ਗਈ, ਜਦੋਂ ਪੁਰਾਣੀ ਰੰਜਿਸ਼ ਦੇ ਚਲਦਿਆਂ ਅੱਧਾ ਦਰਜਨ ਹਮਲਾਵਰਾਂ ਨੇ ਸ਼ਰੇਆਮ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ। ਹਮਲਾਵਰਾਂ ਨੇ ਨਾ ਸਿਰਫ਼ ਬੇਸਬਾੱਲ ਦੇ ਬੈਟਾਂ ਨਾਲ ਦੋ ਭਰਾਵਾਂ ਤੇ ਉਸ ਦੇ ਦੋਸਤ 'ਤੇ ਹਮਲਾ ਕੀਤਾ, ਸਗੋਂ ਦਹਿਸ਼ਤ ਫੈਲਾਉਣ ਲਈ ਤਾਬੜਤੋੜ ਗੋਲੀਆਂ ਵੀ ਚਲਾਈਆਂ। ਇਸ ਵਾਰਦਾਤ ਵਿਚ ਇਕ ਨੌਜਵਾਨ ਦੀ ਲੱਤ ਵਿਚ ਗੋਲੀ ਲੱਗੀ ਹੈ, ਜਦਕਿ ਦੋ ਹੋਰ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਹਨ। ਪੁਲਸ ਨੇ ਮੁਸਤੈਦੀ ਦਿਖਾਉਂਦਿਆਂ ਹਮਲਾਵਰਾਂ ਨੂੰ ਹਥਿਆਰਾਂ ਸਮੇਤ ਕਾਬੂ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਵਿਚ ਜ਼ੇਰੇ ਇਲਾਜ ਨਵਜੋਤ ਸਿੰਘ ਦੇ ਪਿਤਾ ਪਰਮਜੀਤ ਸਿੰਘ ਨੇ ਦੱਸਿਆ ਕਿ ਉਹ ਪਿੰਡ ਦੇ ਗੁਰਦੁਆਰਾ ਸਾਹਿਬ ਨੇੜੇ ਡੇਅਰੀ ਚਲਾਉਂਦੇ ਹਨ। ਕੰਮ ਦੇ ਕਾਰਨ ਪਿੰਡ ਦੇ ਹੀ ਕੁਝ ਹੋਰ ਡੇਅਰੀ ਸੰਚਾਲਕ ਉਨ੍ਹਾਂ ਤੋਂ ਪੁਰਾਣੀ ਰੰਜਿਸ਼ ਰੱਖਦੇ ਸਨ ਤੇ ਇਸੇ ਰੰਜਿਸ਼ ਦਾ ਬਦਲਾ ਲੈਣ ਲਈ ਮੰਗਲਵਾਰ ਰਾਤ ਇਸ ਖ਼ੂਨੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਪਰਮਜੀਤ ਸਿੰਘ ਮੁਤਾਬਕ, ਉਨ੍ਹਾਂ ਦਾ ਵੱਡਾ ਪੁੱਤਰ ਡੇਅਰੀ 'ਤੇ ਦੁੱਧ ਦੇਣ ਮਗਰੋਂ ਜਦੋਂ ਬਾਜ਼ਾਰ ਤੋਂ ਸਾਮਾਨ ਲੈ ਕੇ ਘਰ ਪਰਤ ਰਿਹਾ ਸੀ, ਤਾਂ ਗੁਰਦੁਆਰਾ ਸਾਹਿਬ ਨੇੜੇ ਕਾਰ 'ਤੇ ਸਵਾਰ ਅੱਧਾ ਦਰਜਨ ਮੁੰਡਿਆਂ ਨੇ ਉਸ ਦਾ ਰਾਹ ਰੋਕ ਲਿਆ। ਹਮਲਾਵਰਾਂ ਨੇ ਉਸ 'ਤੇ ਬੇਸਬਾਲ ਦੇ ਬੈਟਾਂ ਨਾਲ ਹਮਲਾ ਕਰ ਦਿੱਤਾ ਤੇ ਉਸ ਨੂੰ ਜ਼ਬਰਦਸਤੀ ਗੱਡੀ ਵਿਚ ਪਾ ਕੇ ਕਿਡਨੈਪ ਕਰਨ ਦੀ ਕੋਸ਼ਿਸ਼ ਕਰਨ ਲੱਗੇ। ਜਦੋਂ ਪੁੱਤਰ ਦਾ ਦੋਸਤ ਗੋਲਡੀ ਉਸ ਨੂੰ ਬਚਾਉਣ ਲਈ ਅੱਗੇ ਆਇਆ ਤਾਂ ਹਮਲਾਵਰਾਂ ਨੇ ਉਸ ਨੂੰ ਵੀ ਬੇਰਹਿਮੀ ਨਾਲ ਕੁੱਟਿਆ। ਘਟਨਾ ਦੀ ਸੂਚਨਾ ਮਿਲਦਿਆਂ ਹੀ ਜਦੋਂ ਪਰਮਜੀਤ ਸਿੰਘ ਆਪਣੇ ਛੋਟੇ ਪੁੱਤਰ ਨਵਜੋਤ ਦੇ ਨਾਲ ਮੌਕੇ 'ਤੇ ਪਹੁੰਚੇ ਤਾਂ ਹਮਲਾਵਰਾਂ ਦੇ ਸਿਰ 'ਤੇ ਖ਼ੂਨ ਸਵਾਰ ਸੀ। ਆਪਣੇ ਆਪ ਨੂੰ ਘਿਰਦਾ ਵੇਖ ਹਮਲਾਵਰਾਂ ਨੇ ਉਨ੍ਹਾਂ 'ਤੇ ਸਿੱਧੀ ਫਾਇਰਿੰਗ ਕਰ ਦਿੱਤੀ। ਤਕਰੀਬਨ 4-5 ਰਾਊਂਡ



ਗੋਲ?ਆਂ ਚਲਾਈਆਂ ਗਈਆਂ, ਜਿਨ੍ਹਾਂ ਵਿਚੋਂ ਇਕ ਗੋਲ? ਨਵਜੋਤ ਦੀ ਖੱਬੀ ਲੱਤ ਵਿਚ ਜਾ ਲੱਗੀ। ਵਾਰਦਾਤ ਮਗਰੋਂ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਪਿੰਡ ਵਾਸੀਆਂ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਤੁਰੰਤ ਡੇਹਲੋਂ ਦੇ ਸਿਵਲ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਵੱਡੇ ਭਰਾ ਤੇ ਦੋਸਤ ਗੋਲਡੀ ਨੂੰ ਮੁੱਢਲੇ ਇਲਾਜ ਮਗਰੋਂ ਛੁੱਟੀ ਦੇ ਦਿੱਤੀ, ਪਰ ਗੋਲੀ ਲੱਗਣ ਕਾਰਨ ਗੰਭੀਰ ਰੂਪ ਨਾਲ ਜ਼ਖ਼ਮੀ ਨਵਜੋਤ ਨੂੰ ਰਾਤ ਲੁਧਿਆਣਾ ਦੇ ਸਿਵਲ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ। ਉੱਧਰ, ਸੂਚਨਾ ਮਿਲਦਿਆਂ ਹੀ ਹਰਕਤ ਵਿਚ ਆਈ ਡੇਹਲੋਂ ਪੁਲਸ ਨੇ ਤੁਰੰਤ ਨਾਕਾਬੰਦੀ ਕਰ ਕੇ ਹਮਲਾਵਰਾਂ ਨੂੰ ਪਿਸਤੌਲ ਸਮੇਤ ਹਿਰਾਸਤ ਵਿਚ ਲੈ ਲਿਆ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀਆਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਵਪਾਰੀ ਤੋਂ 50 ਲੱਖ ਦੀ ਫਿਰੌਤੀ ਮੰਗਣ ਵਾਲੇ ਅਣਪਛਾਤੇ ਖਿਲਾਫ ਕੇਸ ਦਰਜ

ਬਟਾਲਾ 10 ਅਪ੍ਰੈਲ। ਥਾਣਾ ਕੋਟਲੀ ਸੂਰਤ ਮੱਲੀ ਦੀ ਪੁਲਸ ਨੇ ਇਕ ਵਪਾਰੀ ਤੋਂ 50 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕੀਤਾ ਹੈ। ਇਸ ਸਬੰਧੀ ਏ. ਐੱਸ. ਆਈ. ਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ 'ਚ ਗਗਨ ਅਰੋੜਾ ਪੁੱਤਰ ਰਜੀਵ ਕੁਮਾਰ ਵਾਸੀ ਕੋਟਲੀ ਸੂਰਤ ਮੱਲੀ ਨੇ ਲਿਖਵਾਇਆ ਹੈ ਕਿ ਬੀਤੀ ਸ਼ਾਮ ਪੌਣੇ 6 ਵਜੇ ਦੇ ਕਰੀਬ ਉਸ ਨੂੰ ਇਕ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਆਈ। ਦੁਕਾਨ 'ਤੇ ਗਾਹਕ ਜ਼ਿਆਦਾ ਹੋਣ ਕਰ ਕੇ ਉਹ ਇਹ ਕਾਲ ਰਿਕਾਰਡ ਨਹੀਂ ਕਰ ਸਕਿਆ। ਇਸ ਤੋਂ ਬਾਅਦ ਸ਼ਾਮ ਕਰੀਬ ਸਾਢੇ 6 ਵਜੇ ਜਦੋਂ ਉਸ ਵਲੋਂ ਸਬੰਧਤ ਵਿਦੇਸ਼ੀ ਨੰਬਰ 'ਤੇ ਬੈਕ ਕਾਲ ਕੀਤੀ ਗਈ ਤਾਂ ਅੱਗੋਂ ਅਣਪਛਾਤੇ ਵਿਅਕਤੀ ਨੇ ਉਸ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ। ਉਕਤ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਅਣਪਛਾਤੇ ਵਿਅਕਤੀ ਖਿਲਾਫ ਥਾਣੇ 'ਚ ਮਾਮਲਾ ਦਰਜ ਕਰ ਦਿੱਤਾ ਗਿਆ ਹੈ ਅਤੇ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ।

# ਕੁੱਤੇ ਪਾਲਣ ਦੇ ਸ਼ੌਕੀਨ ਦਿਓ ਧਿਆਨ ! 'ਚ ਨਾ ਹੋਇਆ 'ਪੱਟਾ' ਤਾਂ ਦੇਣਾ ਪਵੇਗਾ ਮੋਟਾ ਜੁਰਮਾਨਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 10 ਅਪ੍ਰੈਲ। ਰਾਜਧਾਨੀ 'ਚ ਪਾਲਤੂ ਕੁੱਤੇ ਨੂੰ ਬਿਨਾਂ ਪੱਟੇ ਦੇ ਸੜਕ 'ਤੇ ਘੁਮਾਉਣ ਵਾਲੇ ਮਾਲਕ ਨੂੰ ਹੁਣ 1000 ਰੁਪਏ ਤੱਕ ਜੁਰਮਾਨਾ ਦੇਣਾ ਪੈ ਸਕਦਾ ਹੈ। ਦਿੱਲੀ ਨਗਰ ਨਿਗਮ ਐਕਟ 1957 ਦੇ ਉਪਬੰਧਾਂ ਦੇ ਤਹਿਤ ਮੌਜੂਦਾ ਸਮੇਂ 'ਚ ਪਾਲਤੂ ਕੁੱਤੇ ਨੂੰ ਬਿਨਾਂ ਪੱਟੇ ਸੜਕ 'ਤੇ ਘੁਮਾਉਣ ਵਾਲੇ ਮਾਲਕ 'ਤੇ 50 ਰੁਪਏ ਦਾ ਜੁਰਮਾਨਾ ਲੱਗਦਾ ਹੈ, ਪਰ ਸੰਸਦ 'ਚ ਪੇਸ਼ ਜਨ ਵਿਸ਼ਵਾਸ (ਉਪਬੰਧ ਸੋਧ) ਬਿੱਲ, 2026 ਵਿਚ ਇਸ ਨੂੰ ਵਧਾ ਕੇ 1000 ਰੁਪਏ ਦਾ ਪ੍ਰਸਤਾਵ ਕੀਤਾ ਗਿਆ ਹੈ। ਇਹ ਬਦਲਾਅ ਜਨ ਵਿਸ਼ਵਾਸ (ਉਪਬੰਧ ਸੋਧ) ਬਿੱਲ, 2026 ਦਾ ਹਿੱਸਾ ਹੈ, ਜਿਸ ਨੂੰ ਵਣਜ ਅਤੇ ਉਦਯੋਗ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਸ਼ੁੱਕਰਵਾਰ ਨੂੰ ਲੋਕ ਸਭਾ 'ਚ ਪੇਸ਼ ਕੀਤਾ। ਇਸ ਬਿੱਲ ਵਿਚ ਦਿੱਲੀ ਨਗਰ ਨਿਗਮ ਐਕਟ, 1957 ਵਿਚ ਕਈ ਸੋਧਾਂ ਪ੍ਰਸਤਾਵਿਤ ਕੀਤੀਆਂ ਗਈਆਂ ਹਨ। ਸੰਸਦ 'ਚ ਪੇਸ਼ ਬਿੱਲ ਵਿਚ ਸੜਕ 'ਤੇ ਪਸ਼ੂਆਂ ਨੂੰ ਬੰਨ੍ਹਣ 'ਤੇ ਜੁਰਮਾਨਾ 100 ਰੁਪਏ ਤੋਂ ਵਧਾ ਕੇ 1,000 ਰੁਪਏ ਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਮਕਾਨ ਨੰਬਰ ਨੂੰ ਮਿਟਾਉਣ ਜਾਂ ਨਸ਼ਟ ਕਰਨ 'ਤੇ ਮੌਜੂਦਾ 50 ਰੁਪਏ ਦੇ ਜੁਰਮਾਨੇ ਨੂੰ ਵਧਾ ਕੇ ਇਕ ਹਜ਼ਾਰ ਰੁਪਏ ਕਰਨ ਦਾ ਪ੍ਰਸਤਾਵ ਹੈ। ਹੋਰ ਸੋਧਾਂ ਵਿਚ ਖ਼ਤਰਨਾਕ ਆਤਿਸ਼ਬਾਜ਼ੀ ਕਰਨ 'ਤੇ ਜੁਰਮਾਨਾ 50 ਰੁਪਏ ਤੋਂ ਵਧਾ ਕੇ 500 ਰੁਪਏ ਕਰਨ, ਨਗਰ ਨਿਗਮ ਦੇ ਅਧਿਕਾਰੀ ਨੂੰ ਕੰਪਲੈਕਸ 'ਚ ਦਾਖਲ ਹੋਣ ਤੋਂ ਰੋਕਣ 'ਤੇ ਜੁਰਮਾਨਾ ਵਧਾ ਕੇ 50 ਤੋਂ



500 ਰੁਪਏ ਕਰਨ ਦਾ ਪ੍ਰਸਤਾਵ ਹੈ। ਬਿੱਲ ਵਿਚ ਸਫਾਈ ਦੇ ਸੰਦਰਭ 'ਚ, ਕੂੜਾ ਇਕੱਠਾ ਕਰਨ ਦੀ ਵਿਵਸਥਾ ਨਾ ਕਰਨ 'ਤੇ ਮੌਜੂਦਾ ਜੁਰਮਾਨੇ ਦੀ ਰਾਸ਼ੀ 50 ਰੁਪਏ ਤੋਂ ਵਧਾ ਕੇ 500 ਰੁਪਏ ਕਰਨ, ਗੰਦਗੀ ਨੂੰ ਸੜਕ 'ਤੇ ਵਹਿਣ ਦੇਣ ਅਤੇ ਕੂੜਾ ਸੁੱਟਣ 'ਤੇ ਜੁਰਮਾਨਾ ਮੌਜੂਦਾ 50 ਰੁਪਏ ਤੋਂ ਵਧਾ ਕੇ 200 ਰੁਪਏ ਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ।

## ਜਾਅਲੀ ਡੋਪ ਟੈਸਟ ਅਤੇ ਸਰਟੀਫਿਕੇਟ ਬਣਾਉਣ ਵਾਲੇ ਗਿਰੋਹ ਦਾ ਪਰਦਾਫਾਸ਼, ਦੋ ਮੁਲਜ਼ਮ ਚੜ੍ਹੇ ਪੁਲਸ ਅੜਿੱਕੇ

ਦੋਰਾਹਾ 10 ਅਪ੍ਰੈਲ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਖੰਨਾ ਪੁਲਸ ਨੇ ਇਕ ਵੱਡੀ ਕਾਮਯਾਬੀ ਹਾਸਲ ਕਰਦਿਆਂ ਜਾਅਲੀ ਡੋਪ ਟੈਸਟ ਅਤੇ ਸਰਟੀਫਿਕੇਟ ਤਿਆਰ ਕਰਨ ਵਾਲੇ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਅਨੁਸਾਰ ਸਿਵਲ ਹਸਪਤਾਲ ਖੰਨਾ ਦੇ



ਐੱਸ.ਐੱਮ.ਓ. ਵੱਲੋਂ 27 ਮਾਰਚ 2026 ਨੂੰ ਸੂਚਨਾ ਦਿੱਤੀ ਗਈ ਸੀ ਕਿ ਕੁਝ ਵਿਅਕਤੀ ਮਿਲ ਕੇ ਜਾਅਲੀ ਡੋਪ ਟੈਸਟ ਅਤੇ ਸਰਟੀਫਿਕੇਟ ਬਣਾਉਣ ਦਾ ਗੈਰ-ਕਾਨੂੰਨੀ ਧੰਦਾ ਕਰ ਰਹੇ ਹਨ, ਜਿਸ ਦੇ ਆਧਾਰ 'ਤੇ ਥਾਣਾ ਸਿਟੀ-2 ਖੰਨਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ। ਪੁਲਸ ਨੇ ਪੜਤਾਲ ਦੌਰਾਨ ਕਾਰਵਾਈ ਕਰਦੇ ਹੋਏ 28 ਮਾਰਚ ਨੂੰ ਰਮੇਸ਼ ਕੁਮਾਰ ਉਰਫ ਟੋਨੀ ਵਾਸੀ ਲੁਧਿਆਣਾ ਅਤੇ 30 ਮਾਰਚ ਨੂੰ ਮੋਹਿਤ ਕੁਮਾਰ ਵਾਸੀ ਖੰਨਾ ਨੂੰ ਗ੍ਰਿਫਤਾਰ ਕਰ ਲਿਆ। ਮੁਲਜ਼ਮਾਂ ਦੇ ਕਬਜ਼ੇ ਵਿਚੋਂ ਵੱਡੀ ਮਾਤਰਾ ਵਿਚ ਜਾਅਲੀ ਦਸਤਾਵੇਜ਼ ਅਤੇ ਮੋਹਰਾਂ ਬਰਾਮਦ ਹੋਈਆਂ ਹਨ, ਜਿਨ੍ਹਾਂ ਵਿਚ ਸਿਵਲ ਹਸਪਤਾਲ ਦੇ ਐੱਸ.ਐੱਮ.ਓ., ਮੈਡੀਕਲ ਅਫ਼ਸਰਾਂ ਅਤੇ ਮਨੋਵਿਗਿਆਨੀਆਂ ਦੀਆਂ ਜਾਅਲੀ ਮੋਹਰਾਂ ਸਮੇਤ 8 ਓ.ਪੀ.ਡੀ. ਸਲਿੱਪਾਂ, 27 ਆਧਾਰ ਕਾਰਡ, ਪੈਨ ਕਾਰਡ ਅਤੇ ਡਰਾਈਵਿੰਗ ਲਾਇਸੈਂਸ ਸ਼ਾਮਲ ਹਨ। ਇਸ ਤੋਂ ਇਲਾਵਾ ਮੋਹਰਾਂ ਬਣਾਉਣ ਲਈ ਵਰਤਿਆ ਜਾਣ ਵਾਲਾ ਸਟੈਂਪ ਪੈਡ ਅਤੇ ਹੋਰ ਸਮਾਨ ਵੀ ਬਰਾਮਦ ਕੀਤਾ ਗਿਆ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਫੜੇ ਗਏ ਦੋਸ਼ੀਆਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਸ ਮਾਮਲੇ ਵਿਚ ਆਉਣ ਵਾਲੇ ਦਿਨਾਂ ਦੌਰਾਨ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਪੂਰੀ ਉਮੀਦ ਹੈ।

## ਗੋਰਾਇਆ 'ਚ ਵਾਪਰਿਆ ਸੜਕ ਹਾਦਸਾ, ਕਾਰ ਤੇ ਟਰੱਕ ਦੀ ਜ਼ਬਰਦਸਤ ਟੱਕਰ

ਗੋਰਾਇਆ 10 ਅਪ੍ਰੈਲ। ਗੋਰਾਇਆ-ਡੱਲੇਵਾਲ ਪਿੰਡ ਦੇ ਚੌਰਾਹੇ 'ਚ ਇਕ ਤੇਜ਼ ਰਫ਼ਤਾਰ ਟਰੱਕ ਇਕ ਗੱਡੀ ਨੂੰ ਘੜੀਸਦਾ ਹੋਇਆ ਖੇਤਾਂ ਵਿੱਚ ਲੈ ਗਿਆ। ਇਸ ਹਾਦਸੇ ਨਾਲ ਗੱਡੀ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਅਤੇ ਗੱਡੀ ਸਵਾਰ ਨੌਜਵਾਨ ਦੇ ਸੱਟਾਂ ਆਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਸੁਰਿੰਦਰ ਮੋਹਨ ਨੇ ਦੱਸਿਆ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਗੋਰਾਇਆ-ਡੱਲੇਵਾਲ ਚੌਰਾਹੇ 'ਤੇ ਹਾਦਸਾ ਵਾਪਰਿਆ ਹੈ। ਮੌਕੇ ਉਤੇ ਆ ਕੇ ਵੇਖਿਆ ਤਾਂ ਇਕ ਚਿੱਟੇ ਰੰਗ ਦੀ ਟੈਕਸੀ ਕਾਰ ਨੂੰ ਟਰੱਕ ਨੇ ਟੱਕਰ ਮਾਰੀ। ਕਾਰ ਜੋ ਬਿਜਲੀ ਦੇ ਖੰਭਿਆਂ ਨਾਲ ਟਕਰਾਂਦੇ ਹੋਏ ਖੇਤਾਂ ਵਿੱਚ ਪਲਟ ਗਈ। ਇਸ ਹਾਦਸੇ ਵਿਚ ਨੌਜਵਾਨ ਜਗਦੀਸ਼ ਕੈਲੇ ਪੁੱਤਰ ਹੁਸਨ ਲਾਲ ਵਾਸੀ ਜਜਾ ਕਲਾਂ ਸਵਾਰ ਸੀ, ਜਿਸ ਨੇ ਦੱਸਿਆ ਗੋਰਾਇਆ ਸਾਈਡ ਤੋਂ ਇਕ ਸੀਮੇਂਟ ਦਾ ਤੇਜ ਰਫ਼ਤਾਰ ਟਰੱਕ ਆ ਰਿਹਾ ਸੀ, ਜਿਸ ਨੇ ਡੱਲੇਵਾਲ ਪਿੰਡ ਨੂੰ ਜਾਣਾ ਸੀ। ਉਹ ਹੌਲੀ ਸਪੀਡ 'ਤੇ ਸੀ ਪਰ ਟਰੱਕ ਡਰਾਈਵਰ ਨੇ ਟਰੱਕ ਰੋਕਣ ਦੀ ਬਜਾਏ ਸਿੱਧਾ ਗੱਡੀ 'ਚ ਟਰੱਕ ਮਾਰਿਆ ਅਤੇ ਗੱਡੀ ਨੂੰ ਘੜੀਸਦਾ ਹੋਇਆ ਲੈ ਗਿਆ। ਗੱਡੀ ਬਿਜਲੀ ਦੇ ਖੰਭਿਆਂ ਵਿੱਚ ਵੱਜ ਕੇ ਖੇਤਾਂ 'ਚ ਪਲਟ ਗਈ। ਗੱਡੀ ਦਾ ਬੁਰੀ ਤਰੀਕੇ ਨਾਲ ਨੁਕਸਾਨ ਹੋ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਗੋਰਾਇਆ ਦੇ ਪ੍ਰਧਾਨ ਕੁਲਵਿੰਦਰ ਸੰਧੂ ਨੇ ਕਿਹਾ ਕਿ ਇਸ ਚੌਰਾਹੇ 'ਚ ਅਕਸਰ ਹੀ ਹਾਦਸੇ ਵਾਪਰਦੇ ਹਨ ਸਰਕਾਰ ਅਤੇ ਪ੍ਰਸ਼ਾਸਨ ਇੱਥੇ ਸਪੀਡ ਬਰੇਕਰ ਬਣਾਵੇ ਤਾਂ ਜੋ ਗੱਡੀਆਂ ਦੀ ਮੋਟਰਸਾਈਕਲਾਂ ਦੀ ਰਫਤਾਰ ਹੌਲੀ ਹੋਵੇ। ਏ. ਐੱਸ. ਆਈ. ਸੁਰਿੰਦਰ ਮੋਹਨ ਨੇ ਕਿਹਾ ਕਿ ਟਰੱਕ ਤੇ ਗੱਡੀ ਨੂੰ ਕਬਜ਼ੇ ਵਿੱਚ ਲੈ ਲਿਆ ਹੈ. ਜਿਸ ਤੋਂ ਬਾਅਦ ਦੋਨਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

# ਮਾਂ ਨੇ ਪੁੱਤ ਦੇ ਡੇਢ ਲੱਖ ਰੁਪਏ ਕਬਾੜੀ ਨੂੰ ਵੇਚੇ, ਫਿਰ ਜੋ ਹੋਇਆ, ਹਰ ਕੋਈ ਰਹਿ ਗਿਆ ਹੈਰਾਨ

**ਕੌਮੀ ਪਤ੍ਰਿਕਾ**

ਜਲਾਲਾਬਾਦ 10 ਅਪ੍ਰੈਲ। ਜਲਾਲਾਬਾਦ 'ਚ ਇਕ ਨੌਜਵਾਨ ਦੀ ਮਾਂ ਨੇ ਉਸ ਦੇ ਡੇਢ ਲੱਖ ਰੁਪਏ ਕਬਾੜ ਸਮਝ ਕੇ ਕਬਾੜੀ ਨੂੰ ਵੇਚ ਦਿੱਤੇ। ਇਹ ਰਕਮ ਨੌਜਵਾਨ ਨੇ ਡੇਢ ਸਾਲ ਦੀ ਮਿਹਨਤ ਨਾਲ ਜਮ?ਹਾਂ ਕੀਤੀ ਸੀ। ਹਾਲਾਂਕਿ ਤਿੰਨ ਵੱਖ-ਵੱਖ ਹੱਥਾਂ 'ਚੋਂ ਲੰਘਣ ਤੋਂ ਬਾਅਦ ਇਹ ਪੈਸੇ ਨੌਜਵਾਨ ਨੂੰ ਸਹੀ-ਸਲਾਮਤ ਵਾਪਸ ਮਿਲ ਗਏ। ਇਹ ਘਟਨਾ ਜਲਾਲਾਬਾਦ ਦੇ ਪਿੰਡ ਫਲੀਆਂਵਾਲਾ ਤੋਂ ਸਾਹਮਣੇ ਆਈ ਹੈ। ਪਿੰਡ ਕਮਰੇਵਾਲਾ ਦਾ ਰਹਿਣ ਵਾਲਾ ਨੌਜਵਾਨ ਸੋਨੂੰ ਇੱਕ ਸ਼ੈਲਰ 'ਚ ਕੰਮ ਕਰਦਾ ਹੈ। ਉਸ ਨੇ ਚੋਰੀ ਦੇ ਡਰੋਂ ਆਪਣੀ ਡੇਢ ਸਾਲ ਦੀ ਕਮਾਈ ਕੁੱਲ ਡੇਢ ਲੱਖ ਰੁਪਏ, ਸੁੱਕੀਆਂ ਰੋਟੀਆਂ ਦੇ ਇੱਕ ਥੈਲੇ 'ਚ ਲੁਕੋ ਕੇ ਰੱਖੇ ਹੋਏ ਸਨ। ਜਦੋਂ ਨੌਜਵਾਨ ਕੰਮ 'ਤੇ ਗਿਆ ਹੋਇਆ ਸੀ ਤਾਂ ਉਸ ਦੀ ਮਾਂ ਨੇ ਇੱਕ ਫੇਰੀਵਾਲੇ ਰਾਜਕੁਮਾਰ ਨੂੰ ਕਬਾੜ ਦੇ ਨਾਲ ਉਹ ਥੈਲਾ ਵੀ ਵੇਚ ਦਿੱਤਾ, ਜਿਸ 'ਚ ਡੇਢ ਲੱਖ ਰੁਪਏ ਰੱਖੇ ਸਨ। ਫੇਰੀਵਾਲੇ ਨੇ ਅੱਗੇ ਇਹ ਸਾਮਾਨ ਤੀਰਥ ਨਾਮਕ ਵੱਡੇ ਕਬਾੜੀ ਨੂੰ ਵੇਚਿਆ, ਜਿਸ ਨੇ ਫਿਰ ਸੁੱਕੀਆਂ ਰੋਟੀਆਂ ਵਾਲਾ ਥੈਲਾ ਦੁੱਧ ਡੇਅਰੀ ਵਾਲੇ ਪੱਪੂ



ਬੈਟਰੀ ਵਾਲੇ ਨੂੰ ਵੇਚ ਦਿੱਤਾ। ਜਦੋਂ ਨੌਜਵਾਨ ਘਰ ਪਰਤਿਆ ਅਤੇ ਉਸ ਨੇ ਆਪਣੀ ਮਾਂ ਤੋਂ ਸੁੱਕੀਆਂ ਰੋਟੀਆਂ ਦੇ ਥੈਲੇ ਬਾਰੇ ਪੁੱਛਿਆ ਤਾਂ ਮਾਂ ਨੇ ਦੱਸਿਆ ਕਿ ਉਨ੍ਹਾਂ ਨੇ ਉਹ ਫੇਰੀਵਾਲੇ ਨੂੰ ਵੇਚ ਦਿੱਤਾ ਹੈ। ਇਹ ਸੁਣ ਕੇ ਸੋਨੂੰ ਹੈਰਾਨ ਰਹਿ ਗਿਆ ਅਤੇ ਉਸ ਨੇ ਤੁਰੰਤ ਕਬਾੜੀ ਦੀ ਭਾਲ ਸ਼ੁਰੂ ਕਰ ਦਿੱਤੀ। ਨੌਜਵਾਨ ਦੀ ਭਾਲ ਤੋਂ ਬਾਅਦ ਉਹ ਕਬਾੜੀ ਤੱਕ ਪਹੁੰਚਿਆ ਅਤੇ ਆਪਣੀ ਪੂਰੀ ਗੱਲ ਦੱਸੀ। ਕਬਾੜੀ ਨੇ ਪੱਪੂ ਬੈਟਰੀ ਵਾਲੇ ਤੋਂ ਸੁੱਕੀਆਂ ਰੋਟੀਆਂ ਵਾਲਾ ਥੈਲਾ ਵਾਪਸ ਲਿਆ ਕੇ ਈਮਾਨਦਾਰੀ ਦਿਖਾਉਂਦੇ ਹੋਏ ਡੇਢ ਲੱਖ ਰੁਪਏ ਨੌਜਵਾਨ ਨੂੰ ਵਾਪਸ ਕਰ ਦਿੱਤੇ। ਵੱਡੀ ਗੱਲ ਇਹ ਰਹੀ ਕਿ ਤਿੰਨ ਥਾਵਾਂ 'ਤੇ ਜਾਣ ਦੇ ਬਾਵਜੂਦ ਨਕਦੀ ਵਾਲੇ ਥੈਲੇ ਨੂੰ ਕਿਸੇ ਨੇ ਵੀ ਖੋਲ੍ਹ ਕੇ ਨਹੀਂ ਦੇਖਿਆ। ਪਿੰਡ ਮੋਹਕਮ ਅਰਾਈਆਂ ਦੇ ਸਰਪੰਚ ਪਰਮਿੰਦਰ ਸਿੰਘ ਨੇ ਇਸ ਅਨੋਖੇ ਮਾਮਲੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਬਾਅਦ ਨੌਜਵਾਨ ਭਾਵੁਕ ਹੋ ਗਿਆ ਅਤੇ ਕਹਿਣ ਲੱਗਾ ਕਿ ਮੈਂ ਇੱਟਾਂ ਚੁੱਕ-ਚੁੱਕ ਕੇ ਇਹ ਪੈਸੇ ਜੋੜੇ ਸਨ, ਇਹ ਮੇਰੀ ਮਿਹਨਤ ਦੀ ਕਮਾਈ ਹੈ ਜੋ ਵਾਪਸ ਮਿਲ ਗਈ ਹੈ।

## ਮੋਹਾਲੀ 'ਚ ਨੌਜਵਾਨ ਨੂੰ ਖੰਭੇ ਨਾਲ ਬੰਨ੍ਹ ਕੇ ਕੁੱਟਿਆ, ਮੌਕੇ 'ਤੇ ਪੁੱਜ ਗਈ ਪਤਨੀ ਤੇ ਫਿਰ...

ਮੋਹਾਲੀ 10 ਅਪ੍ਰੈਲ। ਮੋਹਾਲੀ ਦੇ ਪਿੰਡ ਝਾਮਪੁਰ 'ਚ ਵੱਡੀ ਘਟਨਾ ਸਾਹਮਣੇ ਆਈ ਹੈ। ਇੱਥੇ ਇਕ ਨੌਜਵਾਨ ਨੂੰ ਖੰਭੇ ਨਾਲ ਬੰਨ੍ਹ ਕੇ ਬੇਰਹਿਮੀ ਨਾਲ ਉਸ ਦੀ ਕੁੱਟਮਾਰ ਕੀਤੀ ਗਈ। ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਸਥਾਨਕ ਦੁਕਾਨਦਾਰਾਂ ਨੇ ਉਕਤ ਨੌਜਵਾਨ 'ਤੇ ਚੋਰੀ ਦਾ ਦੋਸ਼ ਲਾਇਆ ਹੈ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਪਹਿਲਾਂ ਵੀ 2 ਵਾਰ ਇਕ ਦੁਕਾਨ ਤੋਂ ਆਟੇ ਦੀਆਂ ਥੈਲੀਆਂ ਚੋਰੀ ਕਰ ਚੁੱਕਾ ਸੀ। ਇਸ ਤੋਂ ਬਾਅਦ ਵੀ ਉਸ ਨੇ ਆਟੇ ਦੀਆਂ ਥੈਲੀਆਂ ਚੋਰੀ ਕੀਤੀਆਂ। ਇਸ ਘਟਨਾ ਦੌਰਾਨ ਲੋਕਾਂ ਨੇ ਉਸ ਨੂੰ ਫੜ੍ਹ ਲਿਆ ਅਤੇ ਖੰਭੇ ਨਾਲ ਬੰਨ੍ਹ ਦਿੱਤਾ। ਜਦੋਂ ਉਸ ਨੂੰ ਬੰਨ੍ਹ ਕੇ ਕੁੱਟਿਆ ਜਾ ਰਿਹਾ ਸੀ ਤਾਂ ਉਸ ਦੀ ਪਤਨੀ ਅਤੇ ਬੱਚੇ ਉੱਥੇ ਪਹੁੰਚ ਗਏ ਅਤੇ ਪਤਨੀ ਨੇ ਆਪਣੇ ਪਤੀ ਲਈ ਲੋਕਾਂ ਕੋਲੋਂ ਮੁਆਫ਼ੀ ਮੰਗੀ। ਉਸ ਨੇ ਦੱਸਿਆ ਕਿ ਉਸ ਦਾ ਪਤੀ ਨਸ਼ੇ ਕਰਨ ਦਾ ਆਦੀ ਹੈ ਪਰ ਉਸ ਨੇ ਜਿਹੜੀ ਆਟੇ ਦੀ ਚੋਰੀ ਕੀਤੀ ਹੈ, ਉਹ ਇਸ ਲਈ ਕੀਤੀ ਕਿਉਂਕਿ ਘਰ 'ਚ ਆਟਾ ਖ਼ਤਮ ਹੋ ਗਿਆ ਸੀ ਅਤੇ ਬੱਚੇ ਭੁੱਖੇ ਸਨ। ਇਸ ਤੋਂ ਬਾਅਦ ਲੋਕਾਂ ਨੇ ਚਿਤਾਵਨੀ ਦੇ ਕੇ ਨੌਜਵਾਨ ਨੂੰ ਛੱਡ ਦਿੱਤਾ ਅਤੇ ਕਿਹਾ ਕਿ ਜੇਕਰ ਦੁਬਾਰਾ ਉਸ ਨੇ ਅਜਿਹੀ ਹਰਕਤ ਕੀਤੀ ਤਾਂ ਉਸ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਜਾਵੇਗਾ।

# ਕੂੜਾ ਵੱਖ ਨਾ ਕਰਨ 'ਤੇ ਨਿਗਮ ਕੱਟੇਗਾ ਚਲਾਨ, 4 ਡਸਟਬਿਨ ਸਿਸਟਮ ਕੀਤਾ ਲਾਜ਼ਮੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ 10 ਅਪ੍ਰੈਲ। ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੂੰ ਮਜ਼ਬੂਤ ਕਰਨ ਲਈ ਨਗਰ ਨਿਗਮ ਨੇ ਸਖ਼ਤ ਕਦਮ ਚੁੱਕਦਿਆਂ ਸ਼ਹਿਰ ਦੇ ਸਾਰੇ ਘਰਾਂ ਤੇ ਵਪਾਰਕ ਅਦਾਰਿਆਂ ਲਈ 4-ਬਿਨ (ਚਾਰ ਡਸਟਬਿਨ) ਕੂੜਾ ਵੱਖ ਕਰਨ ਦਾ ਸਿਸਟਮ ਲਾਜ਼ਮੀ ਕਰ ਦਿੱਤਾ ਹੈ। ਇਸ ਨਿਯਮ ਦੀ ਉਲੰਘਣਾ ਕਰਨ ਜਾਂ ਕੂੜਾ ਮਿਕਸ ਕਰਨ ਵਾਲਿਆਂ ਖ਼?ਲਾਫ਼ ਨਿਗਮ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਚਲਾਨ ਕੱਟੇ ਜਾਣਗੇ। ਇਹ ਅਹਿਮ ਫ਼ੈਸਲਾ ਨਿਗਮ ਕਮਿਸ਼ਨਰ ਅਮਿਤ ਕੁਮਾਰ (ਆਈ. ਏ. ਐੱਸ.) ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਲਿਆ ਗਿਆ। ਇਸ ਮੌਕੇ ਵਿਸ਼ੇਸ਼ ਕਮਿਸ਼ਨਰ ਪ੍ਰਦੀਪ ਕੁਮਾਰ, ਸੰਯੁਕਤ ਕਮਿਸ਼ਨਰ ਹਿਮਾਂਸ਼ੂ ਗੁਪਤਾ ਸਮੇਤ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਮੀਟਿੰਗ ਦੌਰਾਨ ਸ਼ਹਿਰ 'ਚ ਕੂੜਾ ਪ੍ਰਬੰਧਨ ਦੀ ਸਥਿਤੀ ਨੂੰ ਸੁਧਾਰਨ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਨਵੇਂ ਨਿਯਮਾਂ ਤਹਿਤ ਹਰੇਕ ਨੂੰ ਸਰੋਤ 'ਤੇ ਹੀ ਕੂੜਾ ਚਾਰ ਵੱਖ-ਵੱਖ ਡਸਟਬਿਨਾਂ 'ਚ ਪਾਉਣਾ ਹੋਵੇਗਾ। ਇਸ ਸਿਸਟਮ ਅਨੁਸਾਰ ਹਰੇ ਰੰਗ ਦੇ ਡਸਟਬਿਨ 'ਚ ਰਸੋਈ ਦਾ ਗਿੱਲਾ ਕੂੜਾ ਤੇ ਨੀਲੇ



ਡਸਟਬਿਨ 'ਚ ਕਾਗਜ਼, ਪਲਾਸਟਿਕ ਤੇ ਧਾਤ ਵਰਗਾ ਸੁੱਕਾ ਕੂੜਾ ਪਾਉਣਾ ਲਾਜ਼ਮੀ ਹੈ। ਇਸੇ ਤਰ੍ਹਾਂ ਕਾਲੇ ਡਸਟਬਿਨ 'ਚ ਘਰੇਲੂ ਖ਼ਤਰਨਾਕ ਰਹਿੰਦ-ਖੂੰਹਦ, ਜਦਕਿ ਲਾਲ ਡਸਟਬਿਨ 'ਚ ਬਾਇਓ-ਮੈਡੀਕਲ ਤੇ ਸੈਨੇਟਰੀ ਕੂੜਾ ਜਿਵੇਂ ਕਿ ਵਰਤੇ ਹੋਏ ਮਾਸਕ, ਦਸਤਾਨੇ, ਪੱਟੀਆਂ ਤੇ ਮਿਆਦ ਪੁੱਗ ਚੁੱਕੀਆਂ ਦਵਾਈਆਂ ਪਾਈਆਂ ਜਾਣਗੀਆਂ। ਨਿਗਮ ਵੱਲੋਂ ਜਲਦੀ ਹੀ ਸ਼ਹਿਰ ਦੇ ਸਾਰੇ ਸੈਕਟਰਾਂ 'ਚ ਵਿਆਪਕ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਜੇਕਰ ਕੋਈ ਵੀ ਘਰ, ਦੁਕਾਨਦਾਰ ਜਾਂ ਵਪਾਰਕ ਅਦਾਰਾ ਕੂੜਾ ਮਿਕਸ ਕਰਦਾ ਮਿਲਿਆ ਜਾਂ ਤੈਅ ਸਿਸਟਮ ਦੀ ਪਾਲਣਾ ਨਾ ਕੀਤੀ ਤਾਂ ਮਿਊਂਸੀਪਲ ਨਿਯਮਾਂ ਤਹਿਤ ਮੌਕੇ 'ਤੇ ਹੀ ਜੁਰਮਾਨਾ ਲਾਇਆ ਜਾਵੇਗਾ। ਨਿਗਮ ਅਧਿਕਾਰੀਆਂ ਨੇ ਦੱਸਿਆ ਕਿ ਇਸ ਪਹਿਲ ਕਦਮੀ ਦਾ ਮੁੱਖ ਮਕਸਦ ਕੂੜਾ ਇਕੱਠਾ ਕਰਨ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣਾ, ਰੀਸਾਈਕਲਿੰਗ ਸਮਰੱਥਾ ਨੂੰ ਵਧਾਉਣਾ ਤੇ ਡੰਪਿੰਗ ਗਰਾਊਂਡ 'ਤੇ ਪੈ ਰਹੇ ਬੋਝ ਨੂੰ ਘਟਾਉਣਾ ਹੈ। ਨਿਗਮ ਨੇ ਲੋਕਾਂ ਦੀ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

## ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਪੰਜਾਬ-ਹਰਿਆਣਾ ਹਾਈਕੋਰਟ ਦਾ ਵੱਡਾ ਫ਼ੈਸਲਾ

ਚੰਡੀਗੜ੍ਹ 10 ਅਪ੍ਰੈਲ। ਕੋਟਕਪੂਰਾ ਗੋਲੀਕਾਂਡ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮਾਮਲੇ ਨੂੰ ਲੈ ਕੇ ਵੱਡਾ ਹੁਕਮ ਜਾਰੀ ਕੀਤਾ ਹੈ। ਹਾਈਕੋਰਟ ਨੇ ਕੋਟਕਪੂਰਾ ਗੋਲੀਕਾਂਡ ਦਾ ਮੁਕੱਦਮਾ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ 'ਚ ਤਬਦੀਲ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਦੋਸ਼ੀ ਸਾਬਕਾ ਪੁਲਸ ਅਧਿਕਾਰੀ ਚਰਨਜੀਤ ਸ਼ਰਮਾ ਅਤੇ ਪਰਮਰਾਜ ਉਮਰਾਨੰਗਲ ਵਲੋਂ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ 'ਚ ਮੰਗ ਕੀਤੀ ਗਈ ਸੀ ਕਿ ਇਸ ਕੇਸ ਨੂੰ ਪੰਜਾਬ ਤੋਂ ਬਾਹਰ ਕਿਸੇ ਨਿਰਪੱਖ ਅਦਾਲਤ 'ਚ ਟਰਾਂਸਫਰ ਕੀਤਾ ਜਾਵੇ। ਸਾਲ 2015 'ਚ ਬਹਿਬਲ ਕਲਾਂ ਅਤੇ ਕੋਟਕਪੂਰਾ 'ਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਸੰਗਤਾਂ 'ਤੇ ਪੁਲਸ ਵੱਲੋਂ ਗੋਲੀਬਾਰੀ ਕੀਤੀ ਗਈ ਸੀ। ਇਸ ਘਟਨਾ 'ਚ ਕਈ ਲੋਕ ਜ਼ਖਮੀ ਹੋਏ ਸਨ ਅਤੇ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਐੱਸ. ਆਈ. ਟੀ. ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਕਈ ਉੱਚ ਪੁਲਸ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਸੀ। ਹਾਈਕੋਰਟ ਦਾ ਕਹਿਣਾ ਹੈ ਕਿ ਕੇਸ ਚੰਡੀਗੜ੍ਹ ਸ਼ਿਫਟ ਹੋਣ ਨਾਲ ਹੁਣ ਟ?ਰਾਇਲ 'ਚ ਤੇਜ਼ੀ ਆਉਣ ਅਤੇ ਨਿਰਪੱਖ ਸੁਣਵਾਈ ਦੀ ਉਮੀਦ ਹੈ। ਇਸ ਫ਼ੈਸਲੇ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਇੱਕ ਵਾਰ ਫਿਰ ਗਰਮਾਹਟ ਵੱਧਣ ਦੀ ਸੰਭਾਵਨਾ ਹੈ ਕਿਉਂਕਿ ਇਹ ਮਾਮਲਾ ਲੰਬੇ ਸਮੇਂ ਤੋਂ ਭਾਵੁਕ ਅਤੇ ਸਿਆਸੀ ਮੁੱਦਾ ਰਿਹਾ ਹੈ। ਹੁਣ ਫਰੀਦਕੋਟ ਅਦਾਲਤ ਤੋਂ ਸਾਰਾ ਰਿਕਾਰਡ ਚੰਡੀਗੜ੍ਹ ਦੀ ਸੈਸ਼ਨ ਅਦਾਲਤ 'ਚ ਭੇਜਿਆ ਜਾਵੇਗਾ

## ਜੋਧਾਂ ਪੁਲਸ ਦੀ ਵੱਡੀ ਕਾਰਵਾਈ: ਖੇਤਾਂ 'ਚੋਂ ਮੋਟਰਾਂ ਚੋਰੀ ਕਰਨ ਵਾਲੇ 3 ਚੋਰ ਕਾਬੂ

ਮੁੱਲਾਂਪੁਰ ਦਾਖਾ 10 ਅਪ੍ਰੈਲ। ਥਾਣਾ ਜੋਧਾਂ ਦੀ ਪੁਲਸ ਨੇ ਖੇਤਾਂ 'ਚ ਲੱਗੀਆਂ ਮੋਟਰਾਂ 'ਤੇ ਚੋਰੀਆਂ ਕਰਨ ਵਾਲੇ 3 ਚੋਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਇਕ ਅਲਟੋ ਕਾਰ, ਪੁਰਾਣੀ ਮੋਟਰ, ਦੋ ਸਟਾਰਟਰ, ਦੋ ਗਰਿੱਪ, 12 ਫੁੱਟ ਕੇਬਲ ਤਾਰ ਅਤੇ 12 ਕਿਲੋ ਤਾਰਾਂ ਦੇ ਟੋਟੇ ਬਰਾਮਦ ਕੀਤੇ ਹਨ। ਡੀ. ਐੱਸ. ਪੀ. ਵਰਿੰਦਰ ਸਿੰਘ ਖੋਸਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਥਾਣਾ ਜੋਧਾਂ ਦੇ ਐੱਸ. ਐੱਚ. ਓ. ਸਾਹਿਬਮੀਤ ਸਿੰਘ ਦੀ ਅਗਵਾਈ 'ਚ ਏ. ਐੱਸ. ਆਈ. ਜੌਨ ਮਸੀਹ ਗਸ਼ਤ ਕਰ ਰਿਹਾ ਸੀ ਤਾਂ ਉਸ ਨੂੰ ਗੁਪਤ ਸੂਚਨਾ ਮਿਲੀ ਕਿ ਗਗਨਦੀਪ ਸਿੰਘ ਉਰਫ ਗੱਗੂ ਪੁੱਤਰ ਰਮੇਸ਼ ਕੁਮਾਰ, ਜਤਿੰਦਰ ਸਿੰਘ ਉਰਫ ਜਿੰਦੂ ਪੁੱਤਰ ਮਲਕੀਤ ਸਿੰਘ ਵਾਸੀਆਨ ਪਿੰਡ ਲੋਹਗੜ੍ਹ ਅਤੇ ਸਰਬਜੀਤ ਸਿੰਘ ਉਰਫ ਵਿੱਕੀ ਵਾਸੀ ਮਹਿਮਾਸਿੰਘ ਵਾਲਾ ਜੋ ਕਿ ਚੋਰੀਆਂ ਕਰਨ ਦੇ ਆਦੀ ਹਨ, ਅੱਜ ਵੀ ਇਕ ਆਲਟੋ ਕਾਰ 'ਚ ਸਵਾਰ ਹੋ ਕੇ ਚੋਰੀ ਦਾ ਸਾਮਾਨ ਲੈ ਕੇ ਨਾਰੰਗਵਾਲ ਸਾਈਡ ਤੋਂ ਜੋਧਾਂ ਵੱਲ ਵੇਚਣ ਆ ਰਹੇ ਹਨ। ਜੇਕਰ ਨਾਕਾਬੰਦੀ ਕੀਤੀ ਜਾਵੇ ਤਾਂ ਉਹ ਕਾਬੂ ਆ ਸਕਦੇ ਹਨ। ਸੂਚਨਾ ਦੇ ਆਧਾਰ 'ਤੇ ਵਿਸ਼ੇਸ਼ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਇੱਕ ਪੁਰਾਣੀ ਮੋਟਰ, ਦੋ ਸਟਾਰਟਰ, ਦੋ ਬਿਜਲੀ ਗਰਿੱਪ, 12 ਫੁੱਟ ਕੇਬਲ ਦੀ ਤਾਰ, 12 ਕਿਲੋ ਤਾਰਾਂ ਦੇ ਟੋਟੇ ਅਤੇ ਇਕ ਆਲਟੋ ਕਾਰ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਖਿਲਾਫ ਥਾਣਾ ਜੋਧਾਂ ਵਿਖੇ ਕੇਸ ਦਰਜ ਕੀਤਾ ਗਿਆ ਹੈ। ਡੀ. ਐੱਸ. ਪੀ. ਖੋਸਾ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮਾਂ 'ਚੋਂ ਗਗਨਦੀਪ ਸਿੰਘ 'ਤੇ ਪਹਿਲਾਂ ਵੀ ਥਾਣਾ ਜੋਧਾਂ ਵਿਖੇ ਚੋਰੀ ਦੇ ਦੋ ਮੁਕੱਦਮੇ ਦਰਜ ਹਨ।

## ਜ਼ਮਾਨਤ 'ਤੇ ਬਾਹਰ ਆ ਕੇ ਫਿਰ ਸ਼ੁਰੂ ਕੀਤੀ ਸਮੱਗਲਿੰਗ

ਲੁਧਿਆਣਾ 10 ਅਪ੍ਰੈਲ। ਪੁਲਸ ਕਮਿਸ਼ਨਰ ਆਈ. ਪੀ. ਐੱਸ. ਸਵਪਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਨਸ਼ਾ ਸਮੱਗਲਰਾਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਉਂਦਿਆਂ 2 ਮੁਲਜ਼ਮਾਂ ਨੂੰ 90 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਹੈ। ਸਬ-ਇੰਸਪੈਕਟਰ ਕਸ਼ਮੀਰ ਸਿੰਘ ਅਤੇ ਥਾਣੇਦਾਰ ਰਾਜੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਟੀਮ ਨੇ ਮੈਟਰੋ ਮਾਲ ਨੇੜੇ ਗਸ਼ਤ ਦੌਰਾਨ ਸ਼ੱਕ ਦੇ ਆਧਾਰ 'ਤੇ ਰਣਧੀਰ ਕੁਮਾਰ (ਵਾਸੀ ਗੰਨਾ ਪਿੰਡ, ਫਿਲੌਰ) ਅਤੇ ਵਿਕਰਮ ਸੰਧੂ (ਵਾਸੀ ਬਾਜ਼ੀਗਰ ਬਸਤੀ, ਖੰਨਾ) ਨੂੰ ਕਾਬੂ ਕੀਤਾ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਪਿਛਲੇ ਲੰਮੇ ਸਮੇਂ ਤੋਂ ਨਸ਼ਾ ਸਮੱਗਲਿੰਗ 'ਚ ਸਰਗਰਮ ਹਨ। ਮੁਲਜ਼ਮ ਰਣਧੀਰ ਕੁਮਾਰ 'ਤੇ ਪਹਿਲਾਂ ਹੀ ਵੱਖ-ਵੱਖ ਥਾਣਿਆਂ 'ਚ ਨਸ਼ਾ ਸਮੱਗਲਿੰਗ ਅਤੇ ਲੜਾਈ-ਝਗੜੇ ਦੇ 22 ਮਾਮਲੇ ਦਰਜ ਹਨ ਅਤੇ ਉਹ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ। ਦੂਜੇ ਮੁਲਜ਼ਮ ਵਿਕਰਮ ਸੰਧੂ 'ਤੇ ਵੀ ਨਸ਼ਾ ਸਮੱਗਲਿੰਗ ਦੇ 2 ਪੁਰਾਣੇ ਮਾਮਲੇ ਦਰਜ ਹਨ। ਪੁਲਸ ਨੇ ਦੋਵਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਅੱਜ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਲਿਆ ਜਾਵੇਗਾ ਤਾਂ ਜੋ ਅਗਲੀ ਪੁੱਛਗਿੱਛ ਰਾਹੀਂ ਹੋਰ ਖੁਲਾਸੇ ਕੀਤੇ ਜਾ ਸਕਣ।

## ਬਰਨਾਲਾ ਪੁਲਸ ਵੱਲੋਂ ਮੋਟਰਸਾਈਕਲ ਚੋਰ ਗਿਰੋਹ ਦੇ 3 ਮੈਂਬਰ ਗ੍ਰਿਫਤਾਰ

ਬਰਨਾਲਾ 10 ਅਪ੍ਰੈਲ। ਜ਼ਿਲ੍ਹਾ ਬਰਨਾਲਾ ਪੁਲਸ ਨੇ ਸਮਾਜ ਵਿਰੋਧੀ ਅਨਸਰਾਂ ਖ਼?ਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਇਕ ਵੱਡੀ ਸਫਲਤਾ ਹਾਸਲ ਕਰਦਿਆਂ ਅੰਤਰ-ਜ਼ਿਲ੍ਹਾ ਮੋਟਰਸਾਈਕਲ ਚੋਰ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਸੀਆਈਏ (391) ਸਟਾਫ਼ ਬਰਨਾਲਾ ਦੀ ਟੀਮ ਨੇ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ



ਵੱਖ-ਵੱਖ ਕੰਪਨੀਆਂ ਦੇ 6 ਚੋਰੀ ਕੀਤੇ ਮੋਟਰਸਾਈਕਲ ਬਰਾਮਦ ਕੀਤੇ ਹਨ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਵਿਸ਼ਾਲ ਕੁਮਾਰ, ਲਵਦੀਪ ਸਿੰਘ ਅਤੇ ਸੁਖਦੀਪ ਕੁਮਾਰ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਰਾਜਿੰਦਰਪਾਲ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਲਵਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਆਈ.ਟੀ.ਆਈ. ਚੌਂਕ ਅਤੇ ਗਰਚਾ ਰੋਡ ਨੇੜੇ ਕਾਰਵਾਈ ਕਰਦਿਆਂ ਇਨ੍ਹਾਂ ਮੁਲਜ਼ਮਾਂ ਨੂੰ ਕਾਬੂ ਕੀਤਾ। ਤਲਾਸ਼ੀ ਦੌਰਾਨ ਪਹਿਲਾਂ ਤਿੰਨ ਮੋਟਰਸਾਈਕਲ ਬਰਾਮਦ ਹੋਏ ਅਤੇ ਬਾਅਦ ਵਿਚ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਤਿੰਨ ਹੋਰ ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਕੀਤੇ ਗਏ। ਪੁਲਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਗਿਰੋਹ ਬੱਸਾਂ ਰਾਹੀਂ ਬਠਿੰਡਾ, ਸੰਗਰੂਰ, ਪਟਿਆਲਾ ਅਤੇ ਲੁਧਿਆਣਾ ਵਰਗੇ ਸ਼ਹਿਰਾਂ ਵਿਚ ਜਾਂਦਾ ਸੀ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ ਜਾਂ ਬਿਨਾਂ ਨਿਗਰਾਨੀ ਵਾਲੀਆਂ ਪਾਰਕਿੰਗਾਂ ਵਿਚ ਖੜ੍ਹੇ ਮੋਟਰਸਾਈਕਲਾਂ ਨੂੰ ਨਿਸ਼ਾਨਾ ਬਣਾਉਂਦਾ ਸੀ। ਚੋਰੀ ਕੀਤੇ ਗਏ ਮੋਟਰਸਾਈਕਲ ਇਹ ਆਪਣੇ ਜਾਣ-ਪਛਾਣ ਵਾਲੇ ਲੋਕਾਂ ਨੂੰ ਸਸਤੇ ਭਾਅ 'ਤੇ ਵੇਚ ਦਿੰਦੇ ਸਨ। ਇਸ ਸਬੰਧੀ ਥਾਣਾ ਸਿਟੀ ਬਰਨਾਲਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ ਅਤੇ ਪੁਲਸ ਵੱਲੋਂ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਜਾਰੀ ਹੈ।

# ਚੋਰੀ ਦੀ ਐਕਟਿਵਾ ਲੈ ਕੇ ਘੁੰਮ ਰਹੇ ਨੌਜਵਾਨ ਨੂੰ ਪੁਲਸ ਨੇ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 10 ਅਪ੍ਰੈਲ। ਚੋਰੀ ਦੀ ਐਕਟਿਵਾ ਲੈ ਕੇ ਘੁੰਮ ਰਹੇ ਨੌਜਵਾਨ ਨੂੰ ਪੁਲਸ ਨੇ ਬੁੜੈਲ ਜੇਲ੍ਹ ਦੇ ਪਿੱਛੇ ਸੈਕਟਰ-50/51 ਡਿਵਾਈਡਿੰਗ ਰੋਡ 'ਤੇ ਨਾਕੇ 'ਤੇ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਦੀ ਪਛਾਣ ਮੋਹਾਲੀ ਦੇ ਰਹਿਣ ਵਾਲੇ ਲਕਸ਼ਮਣ ਮੁੰਡਾ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮ ਤੋਂ ਡੇਢ ਸਾਲ ਪਹਿਲਾਂ ਸੈਕਟਰ-40 ਤੋਂ ਚੋਰੀ ਕੀਤੀ ਗਈ ਐਕਟਿਵਾ ਬਰਾਮਦ ਕੀਤੀ ਹੈ। ਸੈਕਟਰ-49 ਥਾਣਾ ਪੁਲਸ ਨੇ ਐਕਟਿਵਾ ਜ਼ਬਤ ਕਰ ਮੁਲਜ਼ਮ ਲਕਸ਼ਮਣ ਮੁੰਡਾ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਮੁਲਜ਼ਮ ਨੂੰ ਬੁੱਧਵਾਰ ਨੂੰ ਜ਼ਿਲ੍ਹਾ ਅਦਾਲਤ 'ਚ ਪੇਸ਼ ਕਰੇਗੀ। ਸੈਕਟਰ-49 ਥਾਣਾ ਇੰਚਾਰਜ ਸ਼ੇਰ ਸਿੰਘ ਦੀ ਅਗਵਾਈ ਹੇਠ ਬੁੜੈਲ ਜੇਲ੍ਹ ਦੇ ਪਿੱਛੇ ਸੈਕਟਰ-50/51 ਦੀ ਵੰਡ ਵਾਲੀ ਸੜਕ 'ਤੇ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਬਿਨਾਂ ਹੈਲਮੇਟ ਦੇ ਐਕਟਿਵਾ ਸਵਾਰ ਨੌਜਵਾਨ ਨੂੰ ਰੋਕਿਆ ਅਤੇ



ਦਸਤਾਵੇਜ਼ ਮੰਗੇ ਗਏ। ਨੌਜਵਾਨ ਦਸਤਾਵੇਜ਼ ਨਾ ਦਿਖਾਉਣ ਦੇ ਬਹਾਨੇ ਬਣਾਉਣ ਲੱਗਾ। ਪੁਲਸ ਟੀਮ ਨੂੰ ਸ਼ੱਕ ਹੋਇਆ ਅਤੇ ਈ-ਚਲਾਨਿੰਗ ਮਸ਼ੀਨ 'ਤੇ ਐਕਟਿਵਾ ਦਾ ਨੰਬਰ ਪਾਇਆ ਅਤੇ ਪਾਇਆ ਕਿ ਇਹ ਸੈਕਟਰ-40 ਤੋਂ ਚੋਰੀ ਹੋਈ ਹੈ। ਪੁਲਸ ਟੀਮ ਨੇ ਤੁਰੰਤ ਐਕਟਿਵਾ ਨੂੰ ਜ਼ਬਤ ਕਰ ਲਿਆ ਅਤੇ ਮੋਹਾਲੀ ਦੇ ਰਹਿਣ ਵਾਲੇ ਮੁਲਜ਼ਮ ਲਕਸ਼ਮਣ ਮੁੰਡਾ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚ ਤੋਂ ਪਤਾ ਲੱਗਾ ਕਿ ਐਕਟਿਵਾ ਦੀ ਚੋਰੀ ਦੀ ਰਿਪੋਰਟ 18 ਸਤੰਬਰ 2024 ਨੂੰ ਸੈਕਟਰ-39 ਥਾਣੇ ਵਿਚ ਦਰਜ ਕਰਵਾਈ ਗਈ ਸੀ। ਸੈਕਟਰ-49 ਪੁਲਸ ਮੁਲਜ਼ਮ ਤੋਂ ਹੋਰ ਵਾਹਨ ਚੋਰੀਆਂ ਬਾਰੇ ਪੁੱਛਗਿੱਛ ਕਰ ਰਹੀ ਹੈ। ਸੈਕਟਰ-9 ਵਿਚ ਪ੍ਰਾਪਰਟੀ ਡੀਲਰ ਦੇ ਕਤਲ ਤੋਂ ਬਾਅਦ ਐੱਸ. ਐੱਸ. ਪੀ. ਨੇ ਸ਼ਹਿਰ ਭਰ ਵਿਚ ਨਾਕਾਬੰਦੀ ਕਰਵਾ ਦਿੱਤੀ ਹੈ। ਪੁਲਸ ਇਨ੍ਹਾਂ ਨਾਕਿਆਂ ਵਿਚੋਂ ਲੰਘਣ ਵਾਲੇ ਹਰ ਵਾਹਨ ਦੀ ਜਾਂਚ ਕਰ ਰਹੀ ਹੈ। ਨਾਕਿਆਂ ਕਾਰਨ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਚ ਕਮੀ ਆਈ ਹੈ ਅਤੇ ਅਪਰਾਧੀਆਂ ਵਿਚ ਡਰ ਦਾ ਮਾਹੌਲ ਹੈ।

## ਲੁਧਿਆਣਾ ਪੁਲਸ ਦੀ ਵੱਡੀ ਕਾਰਵਾਈ: ਭੀੜ 'ਚ ਮੋਬਾਈਲ ਉਡਾਉਣ ਵਾਲੇ 2 ਕਾਬੂ

ਲੁਧਿਆਣਾ 10 ਅਪ੍ਰੈਲ। ਚੋਰੀ ਦੇ ਮੋਬਾਈਲ ਵੇਚਣ ਜਾ ਰਹੇ ਦੋ ਨੌਜਵਾਨਾਂ ਨੂੰ ਥਾਣਾ ਕੋਤਵਾਲੀ ਦੀ ਪੁਲਸ ਨੇ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਰਿਮਾਂਡ 'ਤੇ ਲਿਆ ਹੈ। ਮੁਲਜ਼ਮਾਂ ਕੋਲੋਂ ਪੁਲਸ ਨੇ ਪਹਿਲਾਂ 3 ਮੋਬਾਈਲ ਬਰਾਮਦ ਕੀਤੇ ਸਨ ਪਰ ਪੁੱਛਗਿੱਛ ਤੋਂ ਬਾਅਦ 4 ਹੋਰ ਮੋਬਾਈਲ ਬਰਾਮਦ ਕੀਤੇ ਗਏ ਹਨ। ਪੁਲਸ ਹੁਣ ਤੱਕ ਮੁਲਜ਼ਮਾਂ ਕੋਲੋਂ ਕੁੱਲ 7 ਮੋਬਾਈਲ ਬਰਾਮਦ ਕਰ ਚੁੱਕੀ ਹੈ। ਜ਼ਿਕਰਯੋਗ ਹੈ ਕਿ ਪੁਲਸ ਨੇ ਮੁਲਜ਼ਮਾਂ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਕਾਬੂ ਕੀਤਾ ਸੀ। ਮੁਲਜ਼ਮਾਂ ਦੀ ਪਛਾਣ ਰੇਲਵੇ ਸਟੇਸ਼ਨ ਦੇ ਕੋਲ ਰਹਿਣ ਵਾਲੇ ਸੰਤੋਸ਼ ਕੁਮਾਰ ਤੇ ਦੀਪਕ ਕੁਮਾਰ ਵਜੋਂ ਹੋਈ ਹੈ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਉਹ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਜਾ ਕੇ ਲੋਕਾਂ ਦੇ ਮੋਬਾਈਲ ਚੋਰੀ ਕਰਦੇ ਸਨ ਅਤੇ ਚੋਰੀ ਦੇ ਮੋਬਾਈਲ ਵੇਚ ਕੇ ਨਸ਼ਾ ਖਰੀਦਦੇ ਸਨ। ਇੰਸਪੈਕਟਰ ਪਰਮਵੀਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਧਰਮ

## ਜੁਗਤੀ ਮਾਰਗ

**ਪਹਿਲੀ ਜੁਗਤੀ**

**ਸਾਧਨਾ ਕਰਨ ਵਾਲੇ ਬੰਦੇ ਲਈ ਪਹਿਲੀ ਜੁਗਤੀ ਹੈ ਕਿ ਸਾਧਕ ਆਪਣੀ ਜ਼ਿੰਦਗੀ ਵਿਚ ਸਤਿਕਾਰ ਸਭ ਧਰਮਾਂ ਦਾ ਕਰੇ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਕਿਸੇ ਤੋਂ ਪ੍ਰਭਾਵਤ ਨਾ ਹੋਵੇ'**



ਭਾਈ ਗੁਰਇਕਬਾਲ ਸਿੰਘ

*ਦੀ ਪੁਸਤਕ 'ਮੈ ਦਸਿਹੁ ਮਾਰਗੁ ਸੰਤਹੋ' 'ਚੋਂ ਧੰਨਵਾਦ ਸਹਿਤ*

ਮੈ ਦਸਿਹੁ ਮਾਰਗੁ ਸੰਤਹੋ

ਇਕ ਵਾਰੀ ਗੁਰੂ ਅੰਗਦ ਸਾਹਿਬ ਨੂੰਜਦੋਂ ਅਜੇ ਗੁਰਗੱਦੀ ਨਹੀਂ ਸੀ ਮਿਲੀ, ਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਸਨ, ਤਾਂ ਰਾਤ ਉਨ੍ਹਾਂ ਨੇ ਇਕ ਬੀਬੀ ਨੂੰ ਗੁਰੂ ਨਾਨਕ ਦੇ ਦਰ 'ਤੇ ਝਾੜੂ ਦਿੰਦਿਆਂ ਦੇਖਿਆ ਤਾਂ ਪੁੱਛਿਆ, ਬੀਬੀ! ਤੂੰ ਕੌਣ ਹੈਂ ਤਾਂ ਇੰਨੀ ਰਾਤ ਇੱਥੇ ਸੇਵਾ ਕਿਉਂ ਕਰ ਰਹੀ ਹੈਂ? ਉਸ ਬੀਬੀ ਨੇ ਕਿਹਾ, ਤੂੰ ਮੈਨੂੰ ਪਛਾਣਿਆਂ ਨਹੀ, ਮੈਂ ਓਹੀ ਦੇਵੀ ਹਾਂ ਜਿਸ ਕੋਲ ਤੂੰ ਹਰ ਸਾਲ ਦਰਸ਼ਨਾਂ ਨੂੰ ਆਉਂਦਾ ਸੀ। ਭਾਈ ਲਹਿਣਾ ਬਹੁਤ ਹੈਰਾਨ ਹੋਇਆ ਤੇ ਪੁੱਛਿਆ, ਫੇਰ ਇਥੇ ਇਹ ਝਾੜੂ ਦੀ ਸੇਵਾ ਕਿਉਂ। ਦੇਵੀ ਨੇ ਜਵਾਬ ਦਿੱਤਾ, ਗੁਰੂ ਨਾਨਕ ਦੇ ਦਰ ਤੋਂ ਬਖਸ਼ਿਸ਼ਾਂ ਲੈ ਕੇ ਹੀ ਤਾਂ ਮੈਂ ਆਪਣੇ ਦਰ 'ਤੇ ਆਉਣ ਵਾਲਿਆਂ ਦੀਆਂ ਝੋਲੀਆਂ ਭਰਦੀ ਹਾਂ।

ਸੋ ਸਾਧਕ ਬੰਦੇ ਲਈ ਪਹਿਲੀ ਜੁਗਤੀ ਹੈ ਕਿ ਸਤਿਕਾਰ ਸਭ ਦਾ ਕਰੇ, ਕਿਸੇ ਦੀ ਨਿੰਦਿਆ ਨਹੀਂ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਥਾਂ-ਥਾਂ ਤੋਂ ਪ੍ਰਭਾਵਿਤ ਨਾ ਹੋਵੇ।

## ਪਟਨਾ ਸਹਰ ਬਿਖੈ ਭਵ ਲਯੋ

• ਹਰਸਿਮਰਤ ਸਿੰਘ ਬਿੰਦ

ਪਟਨਾ ਸਾਹਿਬ (ਬਿਹਾਰ) ਦੀ ਧਰਤੀ ਨੂੰ ਅਨੇਕਾਂ ਮਹਾਂਪੁਰਖਾਂ ਦੀ ਚਰਨ ਛੋਹ ਪ੍ਰਾਪਤ ਹੈ। ਇਹ ਬਹੁਤ ਪੁਰਾਣਾ ਤੇ ਵੱਡਾ ਸ਼ਹਿਰ ਹੈ, ਜੋ ਗੰਗਾ ਨਦੀ ਦੇ ਕੰਢੇ ਵਸਿਆ ਹੈ। ਸਿੱਖ ਧਰਮ ਦੀ ਗੱਲ ਕਰੀਏ ਤਾਂ ਇਸ ਨਗਰ ਨੂੰ ਜਿੱਥੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਹੈ, ਉਥੇ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਦੀ ਕੁਝ ਸਮਾਂ ਰਿਹਾਇਸ਼ ਬਣਨ ਦਾ ਵੀ ਸੁਭਾਗ ਹਾਸਲ ਹੋਇਆ ਹੈ। ਇਹ ਨਗਰੀ ਉਦੋਂ ਹੋਰ ਪਵਿੱਤਰ ਹੋ ਗਈ ਜਦੋਂ ਦਸ਼ਮੇਸ਼ ਪਿਤਾ, ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਇਥੇ ਅਵਤਾਰ ਧਾਰਿਆ। ਉਨ੍ਹਾਂ ਦੇ ਆਗਮਨ ਨਾਲ ਇਹ ਸ਼ਹਿਰ ਪਟਨਾ ਤੋਂ ਪਟਨਾ ਸਾਹਿਬ ਬਣ ਗਿਆ। ਗੁਰੂ ਗੋਬਿੰਦ ਸਿੰਘ ਨੇ ਇਥੇ ਬਚਪਨ ਦੇ ਲਗਪਗ ਪੰਜ ਸਾਲ ਗੁਜ਼ਾਰੇ ਤੇ ਬਾਲ ਅਵਸਥਾ ਵਿਚ ਅਨੇਕਾਂ ਕੌਤਕ ਰਚਾਏ। ਇਸ ਨਗਰੀ ਵਿਚ ਗੁਰੂ ਸਹਿਬਾਨਾਂ ਨਾਲ ਸਬੰਧਤ ਅਨੇਕਾਂ ਗੁਰਦੁਆਰੇ ਹਨ ਜਿਨ੍ਹਾਂ ਵਿਚ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਵੀ ਸ਼ਾਮਲ ਹੈ।

### ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਇਸ ਪਵਿਤਰ ਅਸਥਾਨ ਉਪਰ ਦੁਸ਼ਟ-ਦਮਨ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪੋਹ ਸੁਦੀ ਸੱਤਵੀਂ ਸੰਮਤ 1723 (22 ਦਸੰਬਰ 1666) ਨੂੰ ਮਾਤਾ ਗੁਜਰੀ ਦੀ ਕੁੱਖੋਂ ਅਵਤਾਰ ਧਾਰਿਆ। ਇਹ ਅਸਥਾਨ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਇਸ ਇਮਾਰਤ ਦੀ ਸੇਵਾ ਕਰਵਾਈ। ਸੰਮਤ 1991 ਦੇ ਭੂਚਾਲ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ। ਇਸਦੀ ਦੁਬਾਰਾ ਸੇਵਾ ਉਪਰੰਤ ਸੰਮਤ 2014 ਨੂੰ ਨਵੀਂ ਤਿਆਰ ਹੋਈ ਇਮਾਰਤ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ



ਪ੍ਰਕਾਸ਼ ਹੋਇਆ। ਇਸ ਅਸਥਾਨ ਤੇ ਮਾਤਾ ਗੁਜਰੀ ਦੇ ਖੂਹ ਤੇ ਦਸ਼ਮੇਸ਼ ਪਿਤਾ ਜੀ ਦੁਆਰਾ ਪਹਿਨੇ ਚੋਲੇ ਤੋਂ ਇਲਾਵਾ ਗੁਰੂ ਸਾਹਿਬ ਨਾਲ ਸਬੰਧਤ ਸ਼ਸਤਰ ਤੇ ਹੋਰ ਵਸਤਾਂ ਸੰਭਾਲ ਕੇ ਰੱਖੀਆਂ ਗਈਆਂ ਹਨ।

### ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ

ਇਹ ਗੁਰਦੁਆਰਾ ਤਖ਼ਤ ਸਾਹਿਬ ਦੇ ਨੇੜੇ ਹੀ ਸਥਿਤ ਹੈ। ਇਸ ਅਸਥਾਨ ਉਪਰ ਰਾਜਾ ਫ਼ਤਹਿ ਚੰਦ ਮੈਣੀ ਅਤੇ ਰਾਣੀ ਵਿਸ਼ੰਭਰਾ ਦੇਵੀ ਦਾ ਮਹਿਲ ਸੀ। ਇਨ੍ਹਾਂ ਦੀ ਕੋਈ ਸੰਤਾਨ ਨਹੀਂ ਸੀ। ਬਾਲਾ ਪ੍ਰੀਤਮ ਗੁਰੂ



ਸਾਹਿਬ ਆਪਣੇ ਸਾਥੀਆਂ ਸਮੇਤ ਇਥੇ ਖੇਡਣ ਆਇਆ ਕਰਦੇ ਸਨ। ਬਾਲਾ ਪ੍ਰੀਤਮ ਨੂੰ ਤੱਕ ਕੇ ਰਾਣੀ ਦੇ ਮਨ 'ਚ ਵੀ ਅਜਿਹੇ ਪੁੱਤਰ ਦੀ ਕਾਮਨਾ ਜਾਗੀ। ਗੁਰੂ ਸਾਹਿਬ ਉਸ ਦੇ ਮਨ ਦੀ ਅਰਦਾਸ ਨੂੰ ਪ੍ਰਵਾਨ ਕਰ ਉਸਦੀ ਗੋਦ ਵਿਚ ਬੈਠ ਗਏ ਤੇ ਧਰਮ ਪੁੱਤਰ ਬਣਨਾ ਪ੍ਰਵਾਨ ਕਰ ਉਸਦੀ ਮੁਰਾਦ ਪੂਰੀ ਕੀਤੀ।

### ਗੁਰਦੁਆਰਾ ਹਾਂਡੀ ਸਾਹਿਬ

ਇਹ ਗੁਰਦੁਆਰਾ ਤਖ਼ਤ ਸਾਹਿਬ ਤੋਂ ਲਗਪਗ 30 ਕਿਲੋਮੀਟਰ ਦੀ ਦੂਰੀ 'ਤੇ ਦਾਨਾਪੁਰ ਵਿਖੇ ਸਥਿਤ ਹੈ। ਇਥੇ ਸਰਬੰਸ ਦਾਨੀ ਦਸ਼ਮੇਸ਼ ਪਿਤਾ ਨੇ ਪਟਨਾ ਸਾਹਿਬ ਤੋਂ ਪੰਜਾਬ ਆਉਂਦੇ ਸਮੇਂ ਪਹਿਲਾ ਮੁਕਾਮ ਕੀਤਾ ਸੀ। ਇਕ ਬਿਰਧ ਔਰਤ ਜਮਨਾ ਮਾਈ ਨੇ ਹਾਂਡੀ ਵਿਚ ਖਿਚੜੀ ਬਣਾ ਕੇ ਗੁਰੂ ਜੀ ਅਤੇ ਉਨ੍ਹਾਂ ਨੂੰ ਨਾਲ ਵਿਦਾ ਕਰਨ ਆਈ ਸੰਗਤ ਨੂੰ ਛਕਾਈ ਸੀ। ਇਸੇ ਕਰਕੇ ਇਸਦਾ ਨਾਮ ਹਾਂਡੀ ਸਾਹਿਬ ਹੈ। ਇਥੇ ਅੱਜ ਵੀ ਖਿਚੜੀ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਇਸ ਅਸਥਾਨ 'ਤੇ ਬਾਲਾ ਪ੍ਰੀਤਮ ਗੁਰੂ ਗਬਿੰਦ ਸਿੰਘ ਜੀ ਦੇ ਨੰਨ੍ਹੇ ਚਰਨਾਂ ਦੇ ਨਿਸ਼ਾਨ ਇਕ ਸ਼ੀਸ਼ੇ ਦੇ ਬਕਸੇ ਵਿਚ ਸੰਭਾਲੇ ਪਏ ਹਨ। ਸੰਗਤ ਇਨ੍ਹਾਂ ਦੇ ਦਰਸ਼ਨ ਕਰ ਨਿਹਾਲ ਹੁੰਦੀ ਹੈ।

ਇਸ ਤੋਂ ਇਲਾਵਾ ਗੁਰਦੁਆਰਾ ਗੁਰੂ ਦਾ ਬਾਗ, ਗੁਰਦੁਆਰਾ ਗਊ ਘਾਟ ਅਤੇ ਗੁਰਦੁਆਰਾ ਸੰਗਤ ਸੁਨਾਰ ਟੋਲੀ, ਜੋ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਹਨ, ਪਟਨਾ ਸਾਹਿਬ ਵਿਖੇ ਸੁਭਾਇਮਾਨ ਹਨ। ਦੇਸ਼ ਵਿਦੇਸ਼ ਤੋਂ ਸੰਗਤ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੀ ਜਨਮ ਭੂਮੀ ਦੇ ਇਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫ਼ਲਾ ਕਰਦੀ ਹੈ।

ਮੋਬਾਈਲ ਨੰਬਰ 095014-47863

**ਇਹ ਨਗਰੀ ਉਦੋਂ ਹੋਰ ਪਵਿੱਤਰ ਹੋ ਗਈ ਜਦੋਂ ਦਸ਼ਮੇਸ਼ ਪਿਤਾ, ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਇਥੇ ਅਵਤਾਰ ਧਾਰਿਆ। ਉਨ੍ਹਾਂ ਦੇ ਆਗਮਨ ਨਾਲ ਇਹ ਸ਼ਹਿਰ ਪਟਨਾ ਤੋਂ ਪਟਨਾ ਸਾਹਿਬ ਬਣ ਗਿਆ।**



## ਹੱਕ ਹਲਾਲ ਤੇ ਈਮਾਨਦਾਰੀ ਦਾ ਪ੍ਰਤੀਕ ਭਾਈ ਲਾਲੋ

• ਲਖਵਿੰਦਰ ਸਿੰਘ

ਰੋਜ਼ੀ-ਰੋਟੀ ਲਈ ਹਰੇਕ ਨੂੰ ਕੋਈ ਨਾ ਕੋਈ ਸਰੀਰਕ ਜਾਂ ਮਾਨਸਿਕ ਕਿਰਤ ਕਰਨੀ ਹੀ ਪੈਂਦੀ ਹੈ। ਬੇਈਮਾਨੀ, ਠੱਗੀ-ਠੋਰੀ ਤੋਂ ਰਿਸ਼ਵਤਖੋਰੀ ਤੋਂ ਪਾਸਾ ਵੱਟ ਕੇ ਸਿਰਫ ਖੂਨ-ਪਸੀਨੇ ਦੀ ਕਮਾਈ ਨਾਲ ਰੁੱਖੀ ਮਿੱਸੀ ਖਾ ਕੇ ਢੋਲੇ ਗਾਉਣ ਵਾਲੇ ਸਿਦਕਵਾਨਾਂ ਦੇ ਯਥਾਰਥਵਾਦੀ ਜੀਵਨ ਦੇ ਇਤਿਹਾਸ ਵਿਚ ਭਾਈ ਲਾਲੋ ਦਾ ਉੱਘਾ ਸਥਾਨ ਹੈ।

ਸ਼੍ਰੀ ਗੁਰੂ ਨਾਨਕ ਦੇਵ ਤੋਂ ਕਰੀਬ ਸਤਾਰਾਂ ਕੁ ਸਾਲ ਵੱਡੇ ਭਾਈ ਲਾਲੋ ਦਾ ਜਨਮ 1452 ਈ. ਵਿਚ ਸੈਦਪੁਰ, ਪਾਕਿਸਤਾਨ ਵਿਚ ਪਿਤਾ ਜਗਤ ਰਾਮ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਤਰਖਾਣਾ ਦਾ ਕੰਮ ਕਰਦੇ ਸਨ। ਭਾਈ ਲਾਲੋ ਨੇ ਵੀ ਆਪਣਾ ਖਾਨਦਾਨੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਾਈ ਲਾਲੋ ਇਸ ਵਿਚਾਰਧਾਰਾ ਦਾ ਧਾਰਨੀ ਸੀ ਕਿ ਈਮਾਨਦਾਰੀ ਨਾਲ ਐਸ਼ ਤਾਂ ਨਹੀਂ ਕੀਤੀ ਜਾ ਸਕਦੀ ਪਰ ਕਿਸੇ ਮਾਨਸਿਕ ਭਾਰ ਜਾਂ ਪ੍ਰੇਸ਼ਾਨੀ ਤੋਂ ਮੁਕਤ ਅਤੇ ਸਕੂਨ ਭਰਿਆ ਜੀਵਨ ਜ਼ਰੂਰ ਗੁਜ਼ਾਰਿਆ ਜਾ ਸਕਦਾ ਹੈ। ਭਾਈ ਲਾਲੋ ਨੇ ਇਸ ਵਿਚਾਰਧਾਰਾ ਨੂੰ ਅਮਲੀਜਾਮਾ





ਪਹਿਨਾਉਂਦਿਆਂ ਦਸਾਂ ਨਹੁੰਆਂ ਦੀ ਕਿਰਤ ਨਾਲ ਆਨੰਦਮਈ ਜੀਵਨ ਗੁਜ਼ਾਰਿਆ।

ਗੁਰੂ ਨਾਨਕ ਦੇਵ ਆਪਣੀ ਪਹਿਲੀ ਉਦਾਸੀ ਦੌਰਾਨ ਭਾਈ ਮਰਦਾਨੇ ਨਾਲ ਜਦ ਇਸ ਖੇਤਰ ਵਿਚ ਦੀ ਗੁਜ਼ਰੇ ਤਾਂ ਭਾਈ ਲਾਲੋ ਦੀ ਸੱਚੀ-ਸੁੱਚੀ ਕਿਰਤ ਦੀ ਖੁਸ਼ਬੋਈ ਚੁਫ਼ੇਰੇ ਫੈਲੀ ਹੋਈ ਸੀ ਤੇ ਇਸ ਖੁਸ਼ਬੋਈ ਨੂੰ ਮਾਨਣ ਲਈ ਗੁਰੂ ਜੀ ਨੇ 'ਸਤਿ ਕਰਤਾਰ' ਆਖ ਕੇ ਆਣ ਦਸਤਕ ਦਿੱਤੀ। ਉਧਰ ਸਬੱਬ ਇਹ ਬਣਿਆ ਕਿ ਉਸ ਸਮੇਂ ਦੇ ਸਰਕਾਰੀ ਅਹਿਲਕਾਰ ਮਲਕ ਭਾਗੋ ਨੇ ਲੁੱਟ ਖਸੁੱਟ ਦੀ ਕਮਾਈ 'ਚੋ ਕੀਤੇ ਜਾ ਰਹੇ ਬ੍ਰਹਮ ਭੋਜ ਲਈ ਗੁਰੂ ਜੀ ਨੂੰ ਸੱਦਾ ਭੇਜਿਆ ਤਾਂ ਗੁਰੂ ਸਾਹਿਬ ਨੇ ਉਸ ਬ੍ਰਹਮ ਭੋਜ ਦੇ ਪਕਵਾਨਾਂ ਨੂੰ ਨਕਾਰਦਿਆਂ ਭਾਈ ਲਾਲੋ ਦੀ ਰੁੱਖੀ-ਸੁੱਕੀ ਵੱਲ ਰੁਖ਼ ਕਰਕੇ ਹੱਕ ਹਲਾਲ ਦੀ ਕਿਰਤ ਨੂੰ ਮਾਨਤਾ ਦੇ ਕੇ ਇਹ ਸਿੱਧ ਕੀਤਾ ਕਿ ਅਸਲ ਬ੍ਰਹਮ ਭੋਜ ਸੁੱਚੀ ਕਿਰਤ ਕਮਾਈ 'ਚੋਂ ਹੀ ਹੋ ਸਕਦਾ ਹੈ।

**ਭਾਈ ਲਾਲੋ ਦਾ ਸਾਦਗੀ ਭਰਿਆ ਜੀਵਨ ਚਾਨਣ ਮੁਨਾਰੇ ਦਾ ਕੰਮ ਕਰਦਿਆਂ ਇਹੀ ਸੰਦੇਸ਼ ਦਿੰਦਾ ਹੈ ਕਿ 'ਹੱਥ ਕਾਰ ਵੱਲ ਤੇ ਮਨ ਕਰਤਾਰ ਵਲ।'**

ਭਾਈ ਲਾਲੋ ਨੇ ਬੜੇ ਪ੍ਰੇਮ ਭਾਵ ਨਾਲ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਮਰਦਾਨਾ ਅੱਗੇ ਰੁੱਖਾ-ਮਿੱਸਾ ਭੋਜਨ ਪਰੋਸਿਆ। ਇਸ ਸਾਦੇ ਭੋਜਨ ਦਾ ਆਨੰਦ ਮਾਣ ਰਹੇ ਮਰਦਾਨਾ ਦੀ ਜਗਿਆਸਾ ਦਾ ਨਿਵਾਰਣ ਕਰਦਿਆਂ ਗੁਰੂ ਸਾਹਿਬ ਨੇ ਕਿਹਾ, "ਭਾਈ ਮਰਦਾਨਿਆਂ! ਇਸ ਸੁਆਦੀ ਭੋਜਨ ਵਿਚ ਖੂਨ-ਪਸੀਨੇ ਦੀ ਕਮਾਈ ਦੀਆਂ ਹੀ ਸੱਭੇ ਬਰਕਤਾਂ ਨੇ।" ਇਸ ਤਰ੍ਹਾਂ ਗੁਰੂ ਸਾਹਿਬ ਨੇ ਕਿਰਤ ਕਮਾਈ ਨੂੰ ਵਡਿਆਉਂਦਿਆਂ ਭਾਈ ਲਾਲੋ ਦੇ ਜੀਵਨ ਨੂੰ ਹੋਰ ਵੀ ਚਾਰ ਚੰਨ ਲਾ ਕੇ ਲੋਕਾਈ ਨੂੰ ਇਹ ਅਹਿਸਾਸ ਕਰਵਾਇਆ ਕਿ ਖੋਟ ਭਰੇ ਮਾਲ-ਪੂੜਿਆਂ ਵਿਚ ਗਰੀਬਾਂ ਦਾ ਚੂਸਿਆ ਖੂਨ ਹੀ ਪ੍ਰਤੱਖ ਦਿਖਾਈ ਦਿੰਦਾ ਹੈ ਜਦਕਿ ਹੱਕੀ ਕਮਾਈ ਦੇ ਸਾਦੇ ਪਰਸ਼ਾਦਿਆਂ 'ਚੋਂ ਅੰਮ੍ਰਿਤ ਰੂਪੀ ਦੁੱਧ ਦੇ ਚਸ਼ਮੇ ਹੀ ਫੁੱਟਦੇ ਹਨ।

ਭਾਈ ਲਾਲੋ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਨੇ ਤਿਲੰਗ ਰਾਗ ਵਿਚ ਸ਼ਬਦ ਵੀ ਉਚਾਰਿਆ, ਜਿਸ ਵਿਚ ਉਸ ਸਮੇਂ ਦੀ ਨਿਘਰੀ ਹਾਲਤ ਨੂੰ ਬਿਆਨਿਆ ਹੈ। ਭਾਈ ਲਾਲੋ ਗੁਰੂ ਸਾਹਿਬ ਦੇ ਅਜ਼ੀਜ਼ ਸੇਵਕ ਵਜੋਂ ਗੁਰ ਉਪਦੇਸ਼ ਦੇ ਪ੍ਰਚਾਰਕ ਵੀ ਬਣੇ ਅਤੇ ਆਪਣੀ ਘਾਲ ਕਮਾਈ ਦੇ ਨਾਲ ਨਾਲ ਵੈਦ ਦੀ ਸੇਵਾ ਨਿਭਾਉਂਦੇ ਹੋਏ ਕਈ ਰੋਗੀਆਂ ਦੇ ਤੇਈਏ ਵਰਗੇ ਰੋਗ ਦੂਰ ਕਰਨ ਦੀ ਵੀ ਸੇਵਾ ਨਿਭਾਈ।

ਭਾਈ ਲਾਲੋ ਦਾ ਸਾਦਗੀ ਭਰਿਆ ਜੀਵਨ ਚਾਨਣ ਮੁਨਾਰੇ ਦਾ ਕੰਮ ਕਰਦਿਆਂ ਇਹੀ ਸੰਦੇਸ਼ ਦਿੰਦਾ ਹੈ ਕਿ 'ਹੱਥ ਕਾਰ ਵੱਲ ਤੇ ਮਨ ਕਰਤਾਰ ਵਲ।' ਮਨ-ਤਨ ਨਾਲ ਸਾਰਥਕ ਘਾਲਣਾ ਘਾਲ ਰਹੇ ਵਿਅਕਤੀ ਨੂੰ ਰੀਝ ਲਾ ਕੇ ਵੇਖੀਏ ਤਾਂ ਭਾਈ ਲਾਲੋ ਦਾ ਅਕਸ ਰੂਪਮਾਨ ਹੋ ਜਾਂਦਾ ਹੈ। ਅਜਿਹੇ ਸਿਦਕਵਾਨ ਲੋਕ ਥੋੜੀ 'ਚੋਂ ਹੀ ਯੁਗਤ ਨਾਲ ਵਧੀਆ ਜੀਵਨ ਨਿਰਬਾਹ ਕਰ ਜਾਂਦੇ ਹਨ ਤੇ ਸਾਰੀ ਉਮਰ ਇਹਨਾਂ ਮਾਣਮੱਤਿਆਂ ਲੋਕਾਂ ਨੇ ਅਮਰਵੇਲ ਵਾਂਗ ਵਧਦੀ ਤ੍ਰਿਸਨਾ ਨੂੰ ਪੂਰੀ ਤਰ੍ਹਾਂ ਕਾਬੂ ਹੇਠ ਰੱਖਿਆ ਹੁੰਦਾ ਹੈ। ਏਸੇ ਕਰਕੇ ਬੇਈਮਾਨੀ ਇਨ੍ਹਾਂ ਤੋਂ ਕੋਹਾਂ ਦੂਰ ਰਹਿੰਦੀ ਹੈ ਤੇ ਇਨ੍ਹਾਂ ਦਾ ਸੁਹੇਲਾ ਜੀਵਨ ਧੰਨਤਾ ਦੇ ਯੋਗ ਹੋ ਨਿਬੜਦਾ ਹੈ।

ਮੋਬਾਈਲ ਨੰਬਰ: 98764-74858

## ਸੰਤ ਕਬੀਰ ਦੇ ਅਨਮੋਲ ਵਚਨ



**ਹਾਡ ਜਲੇ ਲੱਕੜੀ ਜਲੇ,**
**ਜਲੇ ਜਲਾਵਨਹਾਰ**
**ਤਮਾਸ਼ਬੀਨ ਭੀ ਨਾ ਬਚੈ,**
**ਕਿਸਕੋ ਕਰੂੰ ਪੁਕਾਰ॥**

ਅਸੀ ਸਾਰੇ ਜਾਣਦੇ ਹਾਂ ਕਿ ਮਰਨ ਤੋਂ ਬਾਅਦ ਮਨੁੱਖੀ ਸਰੀਰ ਨੂੰ ਸਾੜ ਦਿੱਤਾ ਦਿੱਤਾ ਜਾਂਦਾ ਹੈ। ਸੰਤ ਕਬੀਰ ਕਹਿੰਦੇ ਹਨ ਕਿ ਹੱਡੀਆਂ ਤਾਂ ਸੜ ਜਾਂਦੀਆਂ ਹਨ, ਇਨ੍ਹਾਂ ਨੂੰ ਸਾੜਨ ਵਾਲੀ ਲੱਕੜੀ ਵੀ ਸੜ ਜਾਂਦੀ ਹੈ। ਇਨ੍ਹਾਂ ਦੋਹਾਂ ਨੂੰ ਸਾੜਨ ਵਾਲਾ ਵਿਅਕਤੀ ਵੀ ਕਿਸੇ ਦਿਨ ਸੜ ਜਾਂਦਾ ਹੈ। ਦਾਹ-ਸੰਸਕਾਰ ਵਿਚ ਸ਼ਾਮਲ ਹੋਣ ਵਾਲੇ ਵਿਅਕਤੀ ਵੀ ਆਪਣੇ ਆਪਣੇ ਸਮੇਂ ਅੱਗ ਦੀ ਭੇਂਟਾ ਹੋ ਜਾਂਦੇ ਹਨ। ਜਦ ਇੱਥੇ ਕੋਈ ਵੀ ਨਹੀਂ ਬਚਦਾ, ਤਾਂ ਕਿਸ ਦੇ ਸਾਹਮਣੇ ਪੁਕਾਰ ਕਰਾਂ।

ਭਾਵ ਇਹ ਹੈ ਕਿ ਇਸ ਨਾਸ਼ਵਾਨ ਸੰਸਾਰ ਵਿਚ ਜੋ ਜਨਮ ਲੈਂਦਾ ਹੈ ਉਸ ਦੀ ਕਿਸੇ ਨਾ ਕਿਸੇ ਦਿਨ ਮੌਤ ਹੋਣੀ ਨਿਸ਼ਚਿਤ ਹੈ। ਇਸ ਕਰਕੇ ਇਸ ਸਰੀਰ ਨੂੰ ਹਮੇਸ਼ਾਂ ਚੰਗੇ ਕੰਮਾਂ ਵਿਚ ਲਗਾ ਕੇ ਸਾਰਥਕ

## ਆਤਮ ਵਿਸ਼ਵਾਸ ਦੀ ਸ਼ਕਤੀ

**ਕੁਦਰਤ ਵਲੋਂ ਮਨੁੱਖ ਨੂੰ ਜਿੰਨੀਆਂ ਵੀ ਸ਼ਕਤੀਆਂ ਬਖਸ਼ੀਆਂ ਗਈਆਂ ਹਨ, ਆਤਮ ਵਿਸ਼ਵਾਸ ਉਨ੍ਹਾਂ ਵਿਚੋਂ ਸਭ ਤੋਂ ਵਧੇਰੇ ਪ੍ਰਬਲ ਹੈ।**

• ਪੁਸ਼ਪਿੰਦਰ ਕੌਰ ਮੋਰਿੰਡਾ

ਜ਼ਿੰਦਗੀ ਦਾ ਧਰਾਤਲ ਕਦੇ ਵੀ ਸਮਤਲ ਨਹੀਂ ਹੁੰਦਾ। ਇਹ ਉਚਾਣਾਂ ਅਤੇ ਨਿਵਾਣਾਂ ਨਾਲ ਭਰਪੂਰ ਹੁੰਦਾ ਹੈ। ਕਾਮਯਾਬ ਉਹੀ ਲੋਕ ਹੁੰਦੇ ਹਨ ਜਿਹੜੇ ਔਕੜਾਂ ਦੇ ਤੂਫਾਨ ਦਾ ਦਲੇਰੀ ਨਾਲ ਸਾਹਮਣਾ ਕਰਦੇ ਹਨ। ਹਿੰਮਤ ਹਮੇਸ਼ਾ ਆਤਮ ਵਿਸ਼ਵਾਸ ਵਿਚੋਂ ਉਪਜਦੀ ਹੈ। ਕੁਦਰਤ ਵਲੋਂ ਮਨੁੱਖ ਨੂੰ ਜਿੰਨੀਆਂ ਵੀ ਸ਼ਕਤੀਆਂ ਬਖਸ਼ੀਆਂ ਗਈਆਂ ਹਨ, ਆਤਮ ਵਿਸ਼ਵਾਸ ਉਨ੍ਹਾਂ ਵਿਚੋਂ ਸਭ ਤੋਂ ਵਧੇਰੇ ਪ੍ਰਬਲ ਹੈ। ਜਿਨ੍ਹਾਂ ਨਾਇਕਾਂ ਦੇ ਨਾਂ ਇਤਿਹਾਸ ਦੇ ਪੰਨਿਆਂ 'ਤੇ ਚਮਕ ਰਹੇ ਹਨ ਇਹ ਉਨ੍ਹਾਂ ਦੇ ਆਤਮ ਵਿਸ਼ਵਾਸ ਦਾ ਕ੍ਰਿਸ਼ਮਾ ਹਨ। ਸੰਦੇਹ ਅਤੇ ਸ਼ੱਕ ਦਾ ਰਸਤਾ ਅਸਫਲਤਾ ਵੱਲ ਲੈ ਜਾਂਦਾ ਹੈ ਜਦਕਿ ਵਿਸ਼ਵਾਸ ਦਾ ਹਥਿਆਰ ਸਾਰੀਆਂ ਰੁਕਾਵਟਾਂ ਨੂੰ ਤੋੜ ਦਿੰਦਾ ਹੈ। ਇਹ ਮਾਰਗ ਦੀ ਸੇਧ ਦੇਣ ਵਾਲੀ ਅਦਭੁੱਤ ਸ਼ਕਤੀ ਹੈ ਜਿਸ ਨਾਲ ਇਨਸਾਨ ਅਸੰਭਵ ਨੂੰ ਸੰਭਵ ਕਰ ਸਕਦਾ ਹੈ। ਡਾ. ਨਰਿੰਦਰ ਕਪੂਰ ਦੇ ਕਥਨ ਅਨੁਸਾਰ ਰੋਗੀ ਉਸੇ ਦਿਨ ਤੋਂ ਠੀਕ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਦਿਨ ਉਹ ਠੀਕ ਹੋਣ ਦੀ ਤਰੀਕ ਮਿਥ ਲੈਂਦਾ ਹੈ। ਸੰਮੋਹਨ ਦੁਆਰਾ ਸ਼ਕਤੀਆਂ ਨੂੰ ਅੰਦੋਲਤ ਕਰਨ ਦਾ ਸਿਧਾਂਤ ਵੀ ਆਤਮ ਵਿਸ਼ਵਾਸ 'ਤੇ ਕੇਂਦਰਿਤ ਹੈ।

ਇਕ ਪ੍ਰਚਲਤ ਦੰਦਕਥਾ ਅਨੁਸਾਰ ਇਕ ਵਾਰੀ ਇਕ ਨੌਜਵਾਨ ਨੂੰ ਵਪਾਰ ਵਿਚ ਬਹੁਤ ਘਾਟਾ ਪੈ ਗਿਆ। ਉਹ ਬਹੁਤ ਪ੍ਰੇਸ਼ਾਨ ਅਤੇ ਉਦਾਸ ਰਹਿਣ ਲੱਗਾ। ਇਕ ਦਿਨ ਕਿਸੇ ਪਾਰਕ ਵਿਚ ਬੈਠਾ ਡੂੰਘੀਆਂ ਸੋਚਾਂ ਵਿਚ ਡੁੱਬਿਆ ਹੋਇਆ ਸੀ। ਅਚਾਨਕ ਉੱਥੇ ਇਕ ਆਦਮੀ ਆਇਆ। ਉਸ ਨਾਲ ਸੰਖੇਪ ਜਿਹੀ ਗੱਲਬਾਤ ਕੀਤੀ ਅਤੇ ਜਾਂਦੇ ਸਮੇਂ ਉਸ ਆਦਮੀ ਨੇ ਉਸ ਨੂੰ 50 ਲੱਖ ਡਾਲਰ ਦਾ ਚੈਕ ਦੇ ਦਿੱਤਾ ਤਾਂ ਕਿ ਉਹ ਆਪਣਾ ਕਾਰੋਬਾਰ ਠੀਕ ਕਰ ਸਕੇ ਅਤੇ ਨਾਲ ਹੀ ਹਦਾਇਤ ਕੀਤੀ ਕਿ ਠੀਕ ਇਕ ਸਾਲ ਬਾਅਦ ਉਹ ਉਸ ਨੂੰ ਇਸੇ ਸਥਾਨ ਦੁਬਾਰਾ ਮਿਲੇਗਾ ਤੇ ਉਹ ਸਮੇਂ ਉਸ ਦੀ ਰਕਮ ਵਾਪਸ ਕਰ ਦੇਵੇ। ਇਸ ਚੈਕ ਉੱਤੇ ਰਾਕ ਡੀ ਫੈਲਰ ਦੇ ਹਸਤਾਖਰ ਸਨ ਜਿਹੜਾ ਕਿ ਉਸ ਸਮੇਂ ਦੁਨੀਆਂ ਦਾ ਸਭ ਤੋਂ ਵੱਧ ਅਮੀਰ ਆਦਮੀ ਸੀ। ਵਪਾਰੀ ਨੌਜਵਾਨ ਚੈਕ ਲੈ ਕੇ ਆਪਣੇ ਘਰ ਆਇਆ। ਉਸ ਨੇ ਕੈਸ਼ ਕਰਵਾਉਣ ਦੀ



ਬਜਾਏ ਇਸ ਨੂੰ ਅਲਮਾਰੀ ਵਿਚ ਰੱਖ ਦਿੱਤਾ। ਉਹ ਸੋਚਣ ਲੱਗਾ ਕਿ ਜੇਕਰ ਇਕ ਅਜਨਬੀ ਉਸ 'ਤੇ ਏਨਾ ਵਿਸ਼ਵਾਸ਼ ਕਰ ਸਕਦਾ ਹੈ ਤਾਂ ਉਹ ਖੁਦ 'ਤੇ ਵਿਸ਼ਵਾਸ ਕਿਉਂ ਕਰ ਸਕਦਾ? ਉਸ ਨੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸਦਾ ਕੰਮ ਠੀਕ ਹੋਣ ਲੱਗਾ ਅਤੇ ਕੁਝ ਹੀ ਮਹੀਨਿਆਂ ਵਿਚ ਸਾਰਾ ਘਾਟਾ ਪੂਰਾ ਹੋ ਗਿਆ।

ਨਿਰਧਾਰਤ ਮਿਤੀ 'ਤੇ ਉਹ ਉਸ ਆਦਮੀ ਨੂੰ ਉਸੇ ਸਥਾਨ ਤੇ ਦੁਬਾਰਾ ਮਿਲਿਆ। ਉਹ ਅਜੇ ਚੈਕ ਵਾਪਸ ਹੀ ਕਰ ਰਿਹਾ ਸੀ ਕਿ ਇਕ ਨਰਸ ਨੇ ਉਸ ਆਦਮੀ ਨੂੰ ਫੜ੍ਹ ਲਿਆ। ਨਰਸ ਦੇ ਦੱਸਣ ਅਨੁਸਾਰ ਇਹ ਆਦਮੀ ਮਾਨਸਿਕ ਰੋਗ ਤੋਂ ਪੀੜਿਤ ਸੀ। ਭਾਵੇਂ ਚੈਕ ਜਾਅਲੀ ਸੀ ਅਤੇ ਚੈਕ ਦੇਣ ਵਾਲਾ ਆਦਮੀ ਵੀ ਮਨੋਰੋਗੀ ਸੀ ਪਰ ਇਹ ਉਸ ਨੌਜਵਾਨ ਦੇ ਅੰਦਰ ਪੈਦਾ ਹਇਆ ਆਤਮ ਵਿਸ਼ਵਾਸ ਹੀ ਸੀ ਜਿਸ ਕਾਰਨ ਉਸਦੀ ਇੱਛਾ ਸ਼ਕਤੀ ਦ੍ਰਿੜ ਹੋ ਗਈ। ਇਸ ਤਰ੍ਹਾਂ ਉਹ ਆਪਣੇ ਵਪਾਰ ਨੂੰ ਦੁਬਾਰਾ ਬੁਲੰਦੀਆਂ 'ਤੇ ਲਿਜਾਣ ਵਿਚ ਸਫਲ ਹੋ ਗਿਆ। ਠੀਕ ਹੀ ਕਿਹਾ ਗਿਆ ਹੈ ਕਿ ਜਿਨ੍ਹਾਂ ਦੇ ਇਰਾਦੇ ਬੁਲੰਦ ਹੁੰਦੇ ਹਨ, ਖੁਦਾ ਵੀ ਉਨ੍ਹਾਂ ਦੀ ਰਜ਼ਾ ਅਨੁਸਾਰ ਤਕਦੀਰ ਲਿਖਦਾ ਹੈ।

ਮੋਬਾਈਲ ਨੰਬਰ 9417051627

## ਗੁਰ-ਇਤਿਹਾਸ ਵਿਚ ਬਾਸਰਕੇ

• ਮਨਮੋਹਨ ਸਿੰਘ ਬਾਸਰਕੇ

ਭਾਰਤ ਦੇਸ਼ ਏਸ਼ੀਆ ਅੰਦਰ ਜੋ ਰਿਸ਼ੀਆਂ ਮੁਨੀਆਂ ਦਾ ਮੰਦਰ ਹੈ। ਪੰਜਾਬ ਭਾਰਤ ਦਾ ਗੌਰਵਮਈ ਸੂਬਾ ਹੈ, ਜੋ ਗੁਰ-ਇਤਿਹਾਸ ਨਾਲ ਲਬਰੇਜ਼ ਹੈ। ਅੰਮ੍ਰਿਤਸਰ ਸਿਫਤੀ ਦਾ ਘਰ, ਅੰਮ੍ਰਿਤਸਰ ਤੋਂ ਅਟਾਰੀ ਰੋਡ 'ਤੇ ਛੇਹਰਟਾ ਸਾਹਿਬ ਤੋਂ 7 ਕਿਲੋਮੀਟਰ ਹੱਟਵਾਂ ਪਿੰਡ ਬਾਸਰਕੇ ਹੈ, ਜੋ ਹੁਣ ਬਾਸਰਕੇ ਗਿੱਲਾਂ ਵਜੋਂ ਪ੍ਰਸਿੱਧ ਘੁੱਗ ਵਸਦਾ ਪਿੰਡ ਹੈ। ਇਹ ਉਹ ਭਾਗਾਂ-ਭਰਿਆ ਪਿੰਡ ਹੈ, ਜਿਥੇ ਸ਼੍ਰੀ ਗੁਰੂ ਅਮਰਦਾਸ ਸਾਹਿਬ ਦਾ ਪ੍ਰਕਾਸ਼ 5 ਮਈ 1479 ਈ: ਨੂੰ ਪਿਤਾ ਤੇਜ ਭਾਨ ਭੱਲੇ ਖੱਤਰੀ ਦੇ ਘਰ ਮਾਤਾ ਸੁਲੱਖਣੀ (ਲੱਛਮੀ) ਦੀ ਕੁੱਖੋਂ ਹੋਇਆ। ਗੁਰੂ ਅਮਰਦਾਸ ਜੀ ਦੀ ਸ਼ਾਦੀ ਦੇਵੀ ਚੰਦ ਬਹਿਲ ਦੀ ਪੁੱਤਰੀ ਬੀਬੀ ਮਨਸਾ ਦੇਵੀ (ਰਾਮ ਕੌਰ) ਨਾਲ ਪਿੰਡ ਸੰਗਤਰਾ ਵਿਖੇ ਹੋਈ। ਆਪ ਦੇ ਘਰ ਦੋ ਪੁੱਤਰਾਂ ਬਾਬਾ ਮੋਹਨ ਤੇ ਬਾਬਾ ਮੋਹਰੀ ਅਤੇ ਦੋ ਪੁੱਤਰੀਆਂ ਬੀਬੀ ਭਾਨੀ ਤੇ ਬੀਬੀ ਦਾਨੀ ਨੇ ਜਨਮ ਲਿਆ।

ਗੁਰ ਇਤਿਹਾਸ ਵਿਚ ਦੋ ਮਹਾਨ ਬੀਬੀਆਂ ਹੋਈਆਂ ਹਨ, ਉਨ੍ਹਾਂ ਵਿਚ ਬੀਬੀ ਭਾਨੀ ਅਤੇ ਬੀਬੀ ਅਮਰੋ ਦਾ ਉਭਰਵਾਂ ਨਾਂ ਹੈ। ਬੀਬੀ ਭਾਨੀ ਦਾ ਪੇਕਾ ਪਿੰਡ ਅਤੇ ਬੀਬੀ ਅਮਰੋ ਦਾ ਸਹੁਰਾ ਪਿੰਡ ਬਾਸਰਕੇ ਹੈ। ਜੋ ਇਤਿਹਾਸ ਵਿਚ ਸੁਨਹਿਰੀ ਪੰਨਿਆ 'ਤੇ ਅੰਕਿਤ ਹੈ। ਬੀਬੀ ਭਾਨੀ ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਅਤੇ ਗੁਰੂ ਰਾਮਦਾਸ ਜੀ ਦੀ ਸੁਪਤਨੀ ਸਨ। ਬੀਬੀ ਅਮਰੋ ਸ਼੍ਰੀ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਦੀ ਸਪੁੱਤਰੀ ਜੋ ਸ਼੍ਰੀ ਗੁਰੂ ਅਮਰ ਦਾਸ ਜੀ ਦੇ ਭਤੀਜੇ ਨਾਲ ਪਿੰਡ ਬਾਸਰਕੇ ਵਿਖੇ ਵਿਆਹੀ ਹੋਈ ਸੀ। ਗੁਰੂ ਅਮਰ ਦਾਸ ਦਾ ਗੁਰੂ ਅੰਗਦ ਦੇਵ ਨਾਲ ਮਿਲਾਪ ਕਰਾਉਣ ਵਾਲੀ ਵੀ ਬੀਬੀ ਅਮਰੋ ਹੀ ਸਨ। ਪਿੰਡ ਬਾਸਰਕੇ ਵਿਖੇ ਗੁਰਦੁਆਰਾ ਜਨਮ ਸਥਾਨ ਪਾਤਸ਼ਾਹੀ ਤੀਸਰੀ ਦੇ ਨਾਲ ਹੀ ਗੁਰਦੁਆਰਾ ਅੰਗੀਠਾ ਬੀਬੀ ਅਮਰੋ ਜੀ ਸੁਸ਼ੋਭਿਤ ਹੈ।

ਭਾਈ ਜੇਠਾ ਜੋ ਬਾਅਦ ਵਿਚ ਗੁਰੂ ਰਾਮਦਾਸ ਬਣੇ ਦਾ ਜਨਮ ਭਾਵੇਂ ਚੂਨਾ ਮੰਡੀ ਲਾਹੌਰ ਦਾ ਸੀ ਪਰ ਆਪ ਦੇ ਮਾਤਾ-ਪਿਤਾ ਦੀ ਬਾਲ ਵਰੇਸ ਉਮਰੇ ਹੀ ਅਕਾਲ ਚਲਾਣਾ ਹੋ ਜਾਣ ਕਰਕੇ ਪਾਲਣ-ਪੋਸ਼ਣ ਨਾਨਕੇ ਘਰ ਪਿੰਡ ਬਾਸਰਕੇ ਵਿਖੇ ਹੀ ਹੋਇਆ। ਦੋਹਤਾ ਬਾਣੀ ਕਾ ਬੋਹਿਥਾ ਦਾ ਵਰ ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਕਰਨ ਵਾਲੇ ਸ਼੍ਰੀ ਗੁਰੂ ਅਰਜਨ ਦੇਵ ਦਾ ਨਾਨਕਾ ਪਿੰਡ ਹੋਣ ਦਾ ਮਾਣ ਵੀ ਪਿੰਡ ਬਾਸਰਕੇ ਨੂੰ ਪ੍ਰਾਪਤ ਹੈ।

ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਚਰਨ ਛੋਹ ਵੀ ਇਸ ਪਿੰਡ ਨੂੰ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਜਦੋਂ ਗੁਰੂ ਅੰਗਦਦੇਵ ਨੇ ਗੁਰਗੱਦੀ ਗੁਰੂ ਅਮਰਦਾਸ ਨੂੰ ਸੌਂਪੀ ਤਾਂ ਗੁਰੂ ਅੰਗਦ ਦੇਵ ਦੇ ਪੁੱਤਰਾਂ ਦਾਤੂ ਅਤੇ ਦਾਸੂ ਨੇ ਇਸ ਦਾ ਕਰੜਾ ਵਿਰੋਧ ਕੀਤਾ। ਇਸ ਲਈ ਬਿਨ੍ਹਾਂ ਕਿਸੇ ਨੂੰ ਦੱਸਿਆ ਗੁਰੂ ਜੀ ਗੋਇੰਦਵਾਲ ਤੋਂ ਪਿੰਡ ਬਾਸਰਕੇ ਆ ਗਏ ਅਤੇ ਇਥੇ ਮਲੇ-ਝਾੜੀਆਂ ਵਿਚ ਬਣੇ ਇਕ ਕੱਚੇ ਕੋਠੇ ਵਿਚ ਬੈਠ ਕੇ ਭਜਨ ਬੰਦਗੀ ਕਰਨ ਲੱਗ ਪਏ। ਗੋਇੰਦਵਾਲ ਤੋਂ ਸੰਗਤਾਂ ਗੁਰੂ ਜੀ ਦੀ ਭਾਲ ਕਰਨ ਦੀ ਬੇਨਤੀ ਨੂੰ ਮੰਨ, ਗੁਰੂ ਜੀ ਦੀ ਘੋੜੀ ਤੋਂ ਸੇਧ ਲੈ ਇਥੇ ਹਾਜ਼ਰ ਹੋਏ। ਜਦ ਦਰਵਾਜ਼ੇ 'ਤੇ ਲਿਖਿਆ ਪੜ੍ਹਿਆ ਕਿ ਜੋ ਬੂਹਾ ਖੋਲੇਗਾ, ਉਹ ਗੁਰੂ ਕਾ ਸਿੱਖ ਨਹੀਂ ਹੋਵੇਗਾ ਤਾਂ ਬਾਬਾ ਬੁੱਢਾ ਨੇ ਦਰਵਾਜ਼ਾ ਖੋਲ੍ਹਣ ਦੀ ਬਜਾਏ ਮਗਰੋਂ ਪਾੜ ਲਾ ਕੇ ਗੁਰੂ ਜੀ ਦੇ ਦਰਸ਼ਨ ਆਪ ਕੀਤੇ ਅਤੇ ਸੰਗਤਾਂ ਨੂੰ ਕਰਵਾਏ। ਇਸ ਅਸਥਾਨ ਤੇ ਗੁਰਦੁਆਰਾ ਸੰਨ੍ਹ ਸਾਹਿਬ ਸੁਸ਼ੋਭਿਤ ਹੈ। ਇਸ ਸਥਾਨ ਦੀ ਮਹਿਮਾ ਦਾ ਵਰਣਨ ਮਹਾਂ ਕਵੀ ਭਾਈ ਸੰਤੋਖ ਸਿੰਘ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਵੀ ਕੀਤਾ ਹੋਇਆ ਹੈ।

ਮੋਬਾਈਲ ਨੰਬਰ 9914716616



**ਦੋਹਤਾ ਬਾਣੀ ਕਾ ਬੋਹਥਾ ਦਾ ਵਰ ਗੁਰੂ ਅਮਰਦਾਸ ਤੋਂ ਪ੍ਰਾਪਤ ਕਰਨ ਵਾਲੇ ਸ਼੍ਰੀ ਗੁਰੂ ਅਰਜਨ ਦੇਵ ਦਾ ਨਾਨਕੇ ਹੋਣ ਦਾ ਮਾਣ ਵੀ ਪਿੰਡ ਬਾਸਰਕੇ ਨੂੰ ਪ੍ਰਾਪਤ ਹੈ।**

# ਭਾਰਤ ਦੇ ਵਿਕਾਸ ਦੀ ਕਹਾਣੀ ਦੇ ਕੇਂਦਰ ਵਿੱਚ ਮਹਿਲਾਵਾਂ



ਸ਼੍ਰੀਮਤੀ ਵਿਜਯਾ ਰਹਾਟਕਰ

ਭਾਰਤ ਦੀ ਵਿਕਾਸ ਦੀ ਕਹਾਣੀ ਨੂੰ ਅਕਸਰ ਸੰਖਿਆਵਾਂ, ਵਿਕਾਸ ਦਰਾਂ, ਬੁਨਿਆਦੀ ਢਾਂਚੇ ਦੇ ਵਿਸਥਾਰ ਅਤੇ ਆਰਥਿਕ ਪ੍ਰਾਪਤੀਆਂ ਦੇ ਰੂਪ ਵਿੱਚ ਪ੍ਰਗਟ ਕੀਤਾ ਜਾਂਦਾ ਹੈ। ਪਰ, ਪਿਛਲੇ ਦਹਾਕੇ ਦਾ ਸਭ ਤੋਂ ਵੱਡਾ ਬਦਲਾਅ ਅੰਕੜਿਆਂ ਤੋਂ ਪਰੇ ਹੈ। ਇਹ ਇੱਕ ਡੂੰਘੇ ਸਮਾਜਿਕ ਬਦਲਾਅ ਵਿੱਚ ਝਲਕਦਾ ਹੈ—ਮਹਿਲਾਵਾਂ ਦਾ ਕੇਵਲ ਭਾਗੀਦਾਰ ਵਜੋਂ ਨਹੀਂ, ਸਗੋਂ ਰਾਸ਼ਟਰ ਦੇ ਭਵਿੱਖ ਨੂੰ ਰੂਪ ਦੇਣ ਵਾਲੀਆਂ ਮੋਹਰੀ ਸ਼ਖ਼ਸੀਅਤਾਂ ਵਜੋਂ ਉਭਰਨਾ।
ਮਹਿਲਾਵਾਂ ਦੀ ਅਗਵਾਈ ਵਿੱਚ ਵਿਕਾਸ ਵੱਲ ਇਹ ਬਦਲਾਅ ਨਾ ਤਾਂ ਅਚਾਨਕ ਹੈ ਅਤੇ ਨਾ ਹੀ ਵੱਖਰਾ ਹੈ। ਇਹ ਇੱਕ ਸੋਚ-ਸਮਝ ਕੇ ਕੀਤੇ ਗਏ ਨਿਰੰਤਰ ਯਤਨ ਦਾ ਨਤੀਜਾ ਹੈ, ਜੋ ਜੀਵਨ ਦੇ ਹਰ ਪੜਾਅ ਵਿੱਚ ਮਹਿਲਾਵਾਂ ਨੂੰ ਸਮਰਥਨ ਦੇਣ ਲਈ ਇੱਕ ਸਮਰੱਥ ਈਕੋਸਿਸਟਮ ਦਾ ਨਿਰਮਾਣ ਕਰਦਾ ਹੈ। ਲੜਕੀ ਦੇ ਜਨਮ ਤੋਂ ਲੈ ਕੇ ਉਦਮੀ, ਪੇਸ਼ੇਵਰ, ਜਾਂ ਜਨਤਕ ਪ੍ਰਤੀਨਿਧੀ ਵਜੋਂ ਉਸ ਦੀ ਯਾਤਰਾ ਤੱਕ, ਇਹ ਪਹੁੰਚ ਸੰਪੂਰਨ, ਸਥਾਈ ਅਤੇ ਪਰਿਵਰਤਨਕਾਰੀ ਰਹੀ ਹੈ।ਰਾਜਨੀਤਿਕ ਭਾਗੀਦਾਰੀ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਗਈ ਹੈ। ਚੁਣੀਆਂ ਹੋਈਆਂ ਮਹਿਲਾ ਪ੍ਰਤੀਨਿਧੀਆਂ ਦੀ ਗਿਣਤੀ 12,14,885 ਹੈ, ਜਿਨ੍ਹਾਂ ਦੀ ਕੁੱਲ 24,41,781 ਚੁਣੇ ਹੋਏ ਪ੍ਰਤੀਨਿਧੀਆਂ ਵਿੱਚ ਹਿੱਸੇਦਾਰੀ 49.75% ਹੈ—ਇਸ ਪ੍ਰਕਾਰ, ਮਹਿਲਾਵਾਂ ਜ਼ਮੀਨੀ ਪੱਧਰ 'ਤੇ ਸ਼ਾਸਨ ਵਿੱਚ ਸਰਗਰਮ ਰੂਪ ਵਿੱਚ ਹਿੱਸਾ ਲੈ ਰਹੀਆਂ ਹਨ। ਇਸ ਲੜੀ ਵਿੱਚ, ਨਾਰੀ ਸ਼ਕਤੀ ਵੰਦਨ ਅਧਿਨਿਯਮ ਇੱਕ ਇਤਿਹਾਸਕ ਅਤੇ ਪਰਿਵਰਤਨਕਾਰੀ ਉਪਲਬਧੀ ਹੈ, ਜਿਸ ਦੇ ਤਹਿਤ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਲਈ ਇੱਕ-ਤਿਹਾਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ। ਇਹ ਉੱਚ ਵਿਧਾਨਕ ਖੇਤਰਾਂ ਵਿੱਚ ਮਹਿਲਾਵਾਂ ਦੀ ਲੀਡਰਸ਼ਿਪ ਸਮਰੱਥਾ ਨੂੰ ਮਜ਼ਬੂਤ ਕਰਨ ਵਿੱਚ ਰਾਸ਼ਟਰ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਇਤਿਹਾਸਕ ਸੁਧਾਰ ਦੀ ਅਸਲ ਸਮਰੱਥਾ ਕੇਵਲ ਇਸ ਦੇ ਪ੍ਰਭਾਵਸ਼ਾਲੀ ਲਾਗੂਕਰਨ ਰਾਹੀਂ ਹੀ ਹਾਸਲ ਕੀਤੀ ਜਾ ਸਕਦੀ ਹੈ। ਅਧਿਨਿਯਮ ਦੀਆਂ ਵਿਵਸਥਾਵਾਂ ਨੂੰ ਜਲਦ ਤੋਂ ਜਲਦ ਲਾਗੂ ਕਰਨ ਦੀ ਜ਼ਰੂਰਤ ਹੈ, ਤਾਂ ਜੋ ਮਹਿਲਾਵਾਂ ਦੀ ਆਵਾਜ਼ ਨੂੰ ਸਿਰਫ਼ ਮਾਨਤਾ ਹੀ ਨਾ ਮਿਲੇ, ਸਗੋਂ ਦੇਸ਼ ਦੇ ਲੋਕਤੰਤਰੀ ਢਾਂਚੇ ਵਿੱਚ ਇਸ ਨੂੰ ਸੰਸਥਾਗਤ ਰੂਪ ਵਿੱਚ ਸ਼ਾਮਲ ਕੀਤਾ ਜਾ ਸਕੇ। ਇਸ ਦੇ ਜਲਦੀ ਲਾਗੂ ਹੋਣ ਨਾਲ ਨਾ ਸਿਰਫ਼ ਸਮਾਵੇਸ਼ੀ ਸ਼ਾਸਨ ਨੂੰ ਗਤੀ ਮਿਲੇਗੀ, ਸਗੋਂ ਇਹ ਬਿਹਤਰ ਪ੍ਰਤੀਨਿਧਤਾ ਅਤੇ ਨਿਆਂਪੂਰਨ ਰਾਜਨੀਤਿਕ ਦ੍ਰਿਸ਼ ਲਈ ਇੱਕ ਸ਼ਕਤੀਸ਼ਾਲੀ ਉਤਪ੍ਰੇਰਕ ਵਜੋਂ ਵੀ ਕੰਮ ਕਰੇਗਾ।

ਦਹਾਕਿਆਂ ਤੱਕ, ਲਿੰਗ ਪੱਖਪਾਤ ਨੇ ਭਾਰਤ ਦੇ ਜਨਸੰਖਿਅਕ ਅਤੇ ਸਮਾਜਿਕ ਸੂਚਕਾਂ ਨੂੰ ਪ੍ਰਭਾਵਿਤ ਕੀਤਾ। ਅੱਜ, ਉਹ ਕਹਾਣੀ ਹੌਲੀ-ਹੌਲੀ ਮੁੜ ਲਿਖੀ ਜਾ ਰਹੀ ਹੈ। 'ਬੇਟੀ ਬਚਾਓ ਬੇਟੀ ਪੜ੍ਹਾਓ' ਵਰਗੀਆਂ ਪਹਿਲਕਦਮੀਆਂ ਨੇ ਡੂੰਘੀਆਂ ਜੜ੍ਹਾਂ ਜਮਾ ਚੁੱਕੀਆਂ ਮਾਨਸਿਕਤਾਵਾਂ ਨੂੰ ਚੁਣੌਤੀ ਦੇਣ ਅਤੇ ਲੜਕੀ ਦੀ ਕੀਮਤ ਨੂੰ ਮਜ਼ਬੂਤ ਕਰਨ ਦਾ ਯਤਨ ਕੀਤਾ ਹੈ। ਇਸ ਦਾ ਪ੍ਰਭਾਵ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐੱਨਐੱਫਐੱਚਐੱਸ-5) ਵਿੱਚ ਦਿਖਾਈ ਦਿੰਦਾ ਹੈ, ਜਿਸ ਵਿੱਚ 1,000 ਮਰਦਾਂ ਪਿੱਛੇ 1,020 ਮਹਿਲਾਵਾਂ ਦਾ ਲਿੰਗ ਅਨੁਪਾਤ ਦਰਜ ਕੀਤਾ ਗਿਆ ਹੈ, ਜੋ ਸਿਰਫ਼ ਸੰਖਿਆਤਮਕ ਸੁਧਾਰ ਹੀ ਨਹੀਂ ਸਗੋਂ ਸਮਾਜਿਕ ਬਦਲਾਅ ਦਾ ਵੀ ਸੰਕੇਤ ਦਿੰਦਾ ਹੈ। 'ਮਿਸ਼ਨ ਇੰਦਰਧਨੁਸ਼' ਵਰਗੇ ਪ੍ਰੋਗਰਾਮ ਜੀਵਨ ਦੇ ਸ਼ੁਰੂਆਤੀ ਪੜਾਅ ਵਿੱਚ ਮੁਕੰਮਲ ਟੀਕਾਕਰਨ ਯਕੀਨੀ ਬਣਾਉਂਦੇ ਹਨ। 'ਮਿਸ਼ਨ ਸਕਸ਼ਮ ਆਂਗਣਵਾੜੀ', 'ਪੋਸ਼ਣ 2.0', ਅਤੇ 'ਪੋਸ਼ਣ ਅਭਿਆਨ' ਦੇ ਯਤਨ ਕੁਪੋਸ਼ਣ ਦਾ ਹੱਲ ਕਰਦੇ ਹਨ—ਇਹ ਮੰਨਦੇ ਹੋਏ ਕਿ ਸਿਹਤਮੰਦ ਬਚਪਨ, ਸਸ਼ਕਤ ਬਾਲਗਪੁਣੇ ਵੱਲ ਪਹਿਲਾ ਕਦਮ ਹੁੰਦਾ ਹੈ।
ਮਾਵਾਂ ਲਈ, ਸੰਸਥਾਗਤ ਸਮਰਥਨ ਵਿੱਚ ਕਾਫ਼ੀ ਵਿਸਥਾਰ ਹੋਇਆ ਹੈ। ਪੀਐੱਮਐੱਮਵੀਵਾਈ ਦੇ ਤਹਿਤ, 4.28 ਕਰੋੜ ਤੋਂ ਵੱਧ ਮਹਿਲਾਵਾਂ ਨੂੰ 20,149 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਵੰਡੀ ਗਈ ਹੈ, ਜੋ ਗਰਭ ਅਵਸਥਾ ਦੌਰਾਨ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ।

ਮਹਿਲਾਵਾਂ ਸਿਰਫ਼ ਹਿੱਸਾ ਹੀ ਨਹੀਂ ਲੈ ਰਹੀਆਂ—ਉਹ ਅਗਵਾਈ ਵੀ ਕਰ ਰਹੀਆਂ ਹਨ। ਭਾਰਤ ਦੇ ਸਟਾਰਟਅੱਪ ਈਕੋਸਿਸਟਮ ਵਿੱਚ ਸੰਸਥਾਪਕਾਂ ਅਤੇ ਫੈਸਲਾ ਲੈਣ ਵਾਲਿਆਂ ਵਜੋਂ ਮਹਿਲਾਵਾਂ ਦੀ ਭੂਮਿਕਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਉਹ ਨਵੀਨਤਾ ਅਤੇ ਉੱਦਮ ਵਿੱਚ ਵੀ ਯੋਗਦਾਨ ਪਾ ਰਹੀਆਂ ਹਨ। ਇਸ ਤਬਦੀਲੀ ਵਿੱਚ ਵਿੱਤੀ ਸਮਾਵੇਸ਼ ਨੇ ਅਹਿਮ ਭੂਮਿਕਾ ਨਿਭਾਈ ਹੈ। ਪੀਐੱਮਐੱਮਵਾਈ ਦੇ ਤਹਿਤ, 40 ਲੱਖ ਕਰੋੜ ਰੁਪਏ ਤੋਂ ਵੱਧ ਮੁੱਲ ਦੇ 57.79 ਕਰੋੜ ਕਰਜ਼ੇ ਪ੍ਰਦਾਨ ਕੀਤੇ ਗਏ ਹਨ, ਜਿਨ੍ਹਾਂ ਵਿੱਚ ਲਗਭਗ 66% ਲਾਭਪਾਤਰੀ ਮਹਿਲਾਵਾਂ ਹਨ। ਹਰੇਕ ਕਰਜ਼ਾ ਸਿਰਫ਼ ਵਿੱਤੀ ਸਹਾਇਤਾ ਦਾ ਹੀ ਨਹੀਂ, ਸਗੋਂ ਮਹਿਲਾਵਾਂ ਦੀਆਂ ਇੱਛਾਵਾਂ ਵਿੱਚ ਵਿਸ਼ਵਾਸ ਦਾ ਵੀ ਪ੍ਰਤੀਕ ਹੈ। ਇਸ ਦੇ ਪੂਰਕ ਵਜੋਂ, ਜਨ ਧਨ ਯੋਜਨਾ ਦੇ ਤਹਿਤ ਵਿੱਤੀ ਸਮਾਵੇਸ਼ ਹੋਰ ਡੂੰਘਾ ਹੋਇਆ ਹੈ, ਜਿਸ ਦੇ ਅਧੀਨ 57.93 ਕਰੋੜ ਬੈਂਕ ਖਾਤੇ ਖੋਲ੍ਹੇ ਗਏ ਹਨ, ਜਿਨ੍ਹਾਂ ਵਿੱਚੋਂ 32.29 ਕਰੋੜ (55.7%) ਮਹਿਲਾਵਾਂ ਦੇ ਹਨ।

ਜ਼ਮੀਨੀ ਪੱਧਰ 'ਤੇ, ਪਰਿਵਰਤਨ ਦਾ ਪੈਮਾਨਾ ਹੋਰ ਵੀ ਜ਼ਿਆਦਾ ਪ੍ਰਭਾਵਸ਼ਾਲੀ ਹੈ। ਲਗਭਗ 10 ਕਰੋੜ ਮਹਿਲਾਵਾਂ ਨੂੰ 90 ਲੱਖ ਤੋਂ ਵੱਧ ਸਵੈ-ਸਹਾਇਤਾ ਸਮੂਹਾਂ ਵਿੱਚ ਸੰਗਠਿਤ ਕੀਤਾ ਗਿਆ ਹੈ, ਜਿਸ ਨਾਲ ਸਮੂਹਿਕ ਸਹਿਣਸ਼ੀਲਤਾ, ਵਿੱਤੀ ਸੁਤੰਤਰਤਾ ਅਤੇ ਸਮਾਜਿਕ ਆਤਮ-ਵਿਸ਼ਵਾਸ ਨੂੰ ਹੁਲਾਰਾ ਮਿਲਿਆ ਹੈ। ਇਸ ਈਕੋਸਿਸਟਮ ਨੇ 3 ਕਰੋੜ ਤੋਂ ਵੱਧ ਮਹਿਲਾਵਾਂ ਨੂੰ ਲਖਪਤੀ ਦੀਦੀ ਵਜੋਂ ਉਭਰਨ ਵਿੱਚ ਸਮਰੱਥ ਬਣਾਇਆ ਹੈ ਅਤੇ ਸਵੈ-ਸਹਾਇਤਾ ਸਮੂਹਾਂ ਨੂੰ 12.50 ਲੱਖ ਕਰੋੜ ਰੁਪਏ ਤੋਂ ਵੱਧ ਦਾ ਬੈਂਕ ਕਰਜ਼ਾ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ, 84 ਲੱਖ ਗ੍ਰਾਮੀਣ ਮਹਿਲਾਵਾਂ ਉਦਮੀ ਬਣ ਚੁੱਕੀਆਂ ਹਨ, ਜਦੋਂ ਕਿ 5 ਕਰੋੜ ਮਹਿਲਾ ਕਿਸਾਨਾਂ ਨੇ ਉੱਨਤ ਅਤੇ ਟਿਕਾਊ ਖੇਤੀ ਅਭਿਆਸਾਂ ਵਿੱਚ ਸਿਖਲਾਈ ਪ੍ਰਾਪਤ ਕੀਤੀ ਹੈ। ਸੁਭਾਵਿਕ ਤੌਰ 'ਤੇ ਅਗਲਾ ਸਵਾਲ ਉੱਠਦਾ ਹੈ—ਕੀ ਸਸ਼ਕਤੀਕਰਨ, ਆਜੀਵਿਕਾ ਤੋਂ ਖੁਸ਼ਹਾਲੀ ਵੱਲ ਵਧ ਸਕਦਾ ਹੈ? ਲਖਪਤੀ ਦੀਦੀ ਵਰਗੀਆਂ ਪਹਿਲਕਦਮੀਆਂ ਦਾ ਟੀਚਾ ਆਮਦਨ ਦੇ ਸਾਧਨਾਂ ਨੂੰ ਮਜ਼ਬੂਤ ਕਰਨਾ ਹੈ, ਜਦੋਂ ਕਿ ਡਰੋਨ ਦੀਦੀ ਪਹਿਲ, ਜਿਸ ਦਾ ਟੀਚਾ 15,000 ਮਹਿਲਾਵਾਂ ਨੂੰ ਡਰੋਨ ਪਾਇਲਟ ਵਜੋਂ ਸਿਖਲਾਈ ਦੇਣਾ ਹੈ, ਇੱਕ ਦੂਰਅੰਦੇਸ਼ੀ ਪਹੁੰਚ ਨੂੰ ਦਰਸਾਉਂਦੀ ਹੈ—ਗ੍ਰਾਮੀਣ ਮਹਿਲਾਵਾਂ ਨੂੰ ਤਕਨਾਲੋਜੀ-ਸੰਚਾਲਿਤ ਖੇਤੀਬਾੜੀ ਈਕੋਸਿਸਟਮ ਵਿੱਚ ਏਕੀਕ੍ਰਿਤ ਕਰਨਾ।

ਸਸ਼ਕਤੀਕਰਨ ਦਾ ਮਤਲਬ ਰੋਜ਼ਾਨਾ ਦੇ ਬੋਝ ਨੂੰ ਸੌਖਾ ਬਣਾਉਣਾ ਵੀ ਹੈ। ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੇ ਤਹਿਤ 10.56 ਕਰੋੜ ਤੋਂ ਵੱਧ ਧੂੰਆਂ-ਰਹਿਤ ਰਸੋਈ ਘਰਾਂ ਨੇ ਸਿਹਤ ਵਿੱਚ ਸੁਧਾਰ ਕੀਤਾ ਹੈ ਅਤੇ ਮੁਸ਼ਕਲਾਂ ਨੂੰ ਘੱਟ ਕੀਤਾ ਹੈ। ਸਵੱਛ ਭਾਰਤ ਮਿਸ਼ਨ ਦੇ ਤਹਿਤ 11.8 ਕਰੋੜ ਤੋਂ ਵੱਧ ਪਖਾਨਿਆਂ ਦੇ ਨਿਰਮਾਣ ਨੇ ਮਾਣ-ਸਤਿਕਾਰ ਅਤੇ ਸੁਰੱਖਿਆ ਵਿੱਚ ਵਾਧਾ ਕੀਤਾ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ, ਜਿਸ ਦੀਆਂ 73% ਲਾਭਪਾਤਰੀ ਮਹਿਲਾਵਾਂ ਹਨ, ਦੇ ਤਹਿਤ ਬਣੇ ਘਰਾਂ ਨੇ ਮਾਲਕੀ ਅਤੇ ਸੁਰੱਖਿਆ ਨੂੰ ਮਜ਼ਬੂਤ ਕੀਤਾ ਹੈ। ਮਿਲ ਕੇ ਇਹ ਸਾਰੀਆਂ ਪਹਿਲਕਦਮੀਆਂ ਰੋਜ਼ਾਨਾ ਜੀਵਨ ਵਿੱਚ ਮਾਣ-ਸਤਿਕਾਰ ਦੀ ਪਰਿਭਾਸ਼ਾ ਨੂੰ ਨਵੇਂ ਸਿਰੇ ਤੋਂ ਸਥਾਪਿਤ ਕਰਦੀਆਂ ਹਨ।

ਇਸ ਦੇ ਨਾਲ ਹੀ, ਮਹਿਲਾਵਾਂ ਉਨ੍ਹਾਂ ਥਾਵਾਂ 'ਤੇ ਵੀ ਪ੍ਰਵੇਸ਼ ਕਰ ਰਹੀਆਂ ਹਨ, ਜਿਨ੍ਹਾਂ ਨੂੰ ਕਦੇ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਮੰਨਿਆ ਜਾਂਦਾ ਸੀ। ਸਸ਼ਸਤਰ ਬਲ (ਹਥਿਆਰਬੰਦ ਸੈਨਾਵਾਂ) ਇਸ ਬਦਲਦੀ ਹੋਈ ਅਸਲੀਅਤ ਨੂੰ ਦਰਸਾਉਂਦੇ ਹਨ, ਜਿੱਥੇ ਮਹਿਲਾਵਾਂ ਅਗਵਾਈ ਅਤੇ ਜ਼ਿੰਮੇਵਾਰੀ ਦੀਆਂ ਭੂਮਿਕਾਵਾਂ ਨਿਭਾ ਰਹੀਆਂ ਹਨ, ਜਿਸ ਵਿੱਚ ਜੰਗੀ ਖੇਤਰ ਵੀ ਸ਼ਾਮਲ ਹਨ। ਸਵਾਲ ਹੁਣ ਇਹ ਨਹੀਂ ਹੈ ਕਿ ਮਹਿਲਾਵਾਂ ਸੇਵਾ ਕਰ ਸਕਦੀਆਂ ਹਨ ਜਾਂ ਨਹੀਂ, ਸਗੋਂ ਇਹ ਹੈ ਕਿ ਉਹ ਕਿੰਨੀ ਦੂਰ ਤੱਕ ਅਗਵਾਈ ਕਰ ਸਕਦੀਆਂ ਹਨ।

ਕਾਰਜਸਥਾਨ ਦੇ ਸੁਧਾਰਾਂ ਨੇ ਵੀ ਇਸ ਬਦਲਾਅ ਵਿੱਚ ਯੋਗਦਾਨ ਪਾਇਆ ਹੈ। ਨਵੀਂ ਕਿਰਤ ਸੰਹਿਤਾਵਾਂ ਮਹਿਲਾ ਕਰਮਚਾਰੀਆਂ ਨੂੰ ਉਚਿਤ ਸੁਰੱਖਿਆ ਉਪਾਵਾਂ ਦੇ ਨਾਲ ਵੱਖ-ਵੱਖ ਖੇਤਰਾਂ ਵਿੱਚ, ਜਿਸ ਵਿੱਚ ਰਾਤ ਦੀ ਸ਼ਿਫਟ ਵੀ ਸ਼ਾਮਲ ਹੈ, ਕੰਮ ਕਰਨ ਦੇ ਯੋਗ ਬਣਾ ਕੇ ਸਮਾਵੇਸ਼ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਸੰਹਿਤਾਵਾਂ ਬਰਾਬਰ ਤਨਖਾਹ, ਸਮਾਜਿਕ ਸੁਰੱਖਿਆ ਅਤੇ ਸਨਮਾਨ 'ਤੇ ਜ਼ੋਰ ਦਿੰਦੀਆਂ ਹਨ—ਸੁਰੱਖਿਆ ਤੋਂ ਸਸ਼ਕਤੀਕਰਨ ਵੱਲ ਬਦਲਾਅ ਨੂੰ ਰੇਖਾਂਕਿਤ ਕਰਦੀਆਂ ਹਨ।
ਸੰਸਥਾਗਤ ਸਮਰਥਨ ਇੱਕ ਮਹੱਤਵਪੂਰਨ ਥੰਮ੍ਹ ਰਿਹਾ ਹੈ। ਰਾਸ਼ਟਰੀ ਮਹਿਲਾ ਕਮਿਸ਼ਨ (ਐੱਨਸੀਡਬਲਿਊ) ਨੇ ਸ਼ਿਕਾਇਤ ਨਿਵਾਰਣ ਤੋਂ ਅੱਗੇ ਵਧ ਕੇ ਸਰਗਰਮ ਸ਼ਮੂਲੀਅਤ ਅਤੇ ਸਮਰੱਥਾ ਨਿਰਮਾਣ ਦੇ ਖੇਤਰ ਵਿੱਚ ਵੀ ਆਪਣਾ ਵਿਸਥਾਰ ਕੀਤਾ ਹੈ। 'ਸ਼ੀ ਸਰਵਜ਼' ਵਰਗੀਆਂ ਪਹਿਲਕਦਮੀਆਂ ਮਹਿਲਾ ਉਮੀਦਵਾਰਾਂ ਦਾ ਮਾਰਗਦਰਸ਼ਨ ਕਰਦੀਆਂ ਹਨ, ਜਦੋਂ ਕਿ 'ਯਸ਼ੋਦਾ ਏਆਈ' ਉਨ੍ਹਾਂ ਨੂੰ ਉਭਰਦੇ ਤਕਨੀਕੀ ਹੁਨਰ ਪ੍ਰਦਾਨ ਕਰਦੀ ਹੈ। 'ਕੈਂਪਸ ਕਾਲਿੰਗ' ਨੌਜਵਾਨਾਂ ਵਿੱਚ ਜਾਗਰੂਕਤਾ ਵਧਾਉਂਦਾ ਹੈ, 'ਸ਼ੀ ਇਜ਼ ਅ ਚੇਂਜ ਮੇਕਰ' ਪ੍ਰੋਗਰਾਮ ਜ਼ਮੀਨੀ ਪੱਧਰ 'ਤੇ ਲੀਡਰਸ਼ਿਪ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ ਅਤੇ 'ਮਹਿਲਾ ਜਨਸੁਣਵਾਈ' ਸੁਲਭ ਸ਼ਿਕਾਇਤ ਨਿਵਾਰਣ ਯਕੀਨੀ ਬਣਾਉਂਦਾ ਹੈ।
ਜੋ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਯਤਨਾਂ ਦਾ ਇੱਕ ਸ਼ਕਤੀਸ਼ਾਲੀ ਤਾਲਮੇਲ ਹੈ, ਜੋ ਮਹਿਲਾ-ਅਗਵਾਈ ਵਾਲੇ ਵਿਕਾਸ ਦੇ ਨਵੇਂ ਯੁੱਗ ਨੂੰ ਰੂਪ ਦੇ ਰਿਹਾ ਹੈ। (**ਲੇਖਿਕਾ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਹਨ**)

## ਕਾਂਗਰਸ ਵੱਲੋਂ ਸੰਗਠਨ ਸਿਰਜਣ ਅਭਿਆਨ ਤਹਿਤ ਜ਼ਿਲ੍ਹਾ ਕਮੇਟੀ ਦੀ ਸੂਚੀ ਜਾਰੀ

**ਮਾਛੀਵਾੜਾ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਠਨ ਸਿਰਜਣ ਅਭਿਆਨ ਦੇ ਤਹਿਤ ਜ਼ਿਲ੍ਹਾ ਕਾਂਗਰਸ ਕਮੇਟੀ ਖੰਨਾ ਦੇ ਅਹੁਦੇਦਾਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਜਿਸ ਦੌਰਾਨ ਕਸਤੂਰੀ ਲਾਲ ਮਿੰਟੂ ਪੁਲਿਸ ਜ਼ਿਲ੍ਹਾ ਖੰਨਾ ਦੇ ਵਾਈਸ ਪ੍ਰੈਜ਼ੀਡੈਂਟ , ਜਗਜੀਤ ਸਿੰਘ ਪ੍ਰਿਥੀਪੁਰ ਜਨਰਲ ਸੈਕਟਰੀ, ਸੋਮਨਾਥ ਸੈਕਟਰੀ , ਅਮਨਦੀਪ ਸਿੰਘ ਸੈਕਟਰੀ ਦੀ ਨਿਯੁਕਤੀ ਕੀਤੀ ਗਈ ਹੈ। ਇਹ ਨਿਯੁਕਤੀਆਂ ਸੂਬੇ ਵਿੱਚ ਆਉਣ ਵਾਲੀਆਂ 2027 ਦੀਆਂ ਵਿਧਾਨਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਪਾਰਟੀ ਦੀ ਮਜ਼ਬੂਤੀ ਲਈ ਕੀਤੀਆਂ ਗਈਆਂ ਹਨ ਹਨ।

ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਇਹਨਾਂ ਨਿਯੁਕਤੀਆਂ ਕਰਨ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਤੇ ਨਾਲ ਹੀ ਨਵੇਂ ਨਿਯੁਕਤ ਕੀਤੇ ਗਏ ਅਹੁਦੇਦਾਰਾਂ ਨੂੰ ਵਧਾਈ ਵੀ ਦਿੱਤੀ। ਉਹਨਾਂ ਨੇ ਕਿਹਾ ਵਿਧਾਨ ਸਭਾ ਚੋਣਾਂ ਅੰਦਰ ਕਮੇਟੀਆਂ ਆਪਣੀ ਅਹਿਮ ਭੂਮਿਕਾ ਨਿਭਾਉਣਗੀਆਂ ਅਤੇ ਕਾਂਗਰਸ ਪਾਰਟੀ ਦੀ ਜਿੱਤ ਦਾ ਰਾਹ ਪੱਧਰਾ ਕਰਨਗੀਆਂ।

ਉਹਨਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਇਸ ਕਦਰ ਖਰਾਬ ਹੋ ਗਏ ਹਨ ਕਿ ਲੋਕਾਂ ਦਾ ਘਰਾਂ ਵਿੱਚੋਂ ਨਿਕਲਣਾ ਮੁਸ਼ਕਿਲ ਹੋ ਗਿਆ ਹੈ ।ਇਸ ਲਈ ਲੋਕ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਤਤਪਰ ਹਨ, ਸੋ ਸਾਰੇ ਹੀ ਕਾਂਗਰਸੀ ਆਗੂਆਂ ਦੇ ਵਰਕਰਾਂ ਨੂੰ ਅੱਜ ਤੋਂ ਹੀ 2027 ਦੀਆਂ ਚੋਣਾਂ ਲਈ ਜੁੱਟ ਜਾਣਾ ਚਾਹੀਦਾ ਹੈ।

## ਫਿਜੀਓਥਰੈਪਰਿਸਟ ਹਾਦਸੇ ਦਾ ਸ਼ਿਕਾਰ ਹਾਦਸੇ ਤੋਂ ਬਾਅਦ ਕਾਰ ਚਾਲਕ ਫਰਾਰ



**ਮਾਛੀਵਾੜਾ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਰਾਲਾ ਦਾ ਰਹਿਣ ਵਾਲਾ ਫਿਜ਼ੀਓਥੈਰੇਪਿਸਟ ਭਵਨ ਗੌਤਮ, ਮਾਛੀਵਾੜਾ ਨੇੜੇ ਇੱਕ ਮਰੀਜ਼ ਨੂੰ ਮਿਲਣ ਜਾ ਰਿਹਾ ਸੀ ਜਦੋਂ ਉਸਨੂੰ ਇੱਕ ਤੇਜ਼ ਰਫ਼ਤਾਰ ਸਵਿਫਟ ਕਾਰ ਨੇ ਟੱਕਰ ਮਾਰ ਦਿੱਤੀ। ਨਤੀਜੇ ਵਜੋਂ ਉਸਨੂੰ ਗੰਭੀਰ ਸੱਟਾਂ ਲੱਗੀਆਂ। ਰਿਪੋਰਟਾਂ ਅਨੁਸਾਰ ਭਵਨ ਗੌਤਮ ਸਮਰਾਲਾ ਵਿੱਚ ਇੱਕ ਪ੍ਰੈਕਟਿਸ ਕਰਨ ਵਾਲਾ ਫਿਜ਼ੀਓਥੈਰੇਪਿਸਟ ਹੈ। ਉਹ ਸ਼ਹਿਰ ਵਿੱਚ ਆਪਣਾ ਕਲੀਨਿਕ ਚਲਾਉਂਦਾ ਹੈ ਅਤੇ ਲੋੜ ਪੈਣ 'ਤੇ ਮਰੀਜ਼ਾਂ ਦਾ ਇਲਾਜ ਕਰਨ ਲਈ ਘਰ ਵੀ ਜਾਂਦਾ ਹੈ। ਘਟਨਾ ਵਾਲੇ ਦਿਨ ਭਵਨ ਗੌਤਮ ਸਮਰਾਲਾ ਤੋਂ ਪੰਜੇਟਾ ਪਿੰਡ ਵੱਲ ਆਪਣੇ ਮੋਟਰਸਾਈਕਲ 'ਤੇ ਇੱਕ ਮਰੀਜ਼ ਨੂੰ ਦੇਖਣ ਲਈ ਜਾ ਰਿਹਾ ਸੀ। ਜਦੋਂ ਉਹ ਮਾਛੀਵਾੜਾ ਦੇ ਨੇੜੇ ਗੜ੍ਹੀ ਪਿੰਡ ਵਿੱਚੋਂ ਲੰਘ ਰਿਹਾ ਸੀ ਅਤੇ ਭੱਟੀਆਂ ਵੱਲ ਜਾ ਰਿਹਾ ਸੀ ਤਾਂ ਇੱਕ ਤੇਜ਼ ਰਫ਼ਤਾਰ ਸਵਿਫਟ ਕਾਰ ਜਿਸਦੀ ਲਾਇਸੈਂਸ ਪਲੇਟ ਨੰਬਰ ਪੀ ਬੀ 08 ਸੀ ਕੇ-9494 ਸੀ। ਇੱਕ ਚੌਰਾਹੇ ਨੇੜੇ ਉਸਦੇ ਮੋਟਰਸਾਈਕਲ ਨਾਲ ਟਕਰਾ ਗਈ। ਟੱਕਰ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਬਾਅਦ ਵਿੱਚ ਉਸਨੂੰ ਇਲਾਜ ਲਈ ਰੋਪੜ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਸਦੇ ਪੱਟ ਅਤੇ ਗੁੱਟ ਵਿੱਚ ਗੰਭੀਰ ਫ੍ਰੈਕਚਰ ਹੋਏ ਹਨ, ਇਸ ਤੋਂ ਇਲਾਵਾ ਉਸਦੇ ਸਰੀਰ ਦੇ ਕਈ ਹੋਰ ਹਿੱਸਿਆਂ ਵਿੱਚ ਗੰਭੀਰ ਸੱਟਾਂ ਲੱਗੀਆਂ ਹਨ। ਪੁਲਿਸ ਵੱਲੋਂ ਢਿੱਲ-ਮੱਠ ਦਾ ਦੋਸ਼ ਲਗਾਉਂਦੇ ਹੋਏ, ਭਵਨ ਗੌਤਮ ਨੇ ਕਿਹਾ ਕਿ ਹਾਦਸੇ ਨੇ ਉਸਨੂੰ ਲਗਭਗ ਛੇ ਮਹੀਨਿਆਂ ਤੋਂ ਅਸਮਰੱਥ ਬਣਾ ਦਿੱਤਾ ਹੈ ।ਫਿਰ ਵੀ ਪੁਲਿਸ ਨੇ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਹੈ। ਉਸਨੇ ਨੋਟ ਕੀਤਾ ਕਿ ਘਟਨਾ ਸੰਬੰਧੀ ਪਹਿਲੀ ਸੂਚਨਾ ਰਿਪੋਰਟ (ਐਫਆਈਆਰ) ਹਾਦਸੇ ਦੇ ਦੋ ਦਿਨ ਬਾਅਦ ਹੀ ਦਰਜ ਕੀਤੀ ਗਈ ਸੀ। ਇਸ ਤੋਂ ਇਲਾਵਾ ਐਫਆਈਆਰ ਵਿੱਚ ਸਿਰਫ਼ ਸੱਟਾਂ ਦਾ ਹੀ ਦਸਤਾਵੇਜ਼ੀਕਰਨ ਕੀਤਾ ਗਿਆ ਸੀ ਅਤੇ ਅਣਜਾਣ ਵਿਅਕਤੀਆਂ ਵਿਰੁੱਧ ਦਰਜ ਕੀਤੀ ਗਈ ਸੀ, ਹਾਲਾਂਕਿ ਅਪਰਾਧੀ ਵਾਹਨ ਦੀ ਪਹਿਲਾਂ ਹੀ ਪਛਾਣ ਹੋ ਚੁੱਕੀ ਸੀ।

ਇਸ ਪਛਾਣ ਦੇ ਬਾਵਜੂਦ ਪੁਲਿਸ ਅਜੇ ਵੀ ਕੋਈ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ। ਉਸਨੇ ਹੁਣ ਮੰਗ ਕੀਤੀ ਹੈ ਕਿ ਉਸਨੂੰ ਇਨਸਾਫ਼ ਦਿੱਤਾ ਜਾਵੇ।

**ਕਾਰ ਚਾਲਕ ਹਾਦਸੇ ਤੋਂ ਬਾਅਦ ਮੌਕੇ ਤੋਂ ਭੱਜ ਗਿਆ**

ਭਾਵਨ ਗੌਤਮ ਨੇ ਦੱਸਿਆ ਕਿ ਕਾਰ ਇੰਨੀ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ ਕਿ ਟੱਕਰ ਤੋਂ ਬਾਅਦ ਨੇੜਲੇ ਖੇਤ ਵਿੱਚ ਪਲਟ ਗਈ ਅਤੇ ਸਵਾਰ ਬਾਅਦ ਵਿੱਚ ਕਿਸੇ ਹੋਰ ਵਾਹਨ ਵਿੱਚ ਮੌਕੇ ਤੋਂ ਭੱਜ ਗਏ। ਖਾਸ ਤੌਰ 'ਤੇ ਉਹ ਜ਼ਖਮੀ ਪੀੜਤ ਦੀ ਜਾਂਚ ਕਰਨ ਜਾਂ ਕੋਈ ਸਹਾਇਤਾ ਜਾਂ ਡਾਕਟਰੀ ਸਹਾਇਤਾ ਦੇਣ ਲਈ ਨਹੀਂ ਰੁਕੇ। ਇੰਨੀ ਘੋਰ ਲਾਪਰਵਾਹੀ ਦੇ ਬਾਵਜੂਦ ਪੁਲਿਸ ਨੇ ਅਜੇ ਤੱਕ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਹੈ। ਜਦੋਂ ਇਸ ਮਾਮਲੇ ਸਬੰਧੀ ਥਾਣਾ ਮੁਖੀ ਪਵਿੱਤਰ ਸਿੰਘ ਨੇ ਕਿਹਾ ਕਿ ਕਾਰ ਵਾਲੇ ਦੀ ਗਲਤੀ ਨਾਲ ਇਹ ਹਾਦਸਾ ਵਾਪਰਿਆ ਹੈ। ਦੋਸ਼ੀ ਦੀ ਪਛਾਣ ਕਰ ਲਈ ਗਈ ਹੈ ਅਤੇ ਬਹੁਤ ਜਲਦੀ ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜ਼ਮ ਯੂਨੀਅਨਾਂ ਨਾਲ ਮੰਗਾਂ ਦੇ ਹੱਲ ਲਈ ਗੱਲਬਾਤ

➢ ਲੰਬਿਤ ਜਾਇਜ਼ ਮੰਗਾਂ 'ਤੇ ਤੁਰੰਤ ਕਾਰਵਾਈ ਕਰਨ ਦੇ ਹੁਕਮ, ਵਿਭਾਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਨਤੀਜੇ ਦੇਣ ਦੇ ਨਿਰਦੇਸ਼ ➢ ਮੁਲਾਜ਼ਮ ਯੂਨੀਅਨਾਂ ਨੂੰ ਭਰੋਸੇ ਵਿੱਚ ਲਿਆ, ਅਹਿਮ ਗੱਲਬਾਤ ਮਗਰੋਂ ਸਮਾਂਬੱਧ ਹੱਲ ਦਾ ਦਿੱਤਾ ਭਰੋਸਾ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਅਤੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਸਬੰਧੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਮੁਲਾਜ਼ਮ ਯੂਨੀਅਨਾਂ ਨਾਲ ਅਹਿਮ ਮੀਟਿੰਗਾਂ ਕੀਤੀਆਂ। ਇਹਨਾਂ ਵਿਚਾਰ-ਵਟਾਂਦਰਿਆਂ ਦਾ ਮੁੱਖ ਉਦੇਸ਼ ਸਬੰਧਤ ਯੂਨੀਅਨਾਂ ਨਾਲ ਜੁੜੇ ਮੁਲਾਜ਼ਮਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਮੰਗਾਂ ਨੂੰ ਹੱਲ ਕਰਨਾ ਸੀ।



ਦੋ ਘੰਟੇ ਤੱਕ ਚੱਲੀਆਂ ਇੰਨ੍ਹਾਂ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੂਨੀਅਨ ਆਗੂਆਂ ਵੱਲੋਂ ਪੇਸ਼ ਕੀਤੀਆਂ ਗਈਆਂ ਮੰਗਾਂ ਅਤੇ ਮਸਲਿਆਂ ਨੂੰ ਹਮਦਰਦੀ ਅਤੇ ਵਿਸਥਾਰ ਨਾਲ ਸੁਣਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁਲਾਜ਼ਮ ਭਲਾਈ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਵਿੱਤ ਮੰਤਰੀ ਨੇ ਸਬੰਧਤ ਸਰਕਾਰੀ ਵਿਭਾਗਾਂ ਦੇ ਹਾਜ਼ਰ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ।

ਵਿੱਤ ਮੰਤਰੀ ਚੀਮਾ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਜਾਇਜ਼ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ ਲਈ ਤੁਰੰਤ ਅਤੇ ਲੋੜੀਂਦੀ ਕਾਰਵਾਈ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ, ਉਹਨਾਂ ਨੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਉਹ ਸਬੰਧਤ ਯੂਨੀਅਨਾਂ ਨਾਲ ਵਿਸ਼ੇਸ਼ ਫਾਲੋ-ਅੱਪ ਮੀਟਿੰਗਾਂ ਕਰਨ ਤਾਂ ਜੋ ਉਹਨਾਂ ਦੇ ਖਾਸ ਮਸਲਿਆਂ ਦਾ ਤੇਜ਼, ਢੁਕਵਾਂ ਅਤੇ ਸਥਾਈ ਹੱਲ ਯਕੀਨੀ ਬਣਾਇਆ ਜਾ ਸਕੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੂਨੀਅਨ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਇੱਕ ਸਹਿਯੋਗੀ ਅਤੇ ਲਾਹੇਵੰਦ ਪ੍ਰਸ਼ਾਸਨਿਕ ਮਾਹੌਲ ਸਿਰਜਣ ਲਈ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਨਾਲ ਖੁੱਲ੍ਹੀ ਗੱਲਬਾਤ ਜਾਰੀ ਰੱਖਣ ਲਈ ਵਚਨਬੱਧ ਹੈ।

ਇਸ ਵਿਸਤ੍ਰਿਤ ਗੱਲਬਾਤ ਵਿੱਚ ਹਿੱਸਾ ਲੈਣ ਵਾਲੀਆਂ ਯੂਨੀਅਨਾਂ ਵਿੱਚ ਆਈ.ਈ.ਏ.ਟੀ ਸਪੈਸ਼ਲ ਬੀ.ਐੱਡ. ਪਾਸ ਐਜੂਕੇਸ਼ਨ ਯੂਨੀਅਨ ਦੀ ਨੁਮਾਇੰਦਗੀ ਰਾਕੇਸ਼ ਕੁਮਾਰ, ਮਨਜਿੰਦਰ ਸਿੰਘ ਅਤੇ ਜਗਰੂਪ ਕੌਰ ਨੇ ਕੀਤੀ। ਆਸ਼ਾ ਵਰਕਰਜ਼ ਅਤੇ ਆਸ਼ਾ ਫੈਸਿਲੀਟੇਟਰਜ਼ ਨਿਰੋਲ ਯੂਨੀਅਨ ਦੇ ਵਫ਼ਦ ਵਿੱਚ ਕਿਰਨਦੀਪ ਕੌਰ, ਜਸਵੀਰ ਕੌਰ ਅਤੇ ਪਵਨਪ੍ਰੀਤ ਕੌਰ ਸ਼ਾਮਲ ਸਨ। ਇਸ ਦੌਰਾਨ ਰਣਜੀਤ ਸਿੰਘ ਅਤੇ ਭੁਪਿੰਦਰ ਸਿੰਘ ਰੋਪੜ ਨੇ ਐਨ.ਐਸ.ਐਫ.ਕਿਊ ਵੋਕੇਸ਼ਨਲ ਟੀਚਰਜ਼ ਫਰੰਟ ਦੀਆਂ ਚਿੰਤਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।

ਇਸ ਤੋਂ ਇਲਾਵਾ, ਗੌਰਮਿੰਟ ਕਾਲਜ ਸੀਨੀਅਰ ਲੈਬ ਅਟੈਂਡੈਂਟ ਯੂਨੀਅਨ ਦੀ ਨੁਮਾਇੰਦਗੀ ਅੰਗਰੇਜ਼ ਸਿੰਘ, ਸੁਰਜੀਤ ਸਿੰਘ ਅਤੇ ਸਕੱਤਰ ਸਿੰਘ ਨੇ ਕੀਤੀ, ਜਿਨ੍ਹਾਂ ਨੇ ਆਪਣੀਆਂ ਵਿਭਾਗ ਨਾਵ ਸਬੰਧਤ ਮੰਗਾਂ ਬਾਰੇ ਚਰਚਾ ਕੀਤੀ। ਅੰਤ ਵਿੱਚ, ਕੁਲਦੀਪ ਸਿੰਘ, ਬਜਿੰਦਰ ਸਿੰਘ ਅਤੇ ਗੁਰਪਿੰਦਰ ਕੌਰ ਨੇ ਪੰਜਾਬ ਨੇਤਰਹੀਣ ਯੂਥ ਐਸੋਸੀਏਸ਼ਨ ਨਾਲ ਸਬੰਧਤ ਅਹਿਮ ਮੰਗਾਂ ਅਤੇ ਮੁੱਦਿਆਂ ਨੂੰ ਉਠਾਉਂਦਿਆਂ ਇਹ ਯਕੀਨੀ ਬਣਾਇਆ ਗਿਆ ਕਿ ਵਿਸ਼ੇਸ਼ ਲੋੜਾਂ ਵਾਲੇ ਨੌਜਵਾਨਾਂ ਦੀਆਂ ਚਿੰਤਾਵਾਂ ਨੂੰ ਪ੍ਰਮੁੱਖਤਾ ਨਾਲ ਸੁਣਿਆ ਅਤੇ ਦਰਜ ਕੀਤਾ ਜਾਵੇ।

# ਸਰਕਾਰ ਵੱਲੋਂ ਵੇਰਕਾ ਲੁਧਿਆਣਾ ਡੇਅਰੀ ਨੂੰ ਵੱਡਾ ਹੁਲਾਰਾ ਦੇਣ ਦੀ ਤਿਆਰੀ, ਡੇਅਰੀ ਦੀ ਮੁਕੰਮਲ ਆਟੋਮੇਸ਼ਨ ਲਈ ਰਾਹ ਪੱਧਰਾ

ਮੈਨੂਅਲ ਤੋਂ ਮਸ਼ੀਨ-ਸੰਚਾਲਨ, ਭਗਵੰਤ ਮਾਨ ਸਰਕਾਰ ਪੰਜਾਬ ਦੇ ਡੇਅਰੀ ਸੈਕਟਰ ਨੂੰ ਏ.ਆਈ-ਅਧਾਰਤ ਕਰਨ ਲਈ ਲਗਾਤਾਰ ਯਤਨਸ਼ੀਲ

**ਲੁਧਿਆਣਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਸਰਕਾਰ ਸੂਬੇ ਵਿੱਚ ਸਹਿਕਾਰੀ ਡੇਅਰੀ ਖੇਤਰ ਦੇ ਆਧੁਨਿਕੀਕਰਨ, ਨਿਰੰਤਰ ਮਜ਼ਬੂਤੀ ਅਤੇ ਮਿਆਰੀ ਗੁਣਵੱਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਵੇਰਕਾ ਲੁਧਿਆਣਾ ਡੇਅਰੀ ਨੂੰ ਵੱਡਾ ਹੁਲਾਰਾ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਮੁੱਖ ਮੰਤਰੀ ਦੀ ਇਸ ਦੂਰਅੰਦੇਸ਼ੀ ਸੋਚ ਅਨੁਸਾਰ ਸਕੱਤਰ (ਸਹਿਕਾਰਤਾ), ਅਜੀਤ ਬਾਲਾਜੀ ਜੋਸ਼ੀ ਅਤੇ ਮੈਨੇਜਿੰਗ ਡਾਇਰੈਕਟਰ ਮਿਲਕਫੈੱਡ ਰਾਹੁਲ ਗੁਪਤਾ ਨੇ ਅੱਜ ਮਿਲਕਫੈੱਡ ਦੇ ਅਧਿਕਾਰੀਆਂ ਨਾਲ ਡੇਅਰੀ ਦਾ ਦੌਰਾ ਕਰਕੇ ਆਧੁਨਿਕੀਕਰਨ ਪ੍ਰੋਜੈਕਟ ਦੀ ਸਮੀਖਿਆ ਕੀਤੀ। ਦੋਵੇਂ ਅਧਿਕਾਰੀਆਂ ਨੇ ਆਧੁਨਿਕੀਕਰਨ ਦੀਆਂ ਲੋੜਾਂ ਦਾ ਮੁਲਾਂਕਣ ਕਰਨ ਤੋਂ ਇਲਾਵਾ ਮੌਜੂਦਾ ਉਤਪਾਦਨ, ਭਰਾਈ ਅਤੇ ਪੈਕੇਜਿੰਗ ਬੁਨਿਆਦੀ ਢਾਂਚੇ ਦੀ ਸਮੀਖਿਆ ਵੀ ਕੀਤੀ।

ਅਧਿਕਾਰੀਆ ਨੇ ਵਿਸ਼ੇਸ਼ ਤੌਰ 'ਤੇ ਹੋਲ ਮਿਲਕ ਪਾਊਡਰ ਦੀ ਭਰਾਈ ਅਤੇ ਪੈਕੇਜਿੰਗ ਪ੍ਰਕਿਰਿਆ ਦਾ ਨਿਰੀਮਣ ਕੀਤਾ, ਜਿਸ ਦੌਰਾਨ ਇਹ ਦੇਖਿਆ ਗਿਆ ਕਿ ਮੌਜੂਦਾ ਢਾਂਚਾ ਕਾਫ਼ੀ ਪੁਰਾਣਾ ਹੈ, ਜੋ ਮੌਜੂਦਾ ਸਮੇਂ ਦੇ ਐਂਡ-ਟੂ-ਐਂਡ ਆਟੋਮੇਟਿਡ ਡੇਅਰੀ ਪ੍ਰੋਸੈਸਿੰਗ ਅਤੇ ਪੈਕੇਜਿੰਗ ਅਭਿਆਸਾਂ ਦੇ ਮੱਦੇਨਜ਼ਰ ਸਮਾਂ ਹੰਢਾ ਚੁੱਕਾ ਹੈ।

ਆਪਣੇ ਦੌਰੇ ਦੌਰਾਨ ਦੋਵਾਂ ਅਧਿਕਾਰੀਆਂ ਨੇ ਮੌਜੂਦਾ ਸਹੂਲਤਾਂ 'ਚ ਸੁਧਾਰ ਅਤੇ ਪੂਰੀ ਤਰ੍ਹਾਂ ਸਵੈਚਾਲਿਤ ਆਪ੍ਰੇਸ਼ਨਾਂ ਵੱਲ ਕਦਮ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਕਰਨਾਟਕ ਮਿਲਕ ਫੈਡਰੇਸ਼ਨ (ਨੰਦਨੀ) ਅਤੇ ਵਾਰਨਾ ਕੋਆਪਰੇਟਿਵ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ ਲਿਮਟਿਡ ਵਰਗੀਆਂ ਹੋਰ ਪ੍ਰਮੁੱਖ ਸਹਿਕਾਰੀ ਡੇਅਰੀ ਫੈਡਰੇਸ਼ਨਾਂ ਦੀ ਤਰਜ 'ਤੇ ਪੰਜਾਬ ਮਿਲਕਫੈੱਡ ਨੂੰ ਵੀ ਹੋਲ ਮਿਲਕ ਪਾਊਡਰ ਦੀ ਭਰਾਈ ਅਤੇ ਪੈਕਿੰਗ ਲਈ ਐਂਡ-ਟੂ-ਐਂਡ ਆਟੋਮੇਸ਼ਨ ਅਪਣਾਉਣੀ ਚਾਹੀਦੀ ਹੈ।

ਇਸ ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਵੇਰਕਾ ਲੁਧਿਆਣਾ ਡੇਅਰੀ, ਮਿਲਕਫੈੱਡ ਹੈੱਡ ਆਫਿਸ ਪੰਜਾਬ ਅਤੇ ਐਨਡੀਬੀ ਦੇ ਅਧਿਕਾਰੀਆਂ ਦੀ ਟੀਮ ਇਨ੍ਹਾਂ ਫੈਡਰੇਸ਼ਨਾਂ ਦਾ ਦੌਰਾ ਕਰਕੇ ਪੂਰੀ ਤਰ੍ਹਾਂ ਸਵੈਚਾਲਿਤ ਪ੍ਰਣਾਲੀਆਂ ਦਾ ਅਧਿਐਨ ਕਰੇਗੀ।

ਸਕੱਤਰ (ਸਹਿਕਾਰਤਾ) ਨੇ ਕਿਹਾ ਕਿ ਤਕਨੀਕੀ ਮੁਲਾਂਕਣ ਦੇ ਅਧਾਰ 'ਤੇ ਮਿਲਕਫੈੱਡ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਵੇਰਕਾ ਲੁਧਿਆਣਾ ਡੇਅਰੀ ਵਿਖੇ ਹੋਲ ਮਿਲਕ ਪਾਊਡਰ ਫਿਲਿੰਗ ਅਤੇ ਪੈਕਿੰਗ ਪ੍ਰਕਿਰਿਆ ਦਾ ਐਂਡ-ਟੂ-ਐਂਡ ਆਟੋਮੇਸ਼ਨ ਕਰੇਗਾ।

ਇਹ ਵੀ ਫੈਸਲਾ ਕੀਤਾ ਗਿਆ ਕਿ ਪ੍ਰੋਸੈਸਿੰਗ ਅਤੇ ਪੈਕੇਜਿੰਗ ਦੇ ਹਰ ਪੜਾਅ 'ਤੇ ਸੀਸੀਟੀਵੀ, ਕਿਊਆਰ ਸਮਰੱਥ ਡਾਇਨਾਮਿਕ ਸੀਲਿੰਗ ਸਿਸਟਮ, ਆਰ.ਐਫ.ਆਈ.ਡੀ. ਆਈ.ਆਰ. ਆਈ. ਐਸ. ਦੀ ਸਥਾਪਨਾ ਵਰਗੀਆਂ ਏਆਈ ਅਤੇ ਆਈਟੀ ਸਹੂਲਤਾਂ ਦੇ ਜਲਦ ਲਾਗੂਕਰਨ ਨੂੰ ਯਕੀਨੀ ਬਣਾਇਆ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਦੇ ਆਦੇਸ਼ ਅਨੁਸਾਰ ਮਿਲਕਫੈੱਡ ਦੀ ਸਥਿਤੀ ਨੂੰ ਮਾਰਕੀਟ ਲੀਡਰ ਵਜੋਂ ਮਜ਼ਬੂਤ ਕਰਨ ਲਈ ਮਿਆਰੀ ਗੁਣਵੱਤਾ ਭਰੋਸੇ ਅਤੇ ਸੰਚਾਲਨ ਮੁਕਾਬਲੇਬਾਜ਼ੀ ਨੂੰ ਹਮੇਸ਼ਾ ਤਰਜੀਹ ਦਿੱਤੀ ਜਾਂਦੀ ਹੈ।

ਇਸ ਤੋਂ ਬਾਅਦ ਸਕੱਤਰ ਨੇ ਵੇਰਕਾ ਮੋਗਾ ਡੇਅਰੀ ਬੱਸੀ ਪਠਾਨਾ ਅਤੇ ਕੈਟਲ ਫੀਡ ਪਲਾਂਟ ਖੰਨਾ ਦਾ ਵੀ ਦੌਰਾ ਕੀਤਾ।

## ਮਾਛੀਵਾੜਾ ਪੁਲਸ ਵਲੋਂ ਨਾਜਾਇਜ ਪਿਸਤੌਲ ਸਮੇਤ 1 ਕਾਬੂ

**ਮਾਛੀਵਾੜਾ ਸਾਹਿਬ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਵਲੋਂ ਨਾਜਾਇਜ ਪਿਸਤੌਲ ਸਮੇਤ ਇੱਕ ਵਿਅਕਤੀ ਨੂੰ ਕਾਬੂ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਮੁਲਜ਼ਮ ਦੀ ਪਹਿਚਾਣ ਰਾਹੁਲ ਸ਼ਰਮਾ ਵਾਸੀ ਜ਼ੀਰਾ, ਮੁਹੱਲਾ ਕੰਬੋਆ ਵਜੋਂ ਹੋਈ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਸ ਪਾਰਟੀ ਵਲੋਂ ਸਰਹਿੰਦ ਨਹਿਰ ਦੇ ਗੜ੍ਹੀ ਪੁਲ ਤੋਂ ਪਵਾਤ ਪੁਲ ਵੱਲ ਗਸ਼ਤ ਕੀਤੀ ਜਾ ਰਹੀ ਸੀ ਤਾਂ ਇੱਕ ਮੋਨਾ ਵਿਅਕਤੀ ਪੈਦਲ ਜਾਂਦਾ ਦਿਖਾਈ ਦਿੱਤਾ। ਇਸ ਵਿਅਕਤੀ ਨੇ ਇੱਕ ਪਿੱਠੂ ਬੈਗ ਆਪਣੇ ਹੱਥ ਵਿਚ ਫੜਿਆ ਸੀ ਅਤੇ ਪੁਲਸ ਪਾਰਟੀ ਤੋਂ ਘਬਰਾ ਕੇ ਇਹ ਸੜਕ ਦੇ ਦੂਜੇ ਪਾਸੇ ਚਲਾ ਗਿਆ।

ਪੁਲਸ ਪਾਰਟੀ ਵਲੋਂ ਸ਼ੱਕ ਦੇ ਅਧਾਰ 'ਤੇ ਇਸਨੂੰ ਜਾਂਚ ਲਈ ਰੋਕਿਆ ਜਿਸ ਨੇ ਆਪਣਾ ਨਾਮ ਰਾਹੁਲ ਸ਼ਰਮਾ ਦੱਸਿਆ। ਤਲਾਸ਼ੀ ਦੌਰਾਨ ਉਸਦੇ ਪਿੱਠੂ ਬੈਗ 'ਚੋਂ 32 ਬੋਰ ਦਾ ਪਿਸਤੌਲ ਬਰਾਮਦ ਹੋਇਆ ਜਿਸ ਦਾ ਮੈਗਜ਼ੀਨ ਖੋਲ੍ਹਣ 'ਤੇ ਉਸ ਵਿਚ ਕੋਈ ਕਾਰਤੂਸ ਨਾ ਮਿਲਿਆ।

ਪੁਲਿਸ ਵਲੋਂ ਰਾਹੁਲ ਸ਼ਰਮਾ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਉਕਤ ਵਿਅਕਤੀ ਨੂੰ ਜੇਲ੍ਹ 'ਚੋਂ ਫੋਨ ਆਇਆ ਸੀ ਕਿ ਇਹ ਪਿਸਤੌਲ ਮੋਹਾਲੀ ਵਿਖੇ ਕਿਸੇ ਵਿਅਕਤੀ ਨੂੰ ਦੇਣਾ ਹੈ ਜਿਸ ਸਬੰਧੀ ਉਸ ਨੂੰ ਉੱਥੇ ਪਹੁੰਚਣ 'ਤੇ ਫੋਨ ਰਾਹੀਂ ਸੂਚਿਤ ਕੀਤਾ ਜਾਵੇਗਾ।

ਥਾਣਾ ਮੁਖੀ ਅਨੁਸਾਰ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰ ਰਿਮਾਂਡ 'ਤੇ ਲਿਆਂਦਾ ਗਿਆ ਹੈ ਅਤੇ ਇਸ ਮਾਮਲੇ ਦੇ ਤਾਰ ਜੇਲ੍ਹ ਨਾਲ ਜੁੜੇ ਹਨ।

ਇਸ ਲਈ ਜਿਸ ਵਿਅਕਤੀ ਨੇ ਜੇਲ੍ਹ 'ਚੋਂ ਫੋਨ ਕੀਤਾ ਉਸ ਤੋਂ ਵੀ ਪੁੱਛਗਿੱਛ ਕਰਕੇ ਮਾਮਲੇ ਦੀ ਖੁਲਾਸੇ ਹੋਣਗੇ ਕਿ ਇਹ ਨਾਜਾਇਜ ਅਸਲਾ ਉਸਨੇ ਕਿਸ ਵਾਰਦਾਤ ਲਈ ਵਰਤਣਾ ਸੀ।

## ਵਿਸਾਖੀ ਦੇ ਮੌਕੇ ਪਾਕਿਸਤਾਨ ਯਾਤਰਾ ਲਈ ਸ਼ਰਧਾਲੂਆਂ ਦੇ ਵੀਜ਼ੇ ਜਾਰੀ ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਸਾਖੀ ਦੇ ਪਾਵਨ ਦਿਹਾੜੇ ਮੌਕੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਲਈ ਜਾਣ ਵਾਲੇ ਸਮੂਹ ਸ਼ਰਧਾਲੂਆਂ ਅਤੇ ਬਿਨੈਕਾਰਾਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸ਼ਰਧਾਲੂਆਂ ਨੇ ਆਪਣੀਆਂ ਅਰਦਾਸਾਂ ਦੇ ਸਫਲ ਹੋਣ ਦੀ ਆਸ ਨਾਲ ਸਮੇਂ ਸਿਰ ਆਪਣੇ ਪਾਸਪੋਰਟ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਜਮ੍ਹਾਂ ਕਰਵਾਏ ਸਨ, ਉਨ੍ਹਾਂ ਵਿੱਚੋਂ ਜਿਨ੍ਹਾਂ ਦੇ ਵੀਜ਼ੇ ਲੱਗ ਗਏ ਸਨ, ਉਹਨਾਂ ਸ਼ਰਧਾਲੂਆਂ ਦੇ ਪਾਸਪੋਰਟ ਅੱਜ ਸੌਂਪ ਦਿੱਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰ 'ਤੇ ਤਣਾਅਪੂਰਨ ਮਾਹੌਲ ਦੇ ਬਾਵਜੂਦ ਵੀ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਸ਼ਰਧਾਲੂਆਂ ਦੀ ਯਾਤਰਾ ਸੁਚਾਰੂ ਬਣਾਉਣ ਲਈ ਪੂਰਾ ਯਤਨ ਕੀਤਾ। ਦੇਸ਼ ਭਰ ਤੋਂ ਤਕਰੀਬਨ 2840 ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਹਨ, ਜਦਕਿ ਲਗਭਗ 100 ਅਜਿਹੇ ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿੱਚ ਪਾਸਪੋਰਟ ਸੰਬੰਧੀ ਤਕਨੀਕੀ ਔਕੜਾਂ ਕਾਰਨ ਵੀਜ਼ਾ ਜਾਰੀ ਨਹੀਂ ਹੋ ਸਕਿਆ।ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁੱਲ 451 ਬਿਨੈਕਾਰਾਂ ਦੇ ਵੀਜ਼ਿਆਂ ਲਈ ਅਰਜ਼ੀਆਂ ਭੇਜੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ 409 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋ ਚੁੱਕੇ ਹਨ। ਇਹ ਯਾਤਰਾ ਸ਼ਰਧਾਲੂਆਂ ਲਈ ਇੱਕ ਵੱਡੀ ਆਤਮਿਕ ਪ੍ਰਾਪਤੀ ਹੈ, ਕਿਉਂਕਿ ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ ਅਤੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਰਗੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਹਰ ਸਿੱਖ ਦੀ ਜੀਵਨ ਭਰ ਦੀ ਅਰਦਾਸ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਵਿਸ਼ੇਸ਼ ਕਿਰਪਾ ਨਾਲ ਹੀ ਸੰਗਤਾਂ ਨੂੰ ਇਹ ਸ਼ੁਭ ਅਵਸਰ ਪ੍ਰਾਪਤ ਹੁੰਦਾ ਹੈ।ਹਰਮੀਤ ਸਿੰਘ ਕਾਲਕਾ ਨੇ ਇਸ ਮੌਕੇ ਕੇਂਦਰ ਸਰਕਾਰ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਸ ਨੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਵੀਜ਼ਾ ਪ੍ਰਕਿਰਿਆ ਨੂੰ ਸਹਿਯੋਗਪੂਰਵਕ ਅੱਗੇ ਵਧਾਇਆ।

ਉਨ੍ਹਾਂ ਸਾਰੀਆਂ ਸੰਗਤਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਅਟਾਰੀ ਤੋਂ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਲਈ ਰਵਾਨਾ ਹੋਵੇਗਾ, ਜਿੱਥੇ ਉਹ ਵਿਸਾਖੀ ਦੇ ਪਾਵਨ ਦਿਹਾੜੇ ਮੌਕੇ ਇਤਿਹਾਸਕ ਗੁਰਧਾਮਾਂ ਵਿੱਚ ਨਤਮਸਤਕ ਹੋਣਗੇ।

## ਖੇਤੀਬਾੜੀ ਵਿਭਾਗ ਦੇ 500 ਤੋਂ ਵੱਧ ਮੁਲਾਜ਼ਮ ਫਸਲਾਂ ਦੇ ਨੁਕਸਾਨ ਦਾ ਲੈਣਗੇ ਜਾਇਜ਼ਾ: ਗੁਰਮੀਤ ਸਿੰਘ ਖੁੱਡੀਆਂ



**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਹਾਲ ਹੀ ਵਿੱਚ ਖਰਾਬ ਮੌਸਮ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਰਾਜ ਦੇ ਸੱਤ ਜ਼ਿਲ੍ਹਿਆਂ ਦੇ ਪ੍ਰਭਾਵਿਤ ਖੇਤਰਾਂ ਵਿੱਚ ਖੇਤੀਬਾੜੀ ਵਿਭਾਗ ਦੇ 500 ਤੋਂ ਵੱਧ ਮੁਲਾਜ਼ਮਾਂ ਨੂੰ ਲਗਾਇਆ ਗਿਆ ਹੈ।

ਇਸ ਸਬੰਧੀ ਵੇਰਵੇ ਦਿੰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਸ ਕਾਰਜ 'ਚ ਲਗਾਏ ਗਏ ਇਨ੍ਹਾਂ ਮੁਲਾਜ਼ਮਾਂ ਵਿੱਚ ਗਰੁੱਪ-ਏ ਦੇ 145 ਅਫ਼ਸਰ ਵੀ ਸ਼ਾਮਲ ਹਨ, ਜੋ ਪ੍ਰਭਾਵਿਤ ਜ਼ਿਲ੍ਹਿਆਂ-ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਬਠਿੰਡਾ, ਮਾਨਸਾ, ਫਿਰੋਜ਼ਪੁਰ ਅਤੇ ਮੋਗਾ ਵਿੱਚ ਮੁਲਾਂਕਣ ਕਾਰਜਾਂ ਦੀ ਵਿਸ਼ੇਸ਼ ਤੌਰ @ਤੇ ਨਿਗਰਾਨੀ ਕਰ ਰਹੇ ਹਨ। ਇਨ੍ਹਾਂ ਟੀਮਾਂ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ@ਵਿਸ਼ੇਸ਼ ਗਿਰਦਾਵਰੀ@ (ਫਸਲਾਂ ਦੇ ਨੁਕਸਾਨ ਦਾ ਮੁਲਾਂਕਣ) ਦੇ ਕੀਤੇ ਗਏ ਐਲਾਨ ਦੇ ਸੁਚਾਰੂ ਅਮਲ ਨੂੰ ਯਕੀਨੀ ਬਣਾਉਣ ਲਈ ਮਾਲ ਵਿਭਾਗ ਨਾਲ ਤਾਲਮੇਲ ਜ਼ਰੀਏ ਕੰਮ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਇਹ ਕਦਮ ਮੁੱਖ ਮੰਤਰੀ ਵੱਲੋਂ ਖਰਾਬ ਹੋਈ ਫ਼ਸਲ ਦੀ ਵਿਸ਼ੇਸ਼ ਗਿਰਦਾਵਰੀ ਬਾਰੇ ਕੀਤੇ ਗਏ ਐਲਾਨ ਤੋਂ ਇੱਕ ਦਿਨ ਬਾਅਦ ਚੁੱਕਿਆ ਗਿਆ ਹੈ, ਜੋ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਿਸਾਨਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਦੀ ਸੂਬਾ ਸਰਕਾਰ ਦੀ ਤਰਜੀਹ ਨੂੰ ਦਰਸਾਉਂਦਾ ਹੈ।

ਕੁਦਰਤੀ ਆਫ਼ਤ ਦੇ ਪ੍ਰਭਾਵ ਬਾਰੇ ਦਸਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਮੁੱਢਲੀਆਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਹਾਲ ਹੀ ਵਿੱਚ ਪਏ ਮੀਂਹ ਅਤੇ ਗੜੇਮਾਰੀ ਕਾਰਨ ਸੱਤ ਜ਼ਿਲ੍ਹਿਆਂ ਵਿੱਚ 1.25 ਲੱਖ ਏਕੜ ਤੋਂ ਵੱਧ ਰਕਬੇ ਵਿੱਚ ਕਣਕ ਦੀ ਫ਼ਸਲ ਪ੍ਰਭਾਵਿਤ ਹੋਈ ਹੈ।

ਖੁੱਡੀਆਂ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਦੀ ਭਰਪਾਈ ਨਿਰਧਾਰਤ ਨਿਯਮਾਂ ਅਨੁਸਾਰ ਕੀਤੀ ਜਾਵੇਗੀ । ਡਿਪਟੀ ਕਮਿਸ਼ਨਰਾਂ ਵੱਲੋਂ ਅੰਤਿਮ ਰਿਪੋਰਟਾਂ ਸੌਂਪਣ ਤੋਂ ਬਾਅਦ ਹਰੇਕ ਪ੍ਰਭਾਵਿਤ ਕਿਸਾਨ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲਣਾ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਖੇਤੀਬਾੜੀ ਮੰਤਰੀ ਨੇ ਅੱਜ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪ੍ਰਭਾਵਿਤ ਖੇਤਾਂ ਦਾ ਦੌਰਾ ਵੀ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਭਾਗ ਮੁਲਾਂਕਣ ਨੂੰ ਸਹੀ ਅਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਨ ਲਈ ਜੰਗੀ ਪੱਧਰ @ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਫੀਲਡ ਅਧਿਕਾਰੀਆਂ ਨੂੰ ਕਿਸਾਨ ਭਾਈਚਾਰੇ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ ਅਤੇ ਫ਼ਸਲਾਂ ਨੂੰ ਬਚਾਉਣ ਲਈ ਤਕਨੀਕੀ ਮਾਰਗਦਰਸ਼ਨ ਪ੍ਰਦਾਨ ਕਰਨ ਦੇ ਨਿਰਦੇਸ਼ ਵੀ ਦਿੱਤੇ।

## ਬਿਹਤਰ ਸਿੱਖਿਆ ਹੀ ਵਿਦਿਆਰਥੀਆਂ ਦਾ ਉਜਲਾ ਭਵਿੱਖ : ਮਿੱਤਲ

**ਮਲੇਰਕੋਟਲਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਵਾ ਟਰੱਸਟ ਯੂ.ਕੇ. (ਇੰਡੀਆ) ਨੇ ਸਿੱਖਿਆ – ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦੇ ਸਨਮਾਨ ਲਈ ਚੌਥਾ ਸਾਲਾਨਾ ਸ਼ੈਖਿਕ ਸਹਾਇਤਾ ਕੈਂਪ ਲਗਾਇਆ । ਇਸ ਮੌਕੇ ਸਵਰਗਵਾਸੀ ਮਾਸਟਰ ਨਰਿੰਦਰ ਸਿੰਘ ਸੇਖੋਂ (ਬੜੂੰਦੀ) ਦੀ ਯਾਦ ਵਿੱਚ ਰਾਜ ਪੱਧਰੀ ਫੁੱਟਬਾਲ ਮੁਕਾਬਲੇ ਦੀ ਜੇਤੂ ਸਰਕਾਰੀ ਕਨਿਆ ਹਾਈ ਸਕੂਲ ਪਖੋਵਾਲ ਦੀਆਂ 15 ਵਿਦਿਆਰਥਣਾਂ,ਸਰਕਾਰੀ ਸੀਨੀਅਰ ਸਕੈਂਡਰੀ ਸਮਾਰਟ ਸਕੂਲ ਬੜੂੰਦੀ ਦੇ 35 ਵਿਦਿਆਰਥੀਆਂ ਨੂੰ 75 ਹਜ਼ਾਰ ਰੁਪਏ ਦੇ ਸਕੂਲ ਬੈਗ, ਸ਼ੈਖਿਕ ਸਮੱਗਰੀ,ਰੋਜ਼ਾਨਾ ਵਰਤੋਂ ਵਾਲੀਆਂ ਕਿਟਾਂ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਸੇਵਾ ਟਰੱਸਟ ਇੰਡੀਆ ਦੇ ਰਾਸ਼ਟਰੀ ਚੇਅਰਮੈਨ ਨਰੇਸ਼ ਮਿੱਤਲ, ਟਰੱਸਟੀ ਵਿਵੇਕ ਸ਼ਰਮਾ ਨੇ ਕਿਹਾ ਕਿ ਬਿਹਤਰ ਸਿੱਖਿਆ ਹੀ ਮਨੁੱਖ ਨੂੰ ਚੰਗਾ ਇਨਸਾਨ ਬਣਾਉਂਦੀ ਹੈ ਅਤੇ ਸਮਾਜਿਕ ਉਤਥਾਨ ਰਾਹੀਂ ਖੁਸ਼ਹਾਲੀ ਦਾ ਰਸਤਾ ਖੋਲ੍ਹਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਿੱਖਿਆ ਦੇ ਮਹੱਤਵ ਨੂੰ ਸਮਝਦਿਆਂ ਕਠਿਨ ਮਿਹਨਤ ਕਰਨ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਗੁਰਦੀਪ ਸਿੰਘ ਪੰਨੂ ਨੇ ਕਿਹਾ ਕਿ ਪੜ੍ਹੇ-ਲਿਖੇ ਲੋਕ ਸਮਾਜ ਦੀ ਹਰ ਸਮੱਸਿਆ ਦਾ ਹੱਲ ਲੱਭਣ ਵਿੱਚ ਯੋਗਦਾਨ ਪਾਉਂਦੇ ਹਨ, ਜਿਸ ਨਾਲ ਸਮਾਜ ਸੇਵਾ, ਸਮਾਜਿਕ ਨਿਆਂ ਅਤੇ ਸਮਰਸਤਾ ਦੀ ਭਾਵਨਾ ਮਜ਼ਬੂਤ ਹੁੰਦੀ ਹੈ। ਇਸ ਮੌਕੇ ਭੈਣ ਜਵਿੰਦਰ ਕੌਰ, ਹਰਿੰਦਰ ਕੌਰ,ਬਲਜਿੰਦਰ ਸਿੰਘ ਗਰੇਵਾਲ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਸਿਹਤ ਪ੍ਰਤੀ ਜਾਗਰੂਕ ਰਹਿਣ,ਰੁਝਾਨ-ਯੋਗਤਾ ਅਨੁਸਾਰ ਭਵਿੱਖ ਦੇ ਲਕਸ਼ ਨਿਰਧਾਰਤ ਕਰਨ, ਸਾਫ-ਸੁਥਰੇ ਵਾਤਾਵਰਣ ਅਤੇ ਨੈਤਿਕ ਮੁੱਲਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਡੇ ਮਕਾਮ ਹਾਸਲ ਕਰਨ ਤੋਂ ਬਾਅਦ ਵੀ ਆਪਣੀ ਜਨਮਭੂਮੀ ਨੂੰ ਯਾਦ ਰੱਖਣ ਲਈ ਪ੍ਰੇਰਿਤ ਕੀਤਾ ।

ਇਸ ਮੌਕੇ ਪ੍ਰਿੰਸੀਪਲ ਡਾ. ਹਰਜਿੰਦਰ ਕੌਰ, ਬਲਾਕ ਪਖੋਵਾਲ ਸਿੱਖਿਆ ਕੋਆਰਡੀਨੇਟਰ ਅਮ੍ਰਿਤਪਾਲ ਸਿੰਘ ਸੇਖੋਂ, ਸਰਪੰਚ ਜਸਵਿੰਦਰ ਸਿੰਘ ਪੰਨੂ,ਮੈਂਬਰ ਅਵਤਾਰ ਸਿੰਘ ਸੇਖੋਂ ਨੇ ਨੌਜਵਾਨ ਪੀੜ੍ਹੀ ਨੂੰ ਚੰਗਾ ਸਾਹਿਤ ਪੜ੍ਹਨ, ਮਹਾਨ ਵਿਅਕਤੀਆਂ ਦੀ ਜੀਵਨੀ ਤੋਂ ਪ੍ਰੇਰਨਾ ਲੈਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਅਪੀਲ ਕੀਤੀ।

# ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਨਵੇਂ ਕੰਪਲੈਕਸ ਦਾ ਮੁੱਖ ਮੰਤਰੀ ਵੱਲੋਂ ਉਦਘਾਟਨ

## ਪੰਜਾਬ ਦੀਆਂ ਖੇਡਾਂ ਲਈ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਇਆ: ਡਾ. ਪੁਸ਼ਪਿੰਦਰ ਸਿੰਘ ਗਿੱਲ



ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵਿਖੇ ਪਹਿਲੇ ਫੇਜ ਤਹਿਤ 53 ਕਰੋੜ ਰੁਪਏ ਦੀ ਲਾਗਤ ਨਾਲ ਅਕਾਦਮਿਕ ਬਲਾਕ ਅਤੇ ਲੜਕੇ ਤੇ ਲੜਕੀਆਂ ਦੇ ਹੋਸਟਲ ਦਾ ਉਦਘਾਟਨ ਕਰਨਾ ਪੰਜਾਬ ਦੀਆਂ ਖੇਡਾਂ ਲਈ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋ ?ਇਆ ਹੈ। ਇਹ ਪ੍ਰਗਟਾਵਾ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਕੀਤਾ।ਉਨ੍ਹਾਂ ਕਿਹਾ ਕਿ, 53 ਕਰੋੜ ਰੁਪਏ ਦੀ ਲਾਗਤ ਨਾਲ ਅਕਾਦਮਿਕ ਬਲਾਕ ਤੇ ਲੜਕੇ ਤੇ ਲੜਕੀਆਂ ਦੇ ਹੋਸਟਲ ਦੀ ਇੱਕ ਰਿਕਾਰਡ ਸਮੇਂ ਵਿੱਚ ਉਸਾਰੀ ਨਾਲ ਖੇਡ ਉਤਮਤਾ ਤੇ ਅਕਾਦਮਿਕ ਖੇਤਰ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ, ਜਿਸ ਨੂੰ ਸਪੋਰਟਸ ਯੂਨੀਵਰਸਿਟੀ ਨਵਾਂ ਆਕਾਰ ਦੇਵੇਗੀ।

ਵਾਈਸ ਚਾਂਸਲਰ ਨੇ ਦੱਸਿਆ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਯਤਨਾਂ ਸਦਕਾ ਪਟਿਆਲਾ ਦਿਹਾਤੀ ਹਲਕੇ ਦੇ ਵਿਕਾਸ ਕਾਰਜਾਂ ਦੇ ਲੋਕ ਅਰਪਣ ਸਮੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਿੱਥੇ ਯੂਨੀਵਰਸਿਟੀ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਉਥੇ ਹੀ ਸਾਡੇ ਵਿਦਿਆਰਥੀਆਂ ਨੂੰ ਵੀ ਹੱਲਾਸ਼ੇਰੀ ਦਿੱਤੀ ਹੈ, ਜਿਸ ਨਾਲ ਸਾਡੀ ਯੂਨੀਵਰਸਿਟੀ ਦਾ ਮਾਣ ਵਧਿਆ ਹੈ।

ਡਾ. ਗਿੱਲ ਨੇ ਦੱਸਿਆ ਕਿ ਇਸ ਸਮਾਰੋਹ ਦੌਰਾਨ ਯੂਨੀਵਰਸਿਟੀ ਦੇ ਅਕਾਦਮਿਕ ਅਮਲੇ ਸਮੇਤ ਵੱਡੀ ਗਿਣਤੀ ਵਿਦਿਆਰਥੀਆਂ ਨੇ ਸ਼ਮੂਲੀਅਤ ਕਰਕੇ ਉਹ ਇਸ ਇਤਿਹਾਸਕ ਪਲ ਦੇ ਗਵਾਹ ਬਣੇ ਸਨ। ਉਨ੍ਹਾਂ ਦੱਸਿਆ ਕਿ ਇਹ ਸਪੋਰਟਸ ਯੂਨੀਵਰਸਿਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਐਲਾਨ ਮੁਤਾਬਕ ਅਕਾਦਮਿਕ ਵਿਦਵਾਨਾਂ ਦੇ ਨਾਲ-ਨਾਲ ਸਪੋਰਟਸ ਚੈਂਪੀਅਨ ਐਥਲੀਟ ਤੇ ਖੇਡ ਗ੍ਰੈਜੂਏਟ ਪੈਦਾ ਕਰਨ ਸਮੇਤ ਖੇਡ ਵਿਗਿਆਨ, ਖੇਡ ਸੱਭਿਆਚਾਰ ਤੇ ਸਕਾਲਰਸ਼ਿਪ ਲਈ ਵੀ ਆਪਣੇ ਦਰਵਾਜੇ ਖੋਲ੍ਹ ਚੁੱਕੀ ਹੈ।ਓ

ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ 92 ਏਕੜ ਵਿੱਚ ਫੈਲੀ ਇਸ ਪੰਜਾਬ ਖੇਡ ਯੂਨੀਵਰਸਿਟੀ ਵਿਖੇ ਲੋਕ ਨਿਰਮਾਣ ਵਿਭਾਗ ਵੱਲੋਂ ਤਿਆਰ ਕੀਤੇ ਗਏ ਅਕਾਦਮਿਕ ਬਲਾਕ ਦੇ ਜਮੀਨੀ ਤਲ ਵਿੱਚ ਗੀਹੈਬ ਸੈਂਟਰ, ਫਿਜਿਉਥ੍ਰੈਪੀ ਕਮਰਾ, ਜਿਮ, ਹੌਟ ਐਂਡ ਕੋਲਡ ਥਰੈਪੀ ਦੀ ਸੁਵਿਧਾ। ਪਹਿਲੀ ਮੰਜ਼ਲ ਉਤੇ ਲੈਕਚਰ ਥੀਏਟਰ, ਕਲਾਸਰੂਮ, ਨਿਊਟ੍ਰੀਸ਼ਨ ਸਾਇਕੋਲੋਜੀ ਲੈਬ, ਫਿਜਿਉਥਰੈਪੀ ਲੈਬ ਬਣਾਈ ਗਈ ਹੈ। ਦੂਜੀ ਮੰਜਿਲ ਉਤੇ ਐਂਥਰੋਪੋਮੀਟਰੀ ਲੈਬ, ਸਾਇਕਲੋਜੀ ਲੈਬ ਤੇ ਕਲਾਸਰੂਮ ਬਣਾਏ ਗਏ ਹਨ। ਤੀਜੀ ਮੰਜਿਲ ਉਤੇ ਕਲਾਸ ਰੂਮ, ਐਨਾਟਮੀ ਲੈਬ, ਲੜਕੀਆਂ ਦਾ ਕਾਮਨ ਰੂਮ। ਚੌਥੀ ਮੰਜਲ ਉਤੇ ਕਲਾਸ ਰੂਮ, ਲਾਇਬ੍ਰੇਰੀ, ਪ੍ਰੋਫੈਸਰਾਂ ਦਾ ਕਮਰਾ ਅਤੇ ਪੰਜਵੀਂ ਮੰਜਿਲ ਉਤੇ ਕੰਪਿਊਟਰ ਰੂਮ ਬਣਾਇਆ ਗਿਆ ਹੈ। ਇਸ ਬਲਾਕ ਵਿੱਚ ਦੋ ਲਿਫਟਾਂ ਲਗਾਈਆਂ ਗਈਆਂ ਹਨ। ਅਕਾਦਮਿਕ ਬਲਾਕ ਕੁਲ ਕੁਲ ਕਵਰਡ ਏਰੀਆ 94523 ਵਰਗ ਫੁੱਟ ਹੈ।

ਵਾਈਸ ਚਾਂਸਲਰ ਨੇ ਹੋਰ ਦੱਸਿਆ ਕਿ ਬੁਆਏਜ ਅਤੇ ਗਰਲਜ ਹੋਸਟਲ ਦੀਆਂ 4-4 ਮੰਜਲਾਂ ਬਣੀਆਂ ਹਨ ਅਤੇ ਇਨ੍ਹਾਂ ਵਿੱਚ 20-20 ਕਮਰੇ ਬਣੇ ਹਨ। ਇਸ ਤਰ੍ਹਾਂ 100 ਕਮਰਿਆਂ ਵਾਲੇ ਇਸ ਹੋਸਟਲ ਵਿੱਚ 300 ਵਿਦਿਆਰਥੀਆਂ ਨੂੰ ਅਤਿਆਧੁਨਿਕ ਸਹੂਲਤਾਂ ਵਾਲੀ ਰਿਹਾਇਸ਼ ਪ੍ਰਦਾਨ ਕੀਤੀ ਜਾਵੇਗੀ।ਇਥੇ ਦੋ ਲਿਫਟਾਂ ਲਗਾਈਆਂ ਗਈਆਂ ਹਨ।

# ਥਾਪਰ ਯੂਨੀਵਰਸਿਟੀ ਦੇ ਪ੍ਰੋ. ਸੁਨੀਲ ਕੁਮਾਰ ਸਿੰਗਲਾ ਅਕਾਦਮਿਕ ਉੱਤਮਤਾ ਲਈ ਵਿਸ਼ੇਸ਼ ਐਲੂਮਨੀ ਪੁਰਸਕਾਰ ਨਾਲ ਸਨਮਾਨਿਤ




ਪਟਿਆਲਾ,10 ਅਪ੍ਰੈਲ/ਅਮਰਜੀਤ ਲਾਂਬਾ
-ਕੌਮੀ ਪੱਤ੍ਰਿਕਾ ਬਿਊਰੋ-

ਅਕਾਦਮਿਕ ਹਲਕਿਆਂ ਲਈ ਮਾਣ ਵਾਲੀ ਗੱਲ ਹੈ ਕਿ ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਦੇ ਪ੍ਰੋਫੈਸਰ ਅਤੇ ਮੁਖੀ, ਪ੍ਰੋ. ਸੁਨੀਲ ਕੁਮਾਰ ਸਿੰਗਲਾ ਨੂੰ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੌਂਗੋਵਾਲ ਨੇ ਵੱਕਾਰੀ ਵਿਸ਼ੇਸ਼ ਐਲੂਮਨੀ ਪੁਰਸਕਾਰ (ਅਕਾਦਮਿਕ ਉੱਤਮਤਾ) ਨਾਲ ਸਨਮਾਨਿਤ ਕੀਤਾ ਹੈ।

ਇਹ ਪੁਰਸਕਾਰ ਸਲਾਈਟ ਕੈਂਪਸ ਵਿਖੇ ਐਲੂਮਨੀ ਮੀਟ 2026 ਦੌਰਾਨ ਪੇਸ਼ ਕੀਤਾ ਗਿਆ, ਜਿਸ ਵਿੱਚ ਪ੍ਰੋ. ਸਿੰਗਲਾ ਦੇ ਅਕਾਦਮਿਕ, ਖੋਜ ਅਤੇ ਸੰਸਥਾਗਤ ਲੀਡਰਸ਼ਿਪ ਵਿੱਚ ਸ਼ਾਨਦਾਰ ਯੋਗਦਾਨ ਨੂੰ ਮਾਨਤਾ ਦਿੱਤੀ ਗਈ। ਇਹ ਸਨਮਾਨ ਸਲਾਈਟ ਦੇ ਇੱਕ ਵਿਦਿਆਰਥੀ ਤੋਂ ਇੰਜੀਨੀਅਰਿੰਗ ਸਿੱਖਿਆ ਦੇ ਖੇਤਰ ਵਿੱਚ ਇੱਕ ਵਿਸ਼ੇਸ਼ ਅਕਾਦਮਿਕ ਅਤੇ ਨੇਤਾ ਬਣਨ ਤੱਕ ਦੇ ਉਨ੍ਹਾਂ ਦੇ ਸ਼ਾਨਦਾਰ ਸਫ਼ਰ ਲਈ ਪ੍ਰਦਾਨ ਕੀਤਾ ਗਿਆ ਹੈ।

ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਵਿੱਚ ਪ੍ਰੋਫੈਸਰ ਅਤੇ ਮੁਖੀ ਵਜੋਂ ਸੇਵਾ ਨਿਭਾਅ ਰਹੇ ਪ੍ਰੋ. ਸਿੰਗਲਾ ਨੇ ਅਧਿਆਪਨ, ਖੋਜ ਅਤੇ ਵਿਦਿਆਰਥੀਆਂ ਨੂੰ ਸਲਾਹ ਦੇਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਅਕਾਦਮਿਕ ਉੱਤਮਤਾ ਅਤੇ ਨਵੀਨਤਾ ਪ੍ਰਤੀ ਆਪਣੇ ਸਮਰਪਣ ਲਈ ਜਾਣੇ ਜਾਂਦੇ, ਪ੍ਰੋ. ਸਿੰਗਲਾ ਨੇ ਭਵਿੱਖ ਦੇ ਇੰਜੀਨੀਅਰਾਂ ਨੂੰ ਬਣਾਉਣ ਅਤੇ ਭਾਰਤ ਵਿੱਚ ਤਕਨੀਕੀ ਸਿੱਖਿਆ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਪੁਰਸਕਾਰ ਪ੍ਰਾਪਤ ਕਰਨ ਬਾਅਦ, ਪ੍ਰੋ. ਸਿੰਗਲਾ ਨੇ ਆਪਣੇ ਅਲਮਾ ਮੈਟਰ ਦਾ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਸਲਾਈਟ ਉਨ੍ਹਾਂ ਦੇ ਪੇਸ਼ੇਵਰ ਸਫ਼ਰ ਦੀ ਨੀਂਹ ਰਹੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਕਾਦਮਿਕ ਕੰਮਾਂ ਵਿੱਚ ਪ੍ਰੇਰਿਤ ਕਰਦੀ ਰਹਿੰਦੀ ਹੈ। ਉਨ੍ਹਾਂ ਨੇ ਆਪਣੇ ਮਾਪਿਆਂ ਦੇ ਆਸ਼ੀਰਵਾਦ, ਆਪਣੇ ਅਧਿਆਪਕਾਂ ਦੇ ਮਾਰਗਦਰਸ਼ਨ, ਆਪਣੇ ਦੋਸਤਾਂ, ਸਹਿਯੋਗੀਆਂ ਅਤੇ ਵਿਦਿਆਰਥੀਆਂ ਦੇ ਸਮਰਥਨ ਦਾ ਵੀ ਧੰਨਵਾਦ ਕੀਤਾ।

ਇਸ ਸਮਾਗਮ ਵਿੱਚ ਉੱਘੇ ਅਕਾਦਮਿਕ, ਸਾਬਕਾ ਵਿਦਿਆਰਥੀ, ਫੈਕਲਟੀ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਹੋਏ, ਜਿਸ ਨਾਲ ਇਹ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਸਾਬਕਾ ਵਿਦਿਆਰਥੀ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਇੱਕ ਯਾਦਗਾਰੀ ਮੌਕਾ ਬਣ ਗਿਆ।

ਪ੍ਰੋ. ਸਿੰਗਲਾ ਦੀ ਮਾਨਤਾ ਮੌਜੂਦਾ ਵਿਦਿਆਰਥੀਆਂ ਅਤੇ ਨੌਜਵਾਨ ਸਾਬਕਾ ਵਿਦਿਆਰਥੀ ਲਈ ਇੱਕ ਪ੍ਰੇਰਨਾ ਵਜੋਂ ਖੜ੍ਹੀ ਹੈ, ਜੋ ਉਨ੍ਹਾਂ ਉਚਾਈਆਂ ਨੂੰ ਉਜਾਗਰ ਕਰਦੀ ਹੈ ਜੋ ਸਮਰਪਣ, ਸਖ਼ਤ ਮਿਹਨਤ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਦੁਆਰਾ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

# ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਅਨਾਜ ਮੰਡੀ ਪਟਿਆਲਾ ਵਿਖੇ ਕਣਕ ਦੀ ਖਰੀਦ ਕਰਵਾਈ ਸ਼ੁਰੂ



ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਅਨਾਜ ਮੰਡੀ, ਪਟਿਆਲਾ ਦਾ ਦੌਰਾ ਕੀਤਾ ਗਿਆ ਅਤੇ ਕਣਕ ਦੀ ਖਰੀਦ ਸ਼ੁਰੂ ਕਰਵਾਈ ਗਈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਅਤੇ ਮਜਦੂਰਾਂ ਦੀ ਸਹੂਲਤਾਂ ਨੂੰ ਮੁੱਖ ਰੱਖਦਿਆਂ ਹੋਇਆ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਮੰਡੀ ਵਿੱਚ ਖਰੀਦ ਸ਼ੁਰੂ ਕਰਵਾਉਂਦਿਆਂ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਕਣਕ ਦੀ ਸਰਕਾਰੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਗਈ ਹੈ। ਅਜੇ ਮੰਡੀਆਂ ਵਿੱਚ ਕਣਕ ਦੀ ਆਮਦ ਘੱਟ ਹੋ ਰਹੀ ਹੈ, ਪਰ ਆਉਣ ਵਾਲੇ ਦਿਨਾਂ ਵਿੱਚ ਮੰਡੀਆਂ ਵਿੱਚ ਫਸਲ ਦੀ ਬੰਪਰ ਆਮਦ ਹੋਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਫ਼ਸਲ ਦਾ ਇੱਕ-ਇੱਕ ਦਾਣਾ ਖ਼ਰੀਦਣ ਲਈ ਵਚਨਬੱਧ ਹੈ। ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਸਾਫ਼ - ਸਫਾਈ, ਬਿਜਲੀ, ਪੀਣ ਵਾਲੇ ਪਾਣੀ, ਬਾਥਰੂਮਾਂ, ਛਾਂ, ਬੈਠਣ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਬਰਸਟ ਨੇ ਦੱਸਿਆ ਕਿ ਹਾੜੀ ਸੀਜਨ ਦੇ ਮੱਦੇਨਜਰ ਸੂਬੇ ਵਿੱਚ ਕਣਕ ਦੀ ਖਰੀਦ ਕਰਵਾਉਣ ਲਈ ਕੁੱਲ 1896 ਮੰਡੀਆਂ ਨੋਟੀਫਾਈ ਕੀਤੀਆਂ ਗਈਆਂ ਹਨ। ਇਸਦੇ ਨਾਲ ਹੀ ਸੀਜਨ ਦੌਰਾਨ ਫਸਲ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਆਰਜੀ ਖਰੀਦ ਕੇਂਦਰ ਘੋਸ਼ਿਤ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ, ਜਿਸਦੇ ਤਹਿਤ ਹੁਣ ਤੱਕ 456 ਆਰਜੀ ਮੰਡੀਆਂ ਘੋਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਸਾਲ 2026-27 ਦੌਰਾਨ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2585 ਰੁਪਏ ਪ੍ਰਤੀ ਕੁਇੰਟਲ ਘੋਸ਼ਿਤ ਕੀਤਾ ਗਿਆ ਹੈ। ਉੱਚ ਅਧਿਕਾਰੀਆਂ ਵੱਲੋਂ ਮੰਡੀਆਂ ਵਿੱਚ ਜਾ ਕੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ, ਤਾਂ ਜੋ ਮੰਡੀਆਂ ਵਿੱਚ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਇਸਦੇ ਨਾਲ ਹੀ ਸੀਜਨ ਦੌਰਾਨ ਕਿਸਾਨਾਂ ਦੀ ਸਹੂਲਤ ਲਈ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਕੰਟਰੋਲ ਰੂਮ ਦੇ ਟੈਲੀਫੋਨ ਨੰ. 0172-5101649 ਅਤੇ 0172-5101704 ਤੇ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਕਿ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ। ਚੇਅਰਮੈਨ ਨੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਕਣਕ ਦੇ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ, ਤਾਂ ਜੋ ਕਿਸਾਨ ਬਿਨਾਂ ਕਿਸੇ ਔਕੜ ਤੋਂ ਖੁਸ਼ੀ - ਖੁਸ਼ੀ ਆਪਣੀ ਫਸਲ ਨੂੰ ਵੇਚ ਕੇ ਜਲਦ ਤੋਂ ਜਲਦ ਆਪਣੇ ਘਰ ਜਾ ਸਕਣ। ਉਨ੍ਹਾਂ ਨੇ ਆੜ੍ਹਤੀਆਂ, ਵਪਾਰੀਆਂ, ਮਜਦੂਰ ਭਰਾਵਾਂ ਅਤੇ ਸਰਕਾਰੀ ਏਜੰਸੀਆਂ ਦੇ ਮੁਲਾਜਮਾਂ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੀ ਫਸਲ ਨੂੰ ਚੁਕਾਉਣ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ। ਕਿਸੇ ਵੀ ਪੱਧਰ ਤੇ ਕਿਸਾਨਾਂ ਨੂੰ ਕੋਈ ਸਮੱਸਿਆ ਨਾ ਆਉਣ ਦੇਣ। ਸ. ਬਰਸਟ ਨੇ ਦੱਸਿਆ ਕਿ 6 ਅਪ੍ਰੈਲ ਤੱਕ ਸੂਬੇ ਦੀਆਂ ਮੰਡੀਆਂ ਵਿੱਚ 6093 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 3544 ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਇਸ ਮੌਕੇ ਮਾਰਕਿਟ ਕਮੇਟੀ ਪਟਿਆਲਾ ਦੇ ਚੇਅਰਮੈਨ ਅਸ਼ੋਕ ਸਿਰਸਵਾਲ, ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਤੇ ਨਵੀਂ ਅਨਾਜ ਮੰਡੀ ਪਟਿਆਲਾ ਦੇ ਪ੍ਰਧਾਨ ਇੰਜੀ. ਸਤਵਿੰਦਰ ਸਿੰਘ ਸੈਣੀ, ਜਿਲਾ ਮੰਡੀ ਅਫ਼ਸਰ ਅਸਲਮ ਮੁਹੰਮਦ, ਮਾਰਕੀਟ ਕਮੇਟੀ ਦੇ ਸੈਕਟਰੀ ਜੋਨੀ ਗਰਗ, ਵੇਅਰ ਹਾਊਸ ਦੇ ਇੰਸਪੈਕਟਰ ਕ੍ਰਿਸਨ ਕੁਮਾਰ, ਪਨਗਰੇਨ ਦੇ ਇੰਸਪੈਕਟਰ ਮੇਜਰ ਸਿੰਘ ਗਿੱਲ, ਪਨਸਪ ਦੇ ਇੰਸਪੈਕਟਰ ਜਗਜੀਤ ਸਿੰਘ, ਮਾਰਕਫੈਡ ਦੇ ਇੰਸਪੈਕਟਰ ਅਸ਼ੋਕ ਕੁਮਾਰ, ਨਵੀਂ ਅਨਾਜ ਮੰਡੀ ਪਟਿਆਲਾ ਦੇ ਜਨਰਲ ਸਕੱਤਰ ਨਰੇਸ਼ ਮਿੱਤਲ ਭੋਲਾ, ਅਸ਼ੋਕ ਕੁਮਾਰ ਸੋਢੀ, ਚਰਨਦਾਸ ਗੋਇਲ, ਦਵਿੰਦਰ ਕੁਮਾਰ ਬੱਗਾ, ਸੰਜੀਵਨ ਮਿੱਤਲ, ਬਹਾਲ ਸਿੰਘ, ਦਿਨੇਸ਼ ਅਗਰਵਾਲ, ਉਮੇਸ਼ ਅਗਰਵਾਲ, ਤੀਰਥ ਬਾਂਸਲ, ਨਰਿੰਦਰ ਲੌਟ, ਜਗਦੀਸ਼ ਚੰਦ, ਕੁਲਵਿੰਦਰ ਸਿੰਘ, ਪਰਮਜੀਤ ਸਿੰਘ ਮਿਰਜਾਪੁਰ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

# ਪਟਿਆਲਾ ਇੱਕ ਵਾਰ ਫਿਰ ਬਣੇਗਾ ਸੰਗੀਤਕ ਉਤਸੁਕਤਾ ਦਾ ਗਵਾਹ

## ਸਾਜ਼ ਔਰ ਆਵਾਜ਼ ਕਲੱਬ ਵੱਲੋਂ ਕਰਾਓਕੇ ਸੰਗੀਤਕ ਪ੍ਰੋਗਰਾਮ 12 ਅਪ੍ਰੈਲ ਨੂੰ

ਪਟਿਆਲਾ, 7 ਅਪ੍ਰੈਲ
-ਪ੍ਰੈਸ ਕੀ ਤਾਕਤ -

ਸ਼ਾਹੀ ਸ਼ਹਿਰ ਪਟਿਆਲਾ ਵਿਚ ਇੱਕ ਵਾਰ ਫਿਰ ਸੰਗੀਤ ਪ੍ਰੇਮੀਆਂ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਹੋਣ ਜਾ ਰਿਹਾ ਹੈ। ਸਾਜ਼ ਔਰ ਆਵਾਜ਼ ਕਲੱਬ, ਪਟਿਆਲਾ, ਐਤਵਾਰ, 12 ਅਪ੍ਰੈਲ, 2026 ਨੂੰ ਕਰਾਓਕੇ ਸੰਗੀਤਕ ਪ੍ਰੋਗਰਾਮ 2026 ਦਾ ਆਯੋਜਨ ਕਰ ਰਿਹਾ ਹੈ। ਇਹ ਪ੍ਰੋਗਰਾਮ ਪ੍ਰਸਿੱਧ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਸਵੇਰੇ 11:00 ਵਜੇ ਆਯੋਜਿਤ ਕੀਤਾ ਜਾਵੇਗਾ।

ਅੱਜ ਮੀਡੀਆ ਨਾਲ ਗੱਲ ਕਰਦੇ ਹੋਏ, ਸਾਜ਼ ਔਰ ਆਵਾਜ਼ ਕਲੱਬ ਦੇ ਪ੍ਰਧਾਨ ਰਵਿੰਦਰ ਕੁਮਾਰ ਬਾਲੀ ਅਤੇ ਜਨਰਲ ਸਕੱਤਰ ਰਾਜ ਕੁਮਾਰ ਨੇ ਕਿਹਾ ਕਿ ਇਸ ਸੰਗੀਤਕ ਪ੍ਰੋਗਰਾਮ ਵਿੱਚ ਬਹੁਤ ਸਾਰੇ ਪ੍ਰਤਿਭਾਸ਼ਾਲੀ ਗਾਇਕ ਪੇਸ਼ਕਾਰੀ ਦੇਣਗੇ। ਕਲੱਬ ਵੱਲੋਂ ਸਾਰੇ ਭਾਗੀਦਾਰਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਇਸ ਪ੍ਰੋਗਰਾਮ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਿਰਫ਼ ਇੱਕ ਸੰਗੀਤਕ ਪ੍ਰੋਗਰਾਮ ਨਹੀਂ ਹੈ, ਸਗੋਂ ਸੰਗੀਤ ਦਾ ਜਸ਼ਨ ਮਨਾਉਣ, ਸਮਾਜਿਕਤਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਇੱਕ ਸ਼ਾਨਦਾਰ ਮੌਕਾ ਵੀ ਦਿੰਦਾ ਹੈ।

# ਅਜੀਤਪਾਲ ਸਿੰਘ ਕੋਹਲੀ ਨੇ 'ਮੁੱਖ ਮੰਤਰੀ ਤੀਰਥ ਯਾਤਰਾ' ਤਹਿਤ ਲੈਹਲ ਤੋਂ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ



ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਤਹਿਤ ਵਾਰਡ ਨੰਬਰ 57 ਲੈਹਲ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ। ਕੋਹਲੀ ਨੇ ਦੱਸਿਆ ਕਿ ਇਹ ਬੱਸ ਯਾਤਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ, ਵਾਹਘਾ ਬਾਰਡਰ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਏਗੀ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਲੋਕਾਂ ਦੀ ਸੇਵਾ ਲਈ ਸਹੀ ਮਾਅਨਿਆਂ ਵਿੱਚ ਵਿਲੱਖਣ ਉਪਰਾਲਾ ਕੀਤਾ ਹੈ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਗੇ ਕਿਹਾ ਕਿ ਬਹੁਤ ਸਾਰੇ ਲੋਕਾਂ ਦੇ ਮਨ ਪਵਿੱਤਰ ਅਸਥਾਨਾਂ ਦੇ ਦਰਸ਼ਨ ਲਈ ਲੋਚਦੇ ਹਨ ਜਿਸ ਕਰਕੇ ਦਰਸ਼ਨ ਕਰਨ ਦੀ ਤਾਂਘ ਪੂਰੀ ਕਰਨ ਲਈ ਇਹ ਨਿਵੇਕਲੀ ਪਹਿਲਕਦਮੀ ਕੀਤੀ ਗਈ ਹੈ।

# ਈਟ ਰਾਈਟ ਮੇਲਾ-2026 ਬਹਾਵਲਪੁਰ ਪੈਲੇਸ ਵਿਖੇ ਕੱਲ੍ਹ ਮੂਲ ਅਨਾਜਾਂ ਦੀ ਮਹੱਤਤਾ ਬਾਰੇ ਦੱਸੇਗਾ ਇਹ ਮੇਲਾ : ਏ.ਡੀ.ਸੀ




ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਖੁਰਾਕ ਤੇ ਡਰੱਗਜ਼ ਪ੍ਰਸ਼ਾਸਨ ਪੰਜਾਬ ਦੇ ਸਹਿਯੋਗ ਨਾਲ 9 ਅਪ੍ਰੈਲ ਨੂੰ ਬਹਾਵਲਪੁਰ ਪੈਲੇਸ ਵਿਖੇ ਈਟ ਰਾਈਟ ਮੇਲਾ-2026 ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਸਵੇਰੇ 10 ਵਜੇ ਸ਼ੁਰੂ ਹੋ ਕੇ ਦਿਨ ਭਰ ਜਾਰੀ ਰਹੇਗਾ।

ਇਸ ਬਾਰੇ ਜਾਣਕਾਰੀ ਦਿੰਦਿਆਂ ਮੇਲੇ ਦੇ ਨੋਡਲ ਅਫ਼ਸਰ ਅਤੇ ਵਧੀਕ ਡਿਪਟੀ ਕਮਿਸ਼ਨਰ ( ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਮੁੱਖ ਉਦੇਸ਼ ਲੋਕਾਂ ਨੂੰ ਮੂਲ ਅਨਾਜਾਂ (ਮਿਲੇਟਸ) ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ ਅਤੇ ਉਨ੍ਹਾਂ ਨੂੰ ਆਪਣੀ ਰੋਜ਼ਾਨਾ ਦੀ ਖੁਰਾਕ ਵਿੱਚ ਇਹਨਾਂ ਅਨਾਜਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਲੋਕ ਬਿਮਾਰੀਆਂ ਤੋਂ ਬਚ ਕੇ ਤੰਦਰੁਸਤ ਜੀਵਨ ਜੀ ਸਕਣ। ਉਨ੍ਹਾਂ ਹੋਰ ਕਿਹਾ ਕਿ ਅੱਜਕੱਲ੍ਹ ਗਲਤ ਖਾਣ-ਪੀਣ ਦੀਆਂ ਆਦਤਾਂ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ, ਇਸ ਲਈ ਇਹ ਮੇਲਾ ਲੋਕਾਂ ਨੂੰ ਸਹੀ ਤੇ ਪੌਸ਼ਟਿਕ ਖੁਰਾਕ ਬਾਰੇ ਜਾਣਕਾਰੀ ਦੇਣ ਲਈ ਇਕ ਵੱਡਾ ਉਪਰਾਲਾ ਹੈ। ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਗੁਰਪ੍ਰੀਤ ਕੌਰ ਅਤੇ ਖੁਰਾਕ ਸੁਰੱਖਿਆ ਅਧਿਕਾਰੀ ਗੌਰਵ ਕੁਮਾਰ, ਤਰੁਣ ਬਾਂਸਲ ਅਤੇ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਮੇਲੇ ਵਿੱਚ ਨੁੱਕੜ ਨਾਟਕਾਂ ਰਾਹੀਂ ਸਿਹਤ ਸਬੰਧੀ ਸੁਨੇਹੇ ਦਿੱਤੇ ਜਾਣਗੇ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਪਟਿਆਲਾ ਦੇ ਪ੍ਰਸਿੱਧ ਭੋਜਨਾਂ ਦੇ ਸਟਾਲ ਲਗਾਏ ਜਾਣਗੇ, ਜਿੱਥੇ ਸਾਫ-ਸੁਥਰਾ ਅਤੇ ਸਿਹਤਮੰਦ ਖਾਣਾ ਉਪਲਬਧ ਹੋਵੇਗਾ। ਇਸ ਤੋਂ ਇਲਾਵਾ ਚੱਲਦੀ ਫਿਰਦੀ ਖੁਰਾਕ ਜਾਂਚ ਪ੍ਰਦਰਸ਼ਨੀ, ਮੂਲ ਅਨਾਜਾਂ ਨਾਲ ਸੰਬੰਧਤ ਵਿਸ਼ੇਸ਼ ਸਟਾਲਾਂ ਅਤੇ ਹੋਰ ਕਈ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਲੋਕਾਂ ਨੂੰ ਇਸ ਮੇਲੇ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਲਈ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮੇਲਾ ਲੋਕਾਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਦੇ ਨਾਲ-ਨਾਲ ਸਮਾਜ ਵਿੱਚ ਸਹੀ ਖੁਰਾਕ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।

# ਭਾਰਤੀ ਜਨਤਾ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਪਾਰਟੀ ਦਾ ਝੰਡਾ ਲਹਿਰਾ ਕੇ ਸਥਾਪਨਾ ਦਿਵਸ ਮਨਾਇਆ



ਸੁਨਾਮ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਦੇ ਨੈਸ਼ਨਲ ਕੌਂਸਲ ਮੈਂਬਰ ਪ੍ਰੇਮ ਗੁਗਨਾਨੀ ਅਤੇ ਯੋਗੀ ਰਾਮ ਸਾਹਨੀ ਜੋ ਕਿ ਭਾਰਤੀ ਜਨਤਾ ਪਾਰਟੀ ਅਤੇ ਜਨਸੰਘ ਦੇ ਸਭ ਤੋਂ ਪੁਰਾਣੇ ਵਰਕਰ ਹਨ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਪਾਰਟੀ ਦਾ ਝੰਡਾ ਲਹਿਰਾ ਕੇ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਪ੍ਰੇਮ ਗੁਗਨਾਨੀ ਨੇ ਕਿਹਾ ਕਿ ਰਾਸ਼ਟਰ ਨਿਰਮਾਣ ਨੂੰ ਸਮਰਪਿਤ ਭਾਰਤੀ ਜਨਤਾ ਪਾਰਟੀ ਦੇ ਸਾਰੇ ਕਾਰਯਕਰਤਾਵਾਂ ਅਤੇ ਸਮਰਥਕਾਂ ਨੂੰ ਸਥਾਪਨਾ ਦਿਵਸ ਦੀਆ ਮੁਬਾਰਕਾਂ ਦਿੱਤੀਆ ਇਸ ਮੌਕੇ ਮੈਂਬਰ ਭਾਜਪਾ ਯੋਗੀ ਰਾਮ ਸਾਹਨੀ ,ਪਰੋਹਿਤ ਰਾਨਾ , ਬੀਜੇਪੀ ਲੀਡਰ ਵਿਜੇ ਸ਼ਾਹਨੀ, ਰਣਦੀਪ ਦਿਓਲ, ਵਿਕਾਸ ਕੁਮਾਰ, ਭਗਵੰਤ ਸਿੰਘ, ਸੁਰਿੰਦਰ ਸਿੰਘ, ਗੁਰਜੀਤ ਸਿੰਘ, ਸਚਿਨ ਭਾਰਦਵਾਜ, ਗੱਗੂ ਧੁਰ, ਦਵਿੰਦਰ ਸਿੰਘ ਕਾਤਰੋ ਨਰਿੰਦਰ ਵਰਮਾ ਆਦੀ ਹਾਜਰ ਸਨ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਤਾਰ ਸਿੰਘ ਸਰਾਭਾ ਯਾਦਗਾਰੀ ਸਮਾਗਮ 23 ਮਈ ਨੂੰ

ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਸਮਾਗਮ 23 ਮਈ ਉਨ੍ਹਾਂ ਦੇ ਪਿੰਡ ਸਰਾਭਾ ਵਿਖੇ ਕਰਵਾਇਆ ਜਾਵੇਗੇ। 16 ਸਾਲ ਦੀ ਉਮਰ ਵਿੱਚ ਕਰਤਾਰ ਸਿੰਘ ਸਰਾਭਾ ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਕਰਨ ਗਿਆ ਪਰ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਦੇ ਸੰਪਰਕ ਕਾਰਨ ਉਹ ਦੇਸ਼ ਨੂੰ ਆਜ਼ਾਦ ਕਰਾਉਣ ਦੇ ਜਜ਼ਬੇ ਨਾਲ ਰੰਗਿਆ ਗਿਆ ਅਤੇ ਗਦਰ ਪਾਰਟੀ ਦਾ ਤੇਜ਼ ਤਰਾਰ ਜਰਨੈਲ ਬਣ ਗਿਆ। ਉਹ ਪੰਜਾਬੀ ਦਾ ਸਭ ਤੋਂ ਛੋਟੀ ਉਮਰ ਦਾ (ਸ਼ਾਇਦ ਪਹਿਲਾਂ ਵੀ) ਪੱਤਰਕਾਰ ਸੀ ਜੋ ਆਪਣੇ ਅਖ਼ਬਾਰ ਲਈ ਨਾ ਕੇਵਲ ਲਿਖਦਾ ਸਗੋਂ ਰਾਤਾਂ ਨੂੰ ਕੰਪੋਜ ਕਰਦਾ, ਹੱਥੀਂ ਪ੍ਰੈਸ ਗੇੜ ਕੇ ਇਸ ਦੀ ਛਪਾਈ ਕਰਦਾ ਅਤੇ ਥਾਉਂ ਥਾਈਂ ਪਹੁੰਚਾਉਂਦਾ। ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਦੇਸ਼ ਦੀ ਆਜ਼ਾਦੀ ਲਈ 19 ਸਾਲ ਦੀ ਉਮਰ ਵਿੱਚ ਫਾਂਸੀ ਚੜ੍ਹਨ ਵਾਲੇ ਕਰਤਾਰ ਸਿੰਘ ਸਰਾਭਾ ਦਾ 24 ਮਈ 2026 ਐਤਵਾਰ ਨੂੰ ਜਨਮ ਦਿਨ ਆ ਰਿਹਾ ਹੈ। ਸਰਾਭਾ ਪਿੰਡ ਵਾਸੀਆਂ ਵੱਲੋਂ ਉਸਦੇ ਜਨਮ ਦਿਨ 'ਤੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾ ਕੇ ਉਸ ਨੂੰ ਸਾਨੂੰ ਯਾਦ ਕੀਤਾ ਜਾਣਾ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ 23 ਮਈ 2026 ਸ਼ਨੀਵਾਰ ਨੂੰ ਪਿੰਡ ਸਰਾਭਾ ਵਿਖੇ ਵਿਸ਼ੇਸ਼ ਸਮਾਗਮ ਕੀਤੇ ਜਾਣ ਦੀ ਤਜਵੀਜ਼ ਹੈ। ਜਿਸ ਵਿੱਚ ਇਲਾਕੇ ਦੇ ਵਿਦਿਆਰਥੀ ਉਸਦੀਆਂ ਕਾਵਿ ਰਚਨਾਵਾਂ ਦਾ ਗਾਇਨ ਕਰਨਗੇ। ਵਿਦਵਾਨ ਗਦਰ ਲਹਿਰ ਨਾਲ ਸਬੰਧਿਤ ਸਾਹਿਤ ਬਾਰੇ ਚਰਚਾ ਕਰਨਗੇ ਅਤੇ ਕਵੀ ਕਰਤਾਰ ਸਿੰਘ ਸਰਾਭੇ ਅਤੇ ਗਦਰ ਲਹਿਰ ਨਾਲ ਸਬੰਧਤ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ। ਦੋਵੇਂ ਦਿਨ ਪੁਸਤਕ ਪ੍ਰਦਰਸ਼ਨੀ ਹੋਏਗੀ। ਸਭ ਨੂੰ 23 ਮਈ 2026 ਨੂੰ ਸਵੇਰੇ 10 ਵਜੇ ਪਿੰਡ ਸਰਾਭਾ ਵਿਖੇ ਪਹੁੰਚਣ ਦਾ ਸੱਦਾ ਹੈ।

# ਜਾਗਰਣ ਦੌਰਾਨ ਪੁਨੀਤ ਗੁਪਤਾ ਗੋਪੀ ਨੂੰ ਕੀਤਾ ਸਨਮਾਨਿਤ

ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਸਨਾਤਨ ਕੀ ਸੇਵਾ ਸੰਸਥਾ ਵੱਲੋਂ ਸ਼੍ਰੀ ਹਨੂੰਮਾਨ ਜਨਮ ਮਹਾਉਤਸਵ ਮੌਕੇ ਕਰਵਾਏ ਗਏ ਵਿਸ਼ਾਲ ਜਾਗਰਣ ਮੌਕੇ ਸਮਾਜ-ਸੇਵਕ ਪੁਨੀਤ ਗੁਪਤਾ ਗੋਪੀ ਅਤੇ ਉਨ੍ਹਾਂ ਦੇ ਪਿਤਾ ਜੀਵਨ ਲਾਲ ਗੁਪਤਾ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪੁਨੀਤ ਗੁਪਤਾ ਗੋਪੀ ਨੇ ਕਿਹਾ ਕਿ ਵਿਸਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਸਨਾਤਨ ਕੀ ਸੇਵਾ ਸੰਸਥਾ ਵੱਲੋਂ ਧਰਮ ਦੇ ਪ੍ਰਚਾਰ ਤੇ ਪ੍ਰਸਾਰ 'ਚ ਵੱਡੀ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਵੱਲੋਂ

ਹਰ ਮੰਗਲਵਾਰ ਸ੍ਰੀ ਹਨੂੰਮਾਨ ਚਾਲੀਸਾ ਦਾ ਪਾਠਕਪੂਰ ਚੌਕ ਮਥੁਰਾ ਕਾਲੋਨੀ ਪਟਿਆਲਾ ਵਿਖੇ ਕਰਵਾਇਆ ਜਾਂਦਾ ਹੈ ਅਤੇ ਸਾਲ ਚ 2 ਵਾਰ ਬੱਚਿਆਂ ਲਈ ਸ਼੍ਰੀ ਹਨੂੰਮਾਨ ਚਾਲੀਸਾ ਪਾਠ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਵਿਸ਼ਵ ਹਿੰਦੂ ਪ੍ਰੀਸ਼ਦ ਬਜਰੰਗ ਦਲ ਡਾ. ਨਰਿੰਦਰ ਸ਼ਰਮਾ, ਸੁਨੀਲ ਕੁਮਾਰ ਜੋਸ਼ੀ ਅਰਵਿੰਦ ਕੁਮਾਰ ਸਨਾਤਨ ਦੀ ਸੇਵਾ ਤੋਂ ਸਚਿਨ ਸਿੰਗਲਾ ਨੇ ਕਿਹਾ ਕਿ ਇਹ ਸਾਰਾ ਉਪਰਾਲਾ ਸਾਰਿਆਂ ਦੇ ਸਹਿਯੋਗ ਨਾਲ ਅਤੇ ਭਗਵਾਨ ਦੀ ਕ੍ਰਿਪਾ ਨਾਲ ਹੀ ਸੰਭਵ ਹੋ ਸਕਦਾ ਹੈ।

# ਭੋਗੀਵਾਲ ਦੇ ਸਰਪੰਚ ਗੁਰਸ਼ਰਨ ਸਿੰਘ ਨੇ ਅਕਾਲੀ ਦਲ ਵਾਰਿਸ ਪੰਜਾਬ ਦੇ ਦਾ ਪੱਲਾ ਫੜਿਆ

ਮਲੇਰਕੋਟਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਭੋਗੀਵਾਲ ਜ਼ਿਲ੍ਹਾ ਮਾਲੇਰਕੋਟਲਾ ਦੇ ਮੌਜੂਦਾ ਸਰਪੰਚ ਗੁਰਸ਼ਰਨ ਸਿੰਘ ਚੱਠਾ ( ਸ਼ਰਨਾ ) ਜੋ ਕੇ ਪਿਛਲੇ ਦਿਨੀਂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਅਤੇ ਕਰਵਾਉਣ ਵਾਲੀ ਅਕਾਲੀ ਦਲ ਬਾਦਲ ਨੂੰ ਸਦਾ ਲਈ ਅਲਵਿਦਾ ਕਹਿ ਕੇ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਐਮ ਪੀ ਖੰਡੂਰ ਸਾਹਿਬ ਦੀ ਕੌਮ ਦੇ ਲਈ ਕੀਤੀ ਨਿਸ਼ਕਾਮ ਸੇਵਾ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਅਤੇ ਗੁਰੂ ਦੇ ਲੜ ਲੱਗਣ ਅਤੇ ਲਗਾਉਣ ਵਾਲੀ ਸ਼ੁਰੂ ਕੀਤੀ ਖਾਲਸਾ ਵਹੀਰ ਨੂੰ ਦੇਖਦੇ ਹੋਏ ਪੰਥ ਅਤੇ ਪੰਜਾਬ ਦੀ ਇਕੋ ਇਕ ਕੌਮੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਦਾ ਪੱਲਾ ਫੜੇਆ। ਇਹ ਚੁਨਿੰਦਾ ਪੱਤਰਕਾਰਾਂ ਨੂੰ ਜਾਣਕਾਰੀ ਹਾਜੀ ਅਨਵਾਰ ਅਹਿਮਦ ਬਿਟੂ ਚੋਹਾਨ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਹਲਕਾ ਮਾਲੇਰਕੋਟਲਾ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪਿੰਡ ਭੋਗੀਵਾਲ ਦੇ ਮੌਜੂਦਾ ਸਰਪੰਚ ਗੁਰਸ਼ਰਨ ਸਿੰਘ ਨੇ ਪਾਰਟੀ ਜੁਆਇੰਨ ਕਰਨ ਤੋਂ ਬਾਅਦ ਪਹਿਲੀ ਵਾਰ ਮੈਨੂੰ ਮਿਲਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਦਫ਼ਤਰ ਰਾਏਕੋਟ ਰੋਡ ਮਾਲੇਰਕੋਟਲਾ ਵਿਖੇ ਪਹੁੰਚੇ ਸਨ।

ਇਸ ਮੌਕੇ ਹਾਜੀ ਬਿੱਟੂ ਚੋਹਾਨ ਨੇ ਸਰਪੰਚ ਗੁਰਸ਼ਰਨ ਸਿੰਘ ਚੱਠਾ ਦੇ ਸਰੋਪਾ ਪਹਿਨਾਕੇ ਜੀ ਆਇਆ ਨੂੰ ਆਖਦੇਆਂ ਕਿਹਾ ਕਿ ਤੁਹਾਡੇ ਵਰਗੇ ਸਾਫ਼ ਸੁਥਰੇ ਚਰਿਤਰ ਵਾਲੇ ਨੌਜਵਾਨਾਂ ਦੀ ਪਾਰਟੀ ਨੂੰ ਚੜ੍ਹਦੀ ਕਲਾ ਲਈ ਅਤੇ 2027 ਵਿੱਚ ਸਰਕਾਰੇ ਖਾ ?ਲਸਾ ਬਣਾਉਣ ਲਈ ਪੰਜਾਬ ਦੇ ਹਰੇਕ ਹਲਕੇ ਵਿੱਚ ਲੋੜ ਹੈ।

ਇਸ ਮੌਕੇ ਹਾਜੀ ਬਿੱਟੂ ਚੋਹਾਨ ਅਤੇ ਸਰਪੰਚ ਗੁਰਸ਼ਰਨ ਸਿੰਘ ਚੱਠਾ ਨੇ ਪਾਰਟੀ ਦੀ ਚੜ੍ਹਦੀ ਕਲਾ ਲਈ ਰਣਨੀਤੀ ਬਣਾਉਂਦੇਆਂ ਵਿਸਾਖੀ ਮੌਕੇ ਕਾਨਫਰੰਸ ਲਈ ਹਲਕਾ ਮਾਲੇਰਕੋਟਲਾ ਅਤੇ ਹਲਕਾ ਅਮਰਗੜ੍ਹ ਤੋਂ ਵੱਧ ਤੋਂ ਵੱਧ ਸੰਗਤਾਂ ਲੈ ਕੇ ਜਾਣ ਬਾਰੇ ਵਿਚਾਰ ਵਟਾਂਦਰਾ ਕੀਤਾ।

# ਜ਼ਿਲ੍ਹਾ ਪਟਿਆਲਾ ਵਿੱਚ ਲਗਾਇਆ ਜਾ ਰਿਹਾ ਹੈ ਐਚ.ਪੀ.ਵੀ ਵੈਕਸੀਨ



ਪਟਿਆਲਾ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਵਿੱਚ ਧੀਆਂ ਦੀ ਸਿਹਤ ਸੁਰੱਖਿਆ ਵੱਲ ਇੱਕ ਇਤਿਹਾਸਕ ਅਤੇ ਦੂਰਅੰਦੇਸ਼ ਕਦਮ ਚੁੱਕਦਿਆਂ ਸਿਹਤ ਵਿਭਾਗ ਪਟਿਆਲਾ ਵੱਲੋਂ ਸਰਵਾਈਕਲ ਕੈਂਸਰ ਵਿਰੁੱਧ ਜਿਲ੍ਹਾ ਪੱਧਰੀ ਐਚ.ਪੀ.ਵੀ ਟੀਕਾਕਰਨ ਮੁਹਿੰਮ ਚਲਾਈ ਜਾ ਰਹੀ ਹੈ। ਸ਼ੁਰੂਆਤੀ ਪੱਧਰ ਉੱਤੇ ਇਹ ਟੀਕਾ ਪਟਿਆਲਾ ਜਿ ?ਲ੍ਹੇ ਦੇ 13 ਸਿਹਤ ਸੰਸਥਾਵਾਂ ਉੱਤੇ ਲਾਏ ਜਾ ਰਹੇ ਹਨ।

ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆ ਜਿਲ੍ਹਾ ਟੀਕਾਕਰਨ ਅਫਸਰ ਡਾ.ਇੰਦਰਪ੍ਰੀਤ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤਮੰਦ ਅਤੇ ਸੁਰੱਖਿਅਤ ਪੰਜਾਬ ਦੇ ਨਿਰਮਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਵਾਈਕਲ ਕੈਂਸਰ ਮਹਿਲਾਵਾਂ ਵਿੱਚ ਪਾਏ ਜਾਣ ਵਾਲੇ ਗੰਭੀਰ ਕੈਂਸਰਾਂ ਵਿੱਚੋਂ ਇੱਕ ਹੈ, ਜੋ ਬੱਚੇਦਾਨੀ ਦੇ ਹੇਠਲੇ ਹਿੱਸੇ ਵਿੱਚ ਹੁੰਦਾ ਹੈ ਅਤੇ ਇਸਦਾ ਮੁੱਖ ਕਾਰਨ ਹਿਊਮਨ ਪੈਪੀਲੋਮਾ ਵਾਇਰਸ (ਐਚ ਪੀ ਵੀ) ਹੈ। ਉਨ੍ਹਾਂ ਕਿਹਾ ਕਿ ਸਮੇਂ ਸਿਰ ਲਗਾਇਆ ਗਿਆ ਟੀਕਾ ਇਸ ਬਿਮਾਰੀ ਤੋਂ ਬਚਾਅ ਵਿੱਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ।

ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਧੀਆਂ ਦਾ ਐਚ ਪੀ ਵੀ ਟੀਕਾਕਰਨ ਜ਼ਰੂਰ ਕਰਵਾਉਣ ਤਾਂ ਜੋ ਭਵਿੱਖ ਵਿੱਚ ਉਹ ਇਸ ਜਾਨਲੇਵਾ ਰੋਗ ਤੋਂ ਸੁਰੱਖਿਅਤ ਰਹਿ ਸਕਣ। ਉਨ੍ਹਾਂ ਕਿਹਾ ਕਿ ਜੇਕਰ ਸਾਡੀਆਂ ਧੀਆਂ ਸੁਰੱਖਿਅਤ ਹੋਣਗੀਆਂ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਸੁਰੱਖਿਅਤ ਹੋਣਗੀਆਂ। ਉਹਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵੈਕਸੀਨ 14 ਸਾਲ ਦੀਆਂ ਉਹਨਾਂ ਲੜਕੀਆਂ ਨੂੰ ਦਿੱਤੀ ਜਾਵੇਗੀ ਜਿਨ੍ਹਾਂ ਦਾ 14ਵਾਂ ਜਨਮਦਿਨ ਲੰਘ ਚੁੱਕਾ ਹੈ ਪਰ 15ਵਾਂ ਅਜੇ ਨਹੀਂ ਆਇਆ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦਾ ਸਟਾਫ ਆਪਣੀਆ ਬੱਚੀਆਂ ਦਾ ਮੋਹਰੀ ਹੋ ਕੇ ਟੀਕਾਕਰਨ ਕਰਵਾ ਰਿਹਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਟੀਕਾਕਰਨ ਤੋਂ ਪਹਿਲਾਂ ਯੂ-ਵਿਨ ਪੋਰਟਲ 'ਤੇ ਰਜਿਸਟ੍ਰੇਸ਼ਨ ਲਾਜ਼ਮੀ ਹੈ, ਜਿਸ ਰਾਹੀਂ ਪੂਰੀ ਪ੍ਰਕਿਰਿਆ ਨੂੰ ਡਿਜ਼ਟਿਲ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ। ਉਹਨਾ ਦਸਿਆ ਕਿ ਸਰਕਾਰ ਦਾ ਟੀਚਾ ਪੰਜਾਬ ਨੂੰ ਭਵਿੱਖ ਵਿੱਚ ਸਰਵਾਈਕਲ ਕੈਂਸਰ ਮੁਕਤ ਰਾਜ ਬਣਾਉਣਾ ਹੈ।

# ਪਾਤੜਾਂ ਬਲਾਕ ਵਿੱਚ ਖੇਤੀਬਾੜੀ ਵਿਭਾਗ ਦੀ ਅਚਨਚੇਤ ਚੈਕਿੰਗ, ਨਿਯਮ ਤੋੜਨ ਵਾਲੇ ਡੀਲਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਚੇਤਾਵਨੀ



ਪਾਤੜਾਂ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਦਾਰਾ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਵਿਭਾਗ ਵੱਲੋਂ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਮੁਹਿੰਮ ਤਹਿਤ ਬਲਾਕ ਪਾਤੜਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਕਾਰਵਾਈ ਦੀ ਅਗਵਾਈ ਬਲਾਕ ਖੇਤੀਬਾੜੀ ਅਫ਼ਸਰ ਸਾਮਾਣਾ ਡਾ. ਸਤੀਸ਼ ਕੁਮਾਰ ਵੱਲੋਂ ਕੀਤੀ ਗਈ, ਜਿਸ ਦੌਰਾਨ ਖਾਦ ਅਤੇ ਕੀੜੇਮਾਰ ਦਵਾਈਆਂ ਦੇ ਡੀਲਰਾਂ ਨਾਲ- ??? ਫੀਡ ਫੈਕਟਰੀਆਂ ਦੀ ਵੀ ਬਾਰੀਕੀ ਨਾਲ ਜਾਂਚ ਕੀਤੀ ਗਈ।

ਚੈਕਿੰਗ ਦੌਰਾਨ ਖੇਤੀਬਾੜੀ ਵਿਕਾਸ ਅਫਸਰ ਵਿਜੇ ਕੁਮਾਰ ਵੱਲੋਂ ਡੀਲਰਾਂ ਦੇ ਸਟਾਕ ਰਜਿਸਟਰਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਹਰ ਰੋਜ਼ ਆਪਣੀ ਦੁਕਾਨ ਦੇ ਬਾਹਰ ਸਟਾਕ ਬੋਰਡ ਅਪਡੇਟ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਖਾਦ ਦੀ ਉਪਲਬਧਤਾ ਬਾਰੇ ਪੂਰੀ ਅਤੇ ਸਹੀ ਜਾਣਕਾਰੀ ਮਿਲ ਸਕੇ।

ਡਾ. ਸਤੀਸ਼ ਕੁਮਾਰ ਨੇ ਸਪਸ਼ਟ ਕੀਤਾ ਕਿ ਕਿਸਾਨਾਂ ਲਈ ਖਾਦ ਦੀ ਕੋਈ ਘਾਟ ਨਹੀਂ ਹੈ ਅਤੇ ਜੇਕਰ ਕੋਈ ਡੀਲਰ ਖਾਦ ਨੂੰ ਟੈਗਿੰਗ ਨਾਲ ਵੇਚਦਾ ਹੈ ਤਾਂ ਉਸ ਦੀ ਤੁਰੰਤ ਸੂਚਨਾ ਵਿਭਾਗ ਨੂੰ ਦਿੱਤੀ ਜਾਵੇ।

ਉਨ੍ਹਾਂ ਡੀਲਰਾਂ ਨੂੰ ਕੜੀ ਚੇਤਾਵਨੀ ਦਿੰਦਿਆਂ ਕਿਹਾ ਕਿ ਯੂਰੀਆ ਖਾਦ ਕਿਸਾਨਾਂ ਨੂੰ ਬਿਨਾਂ ਕਿਸੇ ਟੈਗਿੰਗ ਤੋਂ ਹੀ ਦਿੱਤੀ ਜਾਵੇ। ਟੀਮ ਵੱਲੋਂ ਇਲਾਕੇ ਦੀ ਫੀਡ ਫੈਕਟਰੀ ਦੀ ਵੀ ਜਾਂਚ ਕੀਤੀ ਗਈ, ਜਿਸ ਦਾ ਮਕਸਦ ਪਸ਼ੂਆਂ ਲਈ ਤਿਆਰ ਕੀਤੀ ਜਾ ਰਹੀ ਫੀਡ ਦੇ ਮਿਆਰ ਨੂੰ ਯਕੀਨੀ ਬਣਾਉਣਾ ਸੀ। ਇਸ ਮੌਕੇ ਸ੍ਰੀ ਗੁਰਵਿੰਦਰ ਸਿੰਘ (ਅਸਿਸਟੈਂਟ ਟੈਕਨਾਲੋਜੀ ਮੈਨੇਜਰ) ਵੀ ਹਾਜ਼ਰ ਸਨ।

ਵਿਭਾਗ ਵੱਲੋਂ ਡੀਲਰਾਂ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਖਾਦ ਜਾਂ ਕੀੜੇਮਾਰ ਦਵਾਈਆਂ ਦੀ ਖਰੀਦ-ਫਰੋਖਤ ਦੌਰਾਨ ਪੱਕਾ ਬਿੱਲ ਜ਼ਰੂਰ ਦਿੱਤਾ ਅਤੇ ਲਿਆ ਜਾਵੇ ਅਤੇ ਕਿਸੇ ਵੀ ਕਿਸਾਨ ਨਾਲ ਗੈਰ-ਜ਼ਰੂਰੀ ਸਮੱਗਰੀ (ਟੈਗਿੰਗ) ਨਾ ਜੋੜੀ ਜਾਵੇ।

# ਹਰਦੀਪ ਸਿੰਘ ਮਿਸਲ ਸਤਲੁਜ ਦੇ ਸਪੋਕਸਪਰਸਨ ਨਿਯੁਕਤ: ਅਜੇਪਾਲ ਬਰਾੜ



ਮੁਹਾਲੀ,10 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਹਿੱਤਾਂ 'ਤੇ ਕੇਂਦਰਿਤ ਮਜ਼ਬੂਤ ਅਤੇ ਬਦਲਵੀਂ ਰਾਜਨੀਤਿਕ ਧਾਰਾ ਖੜੀ ਕਰਨ ਲਈ ਵਚਨਬੱਧ ਰਾਜਨੀਤਿਕ ਜਥੇਬੰਦੀ ਮਿਸਲ ਸਤਲੁਜ ਵਿੱਚ ਅੱਜ ਖਰੜ ਦੇ ਸਮਾਜ ਸੇਵੀ ਸ਼ਖ਼ਸੀਅਤ ਸਰਦਾਰ ਹਰਦੀਪ ਸਿੰਘ ਨੇ ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਦੀ ਅਗਵਾਈ ਵਿੱਚ ਸ਼ਾਮਿਲ ਹੋ ਕੇ ਆਪਣੀ ਸੇਵਾਵਾਂ ਦੇਣ ਦਾ ਫੈਸਲਾ ਕੀਤਾ।

ਇਸ ਮੌਕੇ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਸਰਦਾਰ ਹਰਦੀਪ ਸਿੰਘ ਦੀ ਸਮਾਜਿਕ ਸਰਗਰਮੀਆਂ, ਸਮਾਜ ਪ੍ਰਤੀ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਅਤੇ ਸੁਚੱਜੀ ਬੋਲਚਾਲ ਦੀ ਯੋਗਤਾ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਮਿਸਲ ਸਤਲੁਜ ਦਾ ਸਪੋਕਸਪਰਸਨ ਨਿਯੁਕਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਸਰਦਾਰ ਹਰਦੀਪ ਸਿੰਘ ਜੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ,ਲਗਨ, ਦੂਰਦਰਸ਼ਤਾ ਅਤੇ ਸਮਰਪਣ ਭਾਵਨਾ ਨਾਲ ਨਿਭਾਉਂਦੇ ਹੋਏ ਮਿਸਲ ਸਤਲੁਜ ਜਥੇਬੰਦੀ ਦੀ ਆਵਾਜ਼ ਨੂੰ ਲੋਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਵਿੱਚ ਵਡਮੁੱਲਾ ਯੋਗਦਾਨ ਪਾਉਣਗੇ।

# ਹਰਿਆਵਲ

ਜਿਸ ਦੇਸ਼ 'ਚ ਕਿਸਾਨ, ਮਜ਼ਦੂਰ ਭੁੱਖਾ ਮਰ ਰਿਹਾ ਹੈ, ਖ਼ੁਦਕੁਸ਼ੀਆਂ ਕਰ ਰਿਹਾ ਹੈ, ਉਸ ਦੇਸ਼ ਦੀ ਕਾਹਦੀ ਆਰਥਿਕ ਤਰੱਕੀ? ਇਹ ਵਰਤਾਰੇ ਮਾੜੀਆਂ ਨੀਤੀਆਂ ਦੇ ਸੰਕੇਤ ਹਨ...



## ਕਿਸਾਨ, ਖੇਤੀ, ਪੰਜਾਬ ਅਤੇ ਸਰਕਾਰ



ਰਾਜਦੀਪ ਤੂਰ
ਮੋਬਾਈਲ 97803-00247

ਖੇਤੀ ਹੁਣ ਕਿਸਾਨਾਂ ਲਈ ਲਾਹੇਵੰਦ ਧੰਦਾ ਨਹੀਂ ਰਿਹਾ। ਮਹਿੰਗੀਆਂ ਖਾਦਾਂ, ਕੀੜੇਮਾਰ ਦਵਾਈਆਂ ਤੇ ਖੇਤੀ ਦੇ ਮਸ਼ੀਨੀਕਰਨ ਨੇ ਛੋਟੀ ਕਿਸਾਨੀ ਨੂੰ ਤਬਾਹੀ ਕੰਢੇ ਖੜ੍ਹਾ ਕਰ ਦਿੱਤਾ ਹੈ। ਛੋਟੇ ਕਿਸਾਨਾਂ ਤੋਂ ਉਨ੍ਹਾਂ ਦੀ ਜ਼ਮੀਨ ਵੱਧ ਭਾਅ ਦੇ ਲਾਲਚ ਵੱਸ, ਉਨ੍ਹਾਂ ਦੀਆਂ ਮਜਬੂਰੀਆਂ ਦਾ ਫ਼ਾਇਦਾ ਉਠਾ ਕੇ ਜਾਂ ਧੱਕੇ ਨਾਲ ਅਕੁਆਇਰ ਕਰ ਕੇ ਛੋਟੀ ਕਿਸਾਨੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਸਰਮਾਏ ਲੋਕ (ਕਾਰਪੋਰੇਟ ਲਾਬੀ) 1000-1000 ਏਕੜ ਦੇ ਫਾਰਮ ਬਣਾ ਕੇ ਵੱਡੇ ਪੱਧਰ 'ਤੇ ਖੇਤੀ ਕਰਨਗੇ। ਜਿਸ ਨਾਲ ਪੰਜਾਬ ਦੀ ਛੋਟੀ ਕਿਸਾਨੀ ਬਿਲਕੁਲ ਬਰਬਾਦ ਹੋ ਕੇ ਰਹਿ ਜਾਵੇਗੀ। ਵਿਕਾਸ ਫਿਰ ਅਮੀਰ ਵਰਗ ਦਾ ਹੀ ਹੋ ਰਿਹਾ ਹੈ ਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਇਹ ਨੀਤੀਆਂ ਨੇ ਸਰਕਾਰ ਦੀਆਂ, ਜੋ ਹਮੇਸ਼ਾ ਹੀ ਸਰਮਾਏਦਾਰ ਲੋਕਾਂ ਦਾ ਪੱਖ ਪੂਰਦੀਆਂ ਰਹੀਆਂ ਹਨ।

ਪੰਜਾਬ ਦੀਆਂ ਵਾਹੀਯੋਗ ਜ਼ਮੀਨਾਂ ਖ਼ਰੀਦ ਕੇ 400-500 ਏਕੜ ਦੇ ਗੌਲਫ ਮੈਦਾਨ ਬਣਾਏ ਜਾ ਰਹੇ ਹਨ ਸਨਅਤਕਾਰਾਂ ਨੂੰ ਖੇਤੀਯੋਗ ਜ਼ਮੀਨ ਫੈਕਟਰੀਆਂ ਖੋਲ੍ਹਣ ਵਾਸਤੇ ਕਿਸਾਨਾਂ ਪਾਸੋਂ ਲੈ ਕੇ ਦਿੱਤੀ ਜਾ ਰਹੀ ਹੈ। ਇਹ ਕਿਹੜੇ ਵਰਗ ਦਾ ਵਿਕਾਸ ਹੈ? ਇਸ ਨਾਲ ਪੰਜਾਬ ਦੀ ਲੜਖੜਾਉਂਦੀ ਹੋਈ ਆਰਥਿਕਤਾ ਕਿਵੇਂ ਸਥਿਰ ਹੋਵੇਗੀ? ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ, ਖੇਤੀ ਦੇ ਨਾਲ ਹੀ ਪੰਜਾਬ 'ਚ ਹੋਰ ਬਹੁਤ ਸਾਰੇ ਧੰਦੇ ਜੁੜੇ ਹੋਏ ਹਨ। ਖੇਤੀ ਪੰਜਾਬੀਆਂ ਦੀ ਆਰਥਿਕਤਾ ਦਾ ਧੁਰਾ ਹੈ। ਖੇਤੀਬਾੜੀ ਅਤੇ ਖੇਤੀ ਸਹਾਇਕ ਧੰਦਿਆਂ ਨਾਲ ਪੰਜਾਬ ਦੇ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ। ਖੇਤੀ ਪੰਜਾਬ ਦੇ ਲੋਕਾਂ ਦਾ ਵਿਰਾਸਤੀ ਧੰਦਾ ਹੈ। ਖੇਤੀ ਨਾਲ, ਜ਼ਮੀਨਾਂ ਨਾਲ ਪੰਜਾਬੀਆਂ ਦਾ, ਕਿਸਾਨਾਂ ਦਾ ਵਿਰਸਾ ਜ਼ਿੰਦਾ ਹੈ। ਖੇਤੀ ਨਾਲੋਂ ਟੁੱਟ ਕੇ ਪੰਜਾਬੀ ਆਪਣੀ ਵਿਰਾਸਤ ਨਾਲੋਂ ਟੁੱਟ ਜਾਣਗੇ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਸਰਕਾਰ ਦੀਆਂ ਕਿਸਾਨੀ ਵਿਰੋਧੀ ਨੀਤੀਆਂ ਕਾਰਨ ਨਵੀਂ ਪੀੜ੍ਹੀ ਇਸ ਵੱਲੋਂ ਮੂੰਹ ਮੋੜਨ ਲੱਗੀ ਹੈ। ਮੇਰੇ ਵਿਚਾਰ ਤਰੱਕੀ ਦੇ ਖ਼ਿਲਾਫ਼ ਨਹੀਂ ਹਨ ਪਰ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ, ਖੇਤੀਬਾੜੀ ਨਾਲ ਸਬੰਧਤ ਸਨਅਤਾਂ ਪੰਜਾਬ ਵਿਚ ਜ਼ਿਆਦਾ ਲੱਗਣੀਆਂ ਚਾਹੀਦੀਆਂ ਹਨ, ਤਾਂ ਜੋ ਖੇਤੀਬਾੜੀ ਦਾ ਧੰਦਾ ਕਿਸਾਨਾਂ ਲਈ ਲਾਹੇਵੰਦ ਹੋ ਸਕੇ। ਵਾਹੀਯੋਗ ਜ਼ਮੀਨ 'ਤੇ ਮਾਲ ਬਣਾਉਣ, ਗੌਲਫ ਗਰਾਊਂਡ ਬਣਾਉਣ ਜਾਂ ਹੋਰ ਇਸ ਕਿਸਮ ਦੀ ਵਰਤੋਂ 'ਤੇ ਰੋਕ ਲੱਗਣੀ ਚਾਹੀਦੀ ਹੈ। ਸਿਰਫ਼ ਅਮੀਰ ਵਰਗ ਦੀ ਤਰੱਕੀ ਨੂੰ ਹੀ ਕਿਸੇ ਦੇਸ਼ ਦੀ ਤਰੱਕੀ ਨਹੀਂ ਕਿਹਾ ਜਾ ਸਕਦਾ। ਤਰੱਕੀ ਦਾ ਹੇਠਲੇ ਪੱਧਰ 'ਤੇ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਵੀ ਫ਼ਾਇਦਾ ਮਿਲਣਾ ਚਾਹੀਦਾ ਹੈ। ਉਨ੍ਹਾਂ ਦਾ ਜੀਵਨ ਪੱਧਰ ਵੀ ਉੱਚਾ ਉੱਠਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਲੋੜੀਂਦੀਆਂ ਮੁਢਲੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਜਿਸ ਦੇਸ਼ ਵਿਚ ਕਿਸਾਨ, ਮਜ਼ਦੂਰ ਭੁੱਖਾ ਮਰ ਰਿਹਾ ਹੈ, ਖ਼ੁਦਕੁਸ਼ੀਆਂ ਕਰ ਰਿਹਾ ਹੈ। ਉਸ ਦੇਸ਼ ਦੀ ਕਾਹਦੀ ਆਰਥਿਕ ਤਰੱਕੀ, ਕਾਹਦੀ ਵਿਕਾਸ ਦਰ, ਸਭ ਸ਼ੋਸ਼ੇਬਾਜ਼ੀਆਂ ਨੇ। ਕਿਸਾਨ, ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਮਹਿੰਗੇ ਹੋਟਲਾਂ ਚੋਂ, ਏਸੀ ਕਮਰਿਆਂ ਚੋਂ, ਲਗਜ਼ਰੀ ਗੱਡੀਆਂ ਚੋਂ, ਬਾਹਰ ਆ ਕੇ ਸਿਆਸੀ ਨੇਤਾਵਾਂ ਨੂੰ ਆਮ ਲੋਕਾਂ ਦੀ ਹਾਲਤ ਵੇਖਣੀ ਚਾਹੀਦੀ ਹੈ ਕਿ ਲੋਕ ਕਿਵੇਂ ਕੀੜ-ਮਕੌੜਿਆਂ ਵਰਗੀ ਜ਼ਿੰਦਗੀ ਬਸਰ ਕਰ ਰਹੇ ਹਨ।

ਪੰਜਾਬ ਦਿਨੋ-ਦਿਨ ਤਬਾਹੀ ਵੱਲ ਵਧ ਰਿਹਾ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਬਾਹਰ ਆਉਣ ਦਾ ਕੋਈ ਰਸਤਾ ਨਹੀਂ ਦਿਖਾਈ ਦੇ ਰਿਹਾ। ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋ-ਦਿਨ ਹੇਠਾਂ ਜਾ ਰਿਹਾ ਹੈ। ਪੁਰਾਣੇ ਬੋਰ ਪਾਣੀ ਛੱਡ ਰਹੇ ਹਨ। ਕਿਸਾਨਾਂ ਨੂੰ ਮਹਿੰਗੇ ਸਬਮਰਸੀਬਲ ਬੋਰ ਕਰਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਜ਼ੋਰਾਂ 'ਤੇ ਹੈ। ਛੋਟੇ ਕਿਸਾਨ, ਛੋਟੇ ਬੱਚੇ, ਨੌਜਵਾਨ, ਵਡੇਰੀ ਉਮਰ ਦੇ ਲੋਕ, ਇੱਥੋਂ ਤਕ ਕਿ ਨੌਜਵਾਨ ਲੜਕੀਆਂ ਵੀ ਨਸ਼ਿਆਂ ਵਿਚ ਬੁਰੀ ਤਰ੍ਹਾਂ ਜਕੜੇ ਜਾ ਚੁੱਕੇ ਹਨ। ਸਰਕਾਰ ਅਤੇ ਅਫਸਰਸ਼ਾਹੀ ਇਸ ਕਾਰੋਬਾਰ ਨੂੰ ਰੋਕਣ ਦੀ ਬਜਾਏ, ਵਗਦੀ ਹੋਈ ਸਿ ਗੰਗਾ ਵਿਚ ਹੱਥ ਧੋ ਰਿਹਾ ਹੈ। ਬੇਰੁਜ਼ਗਾਰੀ ਕਾਰਣ ਨੌਜਵਾਨ ਵਰਗ ਨਿਰਾਸ਼ਾ ਦੇ ਆਲਮ ਵਿਚ ਹੈ। ਜਿਨ੍ਹਾਂ ਕੋਲ ਸਮਰਥਾ ਹੈ, ਚੰਗੇ ਭਵਿੱਖ ਦੀ ਆਸ ਲਈ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ। ਜੋ ਸਮਰਥਾ ਨਹੀਂ ਰੱਖਦੇ, ਚਿੰਤਾਗ੍ਰਸਤ ਹੋ ਕੇ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ, ਲੁੱਟਾਂ-ਖੋਹਾਂ ਜਾਂ ਹੋਰ ਜੁਰਮਾਂ ਵਿਚ ਸ਼ਾਮਲ ਹੋ ਰਹੇ ਹਨ। ਲੋਕਾਂ ਨੂੰ ਆਪਣਾ ਪੇਟ ਪਾਲਣ ਲਈ ਇਨਸਾਨੀਅਤ ਤੋਂ ਗਿਰ ਕੇ ਕਈ ਤਰ੍ਹਾਂ ਦੇ ਕੰਮ ਕਰਨੇ ਪੈ ਰਹੇ ਹਨ। ਲੋਕ ਕੁੱਲੀ, ਗੁੱਲੀ, ਜੁੱਲੀ ਲਈ ਤਰਸ ਰਹੇ ਹਨ। ਪੰਜਾਬ ਕੈਂਸਰ, ਕਾਲਾ ਪੀਲੀਆ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਘਰ ਬਣ ਗਿਆ ਹੈ। ਇਲਾਜ ਏਨੇ ਮਹਿੰਗੇ ਹਨ ਕਿ ਹਰ ਕਿਸੇ ਵਿਚ ਸਮਰਥਾ ਨਹੀਂ। ਲੋਕ ਇਲਾਜ ਖੁਣੋਂ ਮਰ ਰਹੇ ਹਨ। ਜਿੱਥੇ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਅੱਜ ਨਸ਼ਿਆਂ ਦੇ ਦਰਿਆ ਵਗ ਰਹੇ ਹਨ। ਸਾਡੇ ਦੇਸ਼ ਦੇ ਹਾਕਮ ਉੱਪਰਲੀ ਲਾਬੀ ਦੀ ਤਰੱਕੀ ਨੂੰ ਦੇਸ਼ ਦੇ ਵਿਕਾਸ ਦਾ ਨਾਂ ਦੇ ਰਹੇ ਹਨ। ਦੇਸ਼ ਦੇ ਆਮ ਨਾਗਰਿਕ, ਮਜ਼ਦੂਰ, ਕਿਸਾਨ ਦੀ ਨਿਘਰਦੀ ਹਾਲਤ ਉਨ੍ਹਾਂ ਨੂੰ ਨਜ਼ਰ ਹੀ ਨਹੀਂ ਆ ਰਹੀ।



ਸਾਡੇ ਦੇਸ਼ ਦੇ ਸਾਇੰਸਦਾਨ, ਅਰਥ-ਸ਼ਾਸ਼ਤਰੀ ਅਮਰੀਕਾ ਵਰਗੇ ਖੇਤੀ ਪਾਲਕ ਦੇਸ਼ ਦੇ ਪ੍ਰਸ਼ੰਸਕ ਹਨ ਪਰ ਸਾਡੇ ਦੇਸ਼ ਦੀਆਂ ਜ਼ਮੀਨੀ ਹਾਲਤਾਂ ਬਿਲਕੁਲ ਵੱਖਰੀਆਂ ਹਨ। ਇਸੇ ਕਰਕੇ ਕਿਸਾਨਾਂ ਦੀਆਂ ਮੁਸ਼ਕਿਲਾਂ 'ਚ ਵਾਧਾ ਹੋ ਰਿਹਾ ਹੈ। ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਵੀ ਡੁੱਬਦੀ ਜਾ ਰਹੀ ਕਿਸਾਨੀ ਲਈ ਵੈਂਟੀਲੇਟਰ ਦਾ ਕੰਮ ਵੀ ਨਹੀਂ ਕਰ ਰਹੀਆਂ। ਮਰੀਜ਼ ਨੂੰ ਵੈਂਟੀਲੇਟਰ 'ਤੇ ਰੱਖਣ ਨਾਲੋਂ ਉਸ ਦੀ ਬਿਮਾਰੀ ਨੂੰ ਸਮਝ ਕੇ ਸਹੀ ਇਲਾਜ ਕੀਤਾ ਜਾਣਾ ਜ਼ਰੂਰੀ ਹੈ। ਲੋੜ ਹੈ ਪੰਜਾਬ ਦੇ ਖੇਤੀ ਖੇਤਰ ਨੂੰ, ਪੰਜਾਬ ਦੇ ਕਿਸਾਨ ਨੂੰ ਤਬਾਹੀ ਤੋਂ ਬਚਾਉਣ ਲਈ ਲੋੜੀਂਦੇ ਤੇ ਠੋਸ ਕਦਮ ਚੁੱਕਣ ਦੀ। •



## ਰੁੱਖ ਤਾਂ ਦਾਤਾ ਹੈ

• ਇਬਲੀਸ
ਮੋਬਾਈਲ : 98143-98743

ਮਨੁੱਖ ਦਾ ਰੁੱਖ ਨਾਲ ਰਿਸ਼ਤਾ ਜਨਮ ਤੋਂ ਮੌਤ ਤਕ ਦਾ ਹੈ। ਮਨੁੱਖ ਤੇ ਹੋਰ ਜੀਵ ਜੰਤੂਆਂ ਨੂੰ ਜਿਉਂਦੇ ਰਹਿਣ ਲਈ ਸਾਫ਼ ਹਵਾ ਦੀ ਲੋੜ ਹੈ ਤੇ ਰੁੱਖਾਂ ਦੀ ਹੋਂਦ ਤੋਂ ਬਿਨ੍ਹਾ ਸਾਫ਼ ਹਵਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਰੁੱਖ ਪ੍ਰਿਥਵੀ ਦੇ ਫੇਫੜੇ ਹਨ ਪਰ ਅਫਸੋਸ ਕਿ ਮਨੁੱਖ ਨੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਰ ਕੇ ਆਪਣੀ ਹੀ ਸਾਹ ਰਗ਼ 'ਤੇ ਆਰੀ ਫੇਰਨੀ ਸ਼ੁਰੂ ਕਰ ਦਿੱਤੀ ਹੈ। ਸਨਅਤੀ ਪ੍ਰਦੂਸ਼ਨ ਵਧ ਰਿਹਾ ਹੈ ਤੇ ਇਸ ਦੇ ਖ਼ਾਤਮੇ ਲਈ ਸਾਡੇ ਕੋਲ ਲੋੜੀਂਦੀ ਮਾਤਰਾ 'ਚ ਜੰਗਲ ਹੀ ਨਹੀਂ ਬਚੇ। ਅਸੀਂ ਵਿਗਿਆਨਕ ਘਾੜਤਾਂ ਲਈ ਕਾਰਖ਼ਾਨੇ ਤਾਂ ਸਥਾਪਿਤ ਕਰ ਲਏ ਪਰ ਵਡਮੁੱਲੀ ਆਕਸੀਜਨ ਤਿਆਰ ਕਰਨ ਵਾਲੇ ਇਨ੍ਹਾਂ ਕੁਦਰਤੀ ਕਾਰਖ਼ਾਨਿਆਂ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ। ਜੰਗਲਾਂ ਦੀ ਧੜਾਧੜ ਕਟਾਈ ਨਾਲ ਵਾਤਾਵਰਣ ਵਿਚਲੀਆਂ ਜ਼ਹਿਰੀਲੀਆਂ ਗੈਸਾਂ ਨੇ ਧਰਤੀ ਦੀ ਰੱਖਿਆਤਮਕ ਓਜ਼ੋਨ ਪਰਤ 'ਚ ਵੱਡਾ ਸੁਰਾਖ਼ ਕਰ ਦਿੱਤਾ ਹੈ। ਸੂਰਜ ਤੋਂ ਨਿਕਲਣ ਵਾਲੀਆਂ ਅਲਟਰਾ ਵਾਇਅਲਟ ਰੇਡੀਏਸ਼ਨਜ਼ ਨੂੰ ਸਾਡੇ ਤਕ ਪਹੁੰਚਣ ਤੋਂ ਰੋਕਣ 'ਚ ਰੁੱਖ ਸਹਾਈ ਹੁੰਦੇ ਹਨ ਪਰ ਸਾਡੇ ਕੋਲ ਇਹ ਰੱਖਿਆਤਮਕ ਕਵਚ ਹੀ ਨਹੀਂ ਹੈ। ਜਿਸ ਨਾਲ ਮਨੁੱਖ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਆਲਮੀ ਤਪਸ਼ ਵਧ ਰਹੀ ਹੈ। ਪਹਾੜਾਂ ਦੀਆਂ ਚੋਟੀਆਂ 'ਤੇ ਜੰਮੀ ਬਰਫ ਤੇਜ਼ੀ ਨਾਲ ਪਿਘਲਣੀ ਸ਼ੁਰੂ ਹੋ ਚੁੱਕੀ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਜੇ ਜੰਗਲਾਂ ਦੀ ਕਟਾਈ ਦੀ ਰਫ਼ਤਾਰ ਇਹੀ ਰਹੀ ਤਾ ਸੰਨ 2025 ਤਕ ਧਰਤੀ ਦਾ ਤਾਪਮਾਨ ਡਿਗਰੀ ਸੈਂਟੀਗਰੇਡ ਦਾ ਹੋਰ ਵਧ ਜਾਵੇਗਾ।



### ਪੰਜਾਬ ਨੂੰ ਲੱਗੀ ਸਿਆਸੀ ਨਜ਼ਰ

ਪੰਜਾਬ ਦੇ ਜੰਗਲਾਂ ਨੂੰ ਸਭ ਤੋ ਪਹਿਲਾਂ ਸਿਆਸੀ ਨਜ਼ਰਾਂ ਨੇ ਖਾਧਾ ਹੈ। ਸਾਲ 1966 ਵਿਚ ਸੂਬਿਆਂ ਦੇ ਪੁਨਰਗਠਨ ਨਾਲ ਪੰਜਾਬ ਦੇ ਜੰਗਲਾਂ ਦਾ ਵੱਡਾ ਹਿੱਸਾ ਇਸ ਕੋਲੋਂ ਖੁੱਸ ਗਿਆ। ਪੰਜਾਬ ਦੇ ਜੰਗਲਾਂ ਦਾ ਵੱਡਾ ਹਿੱਸਾ ਇਸ ਦੇ ਪਹਾੜੀ ਇਲਾਕਿਆਂ 'ਚ ਸੀ, ਜੋ ਹਿਮਾਚਲ ਪ੍ਰਦੇਸ਼ ਦੇ ਹੋਂਦ 'ਚ ਆਉਣ ਨਾਲ ਉਸ ਦੇ ਹਿੱਸੇ ਵਿਚ ਚਲੇ ਗਏ। ਜੰਗਲਾਤ ਅਧੀਨ ਵੱਡਾ ਰਕਬਾ ਹਰਿਆਣੇ ਵਿਚ ਚਲਾ ਗਿਆ। ਇਸ ਤੋ ਬਾਅਦ ਪੰਜਾਬ ਵਿਚ ਹਰੀ ਕ੍ਰਾਂਤੀ ਦੇ ਨਾਂ ਹੇਠ ਰਸਾਇਣਕ ਖੇਤੀ ਨੇ ਦਸਤਕ ਦਿੱਤੀ ਤੇ ਖੇਤੀ ਹੇਠ ਰਕਬੇ ਨੂੰ ਲਿਆਉਣ ਲਈ ਪੰਜਾਬ ਦੇ ਲੋਕਾਂ ਨੇ ਕੁਹਾੜੀਆਂ ਨੂੰ ਐਸਾ ਸਾਣ 'ਤੇ ਚਾੜ੍ਹਿਆ ਕਿ ਜੰਗਲਾਂ ਦੇ ਜੰਗਲ ਕਤਲ ਕਰ ਦਿੱਤੇ ਗਏ। ਰਹਿੰਦੇ ਜੰਗਲਾਂ ਨੂੰ ਸਿਆਸੀ ਸਰਪ੍ਰਸਤੀ ਅਧੀਨ ਇਸ ਦੇ ਰਾਖਿਆ ਨੇ ਹੀ ਭੂ ਤੇ ਲੱਕੜ ਮਾਫੀਆ ਦੇ ਹਵਾਲੇ ਕਰ ਦਿੱਤਾ। ਜੰਗਲਾਂ ਦੀ ਚੋਰੀ ਛੁੱਪੇ ਕਟਾਈ ਨੇ ਪੰਜਾਬ ਦੀ ਅਜਿਹੀ ਹਾਲਤ ਕਰ ਦਿੱਤੀ, ਜਿਹੋ ਜਿਹੀ ਫੇਫੜਿਆਂ ਦੇ ਕਿਸੇ ਰੋਗੀ ਦੀ ਛਾਤੀ ਉੱਪਰ ਮੁੱਕਾ ਮਾਰਨ ਨਾਲ ਹੁੰਦੀ ਹੈ। ਰਹਿੰਦੀ ਕਸਰ ਕਿਸਾਨਾਂ ਨੇ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਪੂਰੀ ਕਰ ਦਿੱਤੀ ਤੇ ਇਸ ਦੀ ਲਪੇਟ ਵਿਚ ਆ ਕੇ ਹਰ ਛਮਾਹੀ ਪੰਜਾਬ ਵਿਚ ਹਜ਼ਾਰਾਂ ਰੁੱਖ ਜਿਉਂਦੇ ਸੜ ਜਾਂਦੇ ਹਨ।

### ਜੰਗਲਾਤ ਵਿਭਾਗ ਦੀ ਸਥਾਪਨਾ

ਸਾਲ 1864 ਵਿਚ ਭਾਰਤ ਸਰਕਾਰ ਵੱਲੋਂ ਜੰਗਲਾਤ ਵਿਭਾਗ ਦੀ ਸਥਾਪਨਾ ਕੀਤੀ ਗਈ। ਡਾ. ਬਰਾਂਡਿਸ ਫਾਰੈਸਟ ਵਿਭਾਗ ਦੇ ਪਹਿਲੇ ਇੰਸਪੈਕਟਰ ਜਨਰਲ ਬਣੇ। ਉਨ੍ਹਾਂ ਨੇ ਜੰਗਲਾਂ ਦੇ ਵਿਕਾਸ ਲਈ ਵਿਧੀਪੂਰਵਕ ਪ੍ਰਬੰਧ ਲਾਗੂ ਕੀਤੇ। 1865 ਵਿਚ 'ਇੰਡੀਅਨ ਫਾਰੈਸਟ ਐਕਟ' ਬਣਿਆ ਤੇ ਭਾਰਤ ਸਰਕਾਰ ਵਿਚ ਜੰਗਰਾਤ ਦੇ ਪ੍ਰਬੰਧਾਂ ਦੀ ਸਿਖਲਾਈ ਦਾ ਸਿਲਸਿਲਾ ਸ਼ੁਰੂ ਹੋਇਆ। 1873 ਵਿਚ ਇਸ ਐਕਟ 'ਚ ਪਹਿਲੀ ਵਾਰ ਸੋਧ ਹੋਈ। 1873 ਵਿਚ



ਦੇਹਰਾਦੂਨ ਵਿਖੇ ਫਾਰੈਸਟ ਸਕੂਲ ਦੀ ਸਥਾਪਨਾ ਕੀਤੀ ਗਈ ਤੇ 1891 'ਚ ਪ੍ਰੀਵੈਂਸ਼ੀਅਲ ਫਾਰੈਸਟ ਸਰਵਿਸ ਵਾਸਤੇ ਕਾਲਜ ਦੀ ਸਥਾਪਨਾ ਕੀਤੀ ਗਈ। 1927 ਵਿਚ ਫਾਰੈਸਟ ਐਕਟ 'ਚ ਦੁਬਾਰਾ ਸੋਧ ਕੀਤੀ ਗਈ। ਇਹ ਐਕਟ ਦੇਸ਼ ਦੀ ਅਜ਼ਾਦੀ ਦੇ ਲੰਮੇ ਸਮੇਂ ਬਾਅਦ ਤਕ ਦੇਸ਼ 'ਚ ਲਾਗੂ ਰਿਹਾ।

### ਇਕ ਰੁੱਖ ਸੌ ਸੁੱਖ

ਵਣ ਵਿਗਿਆਨੀਆਂ ਅਨੁਸਾਰ 50 ਸਾਲ ਦਾ ਇਕ ਰੁੱਖ ਇਨ੍ਹਾਂ ਵਰ੍ਹਿਆਂ ਵਿਚ ਲਗਪਗ 15 ਲੱਖ ਰੁਪਏ ਦਾ ਫ਼ਾਇਦਾ ਦਿੰਦਾ ਹੈ। 50 ਸਾਲ ਦਾ ਇਕ ਵੱਡਾ ਰੁੱਖ ਇਨ੍ਹਾਂ ਸਾਲਾਂ ਦੌਰਾਨ 2.5 ਲੱਖ ਰੁਪਏ ਦੀ ਲੱਕੜ ਦਿੰਦਾ ਹੈ। ਉਹ ਮਿੱਟੀ ਨੂੰ ਖੁਰਨ ਤੋਂ ਬਚਾਉਣ ਤੇ ਧਰਤੀ ਨੂੰ ਉਪਜਾਊ ਬਣਾਉਣ ਵਿਚ 2.5 ਲੱਖ ਰੁਪਏ ਦਾ ਯੋਗਦਾਨ ਪਾਉਂਦਾ ਹੈ। ਇਹ ਰੁੱਖ ਪਾਣੀ ਦੇ ਸੋਮਿਆਂ ਨੂੰ ਬਰਕਰਾਰ ਰੱਖਣ 'ਚ ਵੀ ਲਗਪਗ 2.5 ਲੱਖ ਰੁਪਏ ਦਾ ਯੋਗਦਾਨ ਦਿੰਦਾ ਹੈ। ਸ਼ਹਿਦ ਦੀਆਂ ਮੱਖੀਆਂ, ਪਰਿੰਦਿਆਂ ਤੇ ਹੋਰ ਜਨਵਰਾਂ ਦੀ ਖ਼ੁਰਾਕ ਤੇ ਰੱਖਿਆ ਦੇ ਰੂਪ 'ਚ 2.5 ਲੱਖ ਰੁਪਏ ਦਾ ਯੋਗਦਾਨ ਦਿੰਦਾ ਹੈ। ਪ੍ਰਦੂਸ਼ਿਤ ਹਵਾ ਸਾਫ਼ ਕਰ ਕੇ ਆਕਸੀਜਨ ਦੇ ਰੂਪ 'ਚ 50 ਸਾਲ ਦਾ ਵੱਡੇ ਆਕਾਰ ਦਾ ਇਕ ਰੁੱਖ 5 ਲੱਖ ਰੁਪਏ ਦਾ ਹਿੱਸਾ ਪਾਉਂਦਾ ਹੈ।

### ਰੁੱਖਾਂ ਦੀ ਬਖ਼ਸ਼ਿਸ਼

- *ਰੁੱਖ ਜਨਮ ਤੋਂ ਲੈ ਕੇ ਮੌਤ ਤਕ ਮਨੁੱਖ ਨੂੰ ਦਿੰਦਾ ਹੀ ਹੈ, ਲੈਂਦਾ ਕੁਝ ਵੀ ਨਹੀਂ। ਪ੍ਰਤੱਖ ਰੂਪ 'ਚ ਉਹ ਭਾਵੇਂ ਛਾਂ, ਫਲ ਅਤੇ ਲੱਕੜੀ ਹੀ ਦਿੰਦਾ ਹੈ ਪਰ ਬਹੁਤ ਕੁਝ ਅਜਿਹਾ ਹੈ ਜੋ ਉਹ ਅਪ੍ਰਤੱਖ ਰੂਪ 'ਚ ਦਿੰਦਾ ਹੈ। ਉਹ ਟਨਾਂ ਦੇ ਹਿਸਾਬ ਨਾਲ ਕਾਰਬਨ- ਡਾਈਆਕਸਾਈਡ ਨੂੰ ਜਜ਼ਬ ਕਰ ਕੇ ਆਕਸੀਜਨ 'ਚ ਬਦਲਦਾ ਹੈ।*
- *ਜੰਗਲਾਂ ਦੀ ਧੜਾਧੜ ਕਟਾਈ ਨਾਲ ਇਸ ਵੇਲੇ ਧਰਤੀ ਦੇ 70 ਹਜ਼ਾਰ ਜੀਵ ਜੰਤੂਆਂ ਤੇ ਪੌਦਿਆਂ ਦੀਆਂ ਪ੍ਰਜਾਤੀਆਂ ਖ਼ਤਰੇ 'ਚ ਹਨ। ਦਰਿਆਵਾਂ ਕੰਢਿਓਂ ਰੁੱਖਾਂ ਦੇ ਖਾਤਮੇ ਨਾਲ ਹਰ ਸਾਲ ਪੰਜਾਬ ਦੀ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਸਤਲੁਜ ਤੇ ਬਿਆਸ ਦਰਿਆਵਾਂ ਦੇ ਕਟਾਅ ਕਾਰਨ ਇਸ 'ਚ ਸਮਾ ਜਾਂਦੀ ਹੈ।*
- *ਦੋ ਦਹਾਕਿਆਂ ਦੌਰਾਨ ਹੜ੍ਹਾਂ ਤੋਂ ਪ੍ਰਭਾਵਿਤ ਅਲਾਕਿਆਂ ਦਾ ਰਕਬਾ 2 ਕਰੋੜ ਏਕੜ ਤੋਂ ਵਧ ਕੇ 4.5 ਕਰੋੜ ਏਕੜ ਹੋ ਗਿਆ ਹੈ।*
- *ਜੰਗਲਾਂ ਦੀ ਅਣਹੋਂਦ ਕਾਰਨ ਧਰਤੀ ਰੇਤਲੀ ਹੋ ਰਹੀ ਹੈ ਤੇ ਇਸ ਦੀ ਉਪਜਾਊ ਸ਼ਕਤੀ ਘਟ ਰਹੀ ਹੈ।*
- *ਰੁੱਖਾਂ ਦੀ ਅਣਹੋਂਦ ਵੀ ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਦਾ ਵੱਡਾ ਕਾਰਨ ਹੈ।*
- *ਪੰਜਾਬ ਵਿਚ ਰੁੱਖਾਂ ਹੇਠ ਰਕਬਾ ਸਿਰਫ਼ 5.5 ਫ਼ੀਸਦੀ ਹੈ, ਜਦਕਿ ਸੰਤੁਲਿਤ ਵਾਤਾਵਰਣ ਲਈ 33 ਫ਼ੀਸਦੀ ਜੰਗਲਾਂ ਦਾ ਹੋਣਾ ਲਜ਼ਮੀ ਹੈ।*
- *ਜੰਗਲਾਂ ਦੀ ਅਣਹੋਂਦ ਕਾਰਨ ਧਰਤੀ ਹੇਠਲੇ ਪਾਣੀ ਦੇ ਵਹਾਅ 'ਚ ਵੱਡੀਆਂ ਤਬਦੀਲੀਆਂ ਆ ਰਹੀਆਂ ਹਨ। ਜਿਸ ਕਾਰਨ ਕਈ ਇਲਾਕੇ ਸੇਮ, ਸਲ੍ਹਾਬ ਤੇ ਖਾਰੇਪਨ ਦੇ ਅਸਰ ਹੇਠ ਆ ਰਹੇ ਹਨ।*
- *ਪਹਾੜੀ ਇਲਾਕਿਆਂ 'ਚ ਹੋਈ ਬਰਸਾਤ ਦੇ ਪਾਣੀ ਨੂੰ ਰੁੱਖ ਹੌਲੀ-ਹੌਲੀ ਦਰਿਆਵਾਂ ਦੇ ਹਵਾਲੇ ਕਰਦੇ ਹਨ ਜਿਸ ਨਾਲ ਹੜ੍ਹਾਂ ਦੀ ਸੰਭਾਵਨਾ ਘਟਦੀ ਹੈ।*
- *ਪਹਾੜੀ ਤੇ ਮੈਦਾਨੀ ਇਲਾਕਿਆਂ ਵਿਚਲੇ ਰੁੱਖ ਬੱਦਲਾਂ ਨੂੰ ਆਪਣੇ ਵੱਲ ਖਿੱਚ ਕੇ ਸੋਕੇ ਤੋਂ ਬਚਾਉਂਦੇ ਹਨ।*
- *ਹਜ਼ਾਰਾਂ ਰੁੱਖ ਅਜਿਹੇ ਹਨ, ਜਿਨ੍ਹਾਂ ਦਾ ਛਿਲਕਾ, ਬੀਜ, ਫਲ ਤੇ ਗੂੰਦ ਦਵਾਈਆਂ ਬਣਾਉਣ ਦੇ ਕੰਮ ਆਉਂਦੇ ਹਨ।*

### ਕੌਣ ਖਾ ਰਿਹੈ ਜੰਗਲਾਂ ਨੂੰ!

ਪੰਜਾਬ ਵਿਚ ਜੰਗਲਾਂ ਹੇਠ ਰਕਬਾ ਵਧਾਉਣ ਦੀ ਗੱਲ ਬੜੇ ਜ਼ੋਰਸ਼ੋਰ ਨਾਲ ਉਭਾਰੀ ਜਾਂਦੀ ਹੈ। ਜਿਸ ਜ਼ੋਰ ਨਾਲ ਜੰਗਲਾਂ ਦੇ ਵਾਧੇ ਦਾ ਨਾਅਰਾ ਲਗਾਇਆ ਜਾਂਦਾ ਹੈ ਉਸੇ ਰਫ਼ਤਾਰ ਨਾਲ ਇਨ੍ਹਾਂ ਹੇਠ ਰਕਬਾ ਘਟਦਾ ਜਾ ਰਿਹਾ ਹੈ। ਹਰ ਸਾਲ ਲੱਖਾਂ ਬੂਟੇ ਲਗਾਏ ਜਾਣ ਦੇ ਦਾਅਵੇ ਕੀਤੇ ਜਾਂਦੇ ਹਨ ਤੇ ਹਰ ਸਾਲ ਜੰਗਲਾਂ ਹੇਠ ਰਕਬਾ ਘਟ ਰਿਹਾ ਹੈ। ਬੀਤੇ ਦਸ ਸਾਲਾਂ ਦੌਰਾਨ ਜੰਗਲਾਂ ਦਾ ਲਗਪਗ ਇਕ ਤਿਹਾਈ ਹਿੱਸਾ ਗ਼ਾਇਬ ਹੋ ਚੁੱਕਾ ਹੈ। 'ਫਾਰੈਸਟ ਸਰਵੇ ਆਫ ਇੰਡੀਆ' ਦੀ ਇਕ ਰਿਪੋਰਟ ਵੀ ਜੰਗਲਾਂ ਹੇਠ ਘਟ ਰਹੇ ਰਕਬੇ ਨੂੰ ਤਸਦੀਕ ਕਰਦੀ ਹੈ। ਇਸ ਰਿਪੋਰਟ ਅਨੁਸਾਰ 2001 ਤੋਂ 2004 ਦੌਰਾਨ ਸੂਬੇ ਵਿਚ 855 ਵਰਗ ਕਿਲੋਮੀਟਰ ਜੰਗਲ ਗ਼ਾਇਬ ਹੋਏ। ਸੂਬੇ ਦੇ ਕੁੱਲ 2435 ਵਰਗ ਕਿਲੋਮੀਟਰ 'ਚ ਜੰਗਲ ਸੀ। ਇਸ ਵਿੱਚੋਂ ਸੰਘਣੇ ਜੰਗਲ 1550 ਵਰਗ ਕਿਲੋਮੀਟਰ 'ਚ ਅਤੇ 833 ਵਰਗ ਕਿਲੋਮੀਟਰ 'ਚ ਖੁੱਲ੍ਹੇ ਜੰਗਲ ਸਨ। ਇਸ ਰਿਪੋਰਟ ਅਨੁਸਾਰ ਸਾਲ 2005 ਵਿਚ ਸੂਬੇ ਚ ਮਾਤਰ 1580 ਵਰਗ ਕਿਲੋਮੀਟਰ ਇਲਾਕੇ 'ਚ ਜੰਗਲ ਹੈ। ਜ਼ਾਹਿਰ ਹੈ ਕਿ ਰੁੱਖ ਲਗਾਉਣ ਦੀਆਂ ਬਹੁਤੀਆਂ ਮੁਹਿੰਮਾਂ ਕਾਗਜ਼ਾਂ ਤਕ ਹੀ ਸੀਮਤ ਹਨ। ਇਨ੍ਹਾਂ ਜੰਗਲਾਂ ਉੱਪਰ ਲੱਕੜ ਮਾਫੀਆ ਦੀ ਵੀ ਅੱਖ ਰਹਿੰਦੀ ਹੈ, ਜੋ ਜੰਗਲਾਂ ਦੇ ਆਕਾਰ ਨੂੰ ਛੋਟਾ ਕਰਦੀ ਹੈ। ਕਿਸਾਨਾਂ ਦੁਆਰਾਂ ਫ਼ਸਲੀ ਰਹਿੰਦ-ਖੂੰਹਦ ਨੂੰ ਲਗਾਈ ਜਾਂਦੀ ਅੱਗ ਵੀ ਸੜਕਾਂ ਕਿਨਾਰੇ ਉੱਗੇ ਹਜ਼ਾਰਾਂ ਰੁੱਖਾਂ ਦਾ ਹਰ ਸਾਲ ਨਾਸ਼ ਕਰ ਦਿੰਦੀ ਹੈ। ਇਕ ਅਨੁਮਾਨ ਅਨੁਸਾਰ ਸੂਬੇ ਵਿਚ ਹਰ ਛਿਮਾਹੀ ਇਸ ਅੱਗ ਨਾਲ ਘੱਟੋ-ਘੱਟ 25 ਤੋਂ 30 ਹਜ਼ਾਰ ਛੋਟੇ-ਵੱਡੇ ਰੁੱਖ ਸੜ ਜਾਂਦੇ ਹਨ। ਜ਼ਮੀਨ ਮਾਫੀਆ ਵੱਲੋਂ ਵੀ ਜੰਗਲਾਂ ਨੂੰ ਅੱਗ ਲਾ ਕੇ ਇਨ੍ਹਾਂ ਹੇਠੋਂ ਰਕਬਾ ਕੱਢੇ ਜਾਣ ਦੇ ਯਤਨ ਕੀਤੇ ਜਾਂਦੇ ਰਹਿੰਦੇ ਹਨ। ਜੰਗਲਾਂ ਦੀ ਕਟਾਈ ਤੋਂ ਕਮਾਈ ਖਾਣ ਵਿਚ ਸਿਆਸੀ ਲੋਕ ਵੀ ਪਿੱਛੇ ਨਹੀਂ ਹਨ। ਆਪਣੀ ਪਸੰਦ ਦੇ ਅਧਿਕਾਰੀਆਂ ਨੂੰ ਆਪਣੇ ਰਸੂਖ ਨਾਲ ਮਨਪਸੰਦ ਇਲਾਕਿਆਂ 'ਚ ਤਾਇਨਾਤ ਕਰਵਾ ਕੇ ਉਨ੍ਹਾਂ ਦੀ ਮਿਲੀਭੁਗਤ ਨਾਲ ਜੰਗਲਾਂ ਦੀ ਕਟਾਈ ਦਾ ਠੇਕਾ ਵੀ ਆਪਣੇ ਮਨਪਸੰਦ ਠੇਕੇਦਾਰਾਂ ਨੂੰ ਦਿੱਤਾ ਜਾਂਦਾ ਹੈ। ਇਸ ਵਿਚ ਨਿਲਾਮੀ ਕੁਝ ਇਕ ਰੁੱਖਾਂ ਦੀ ਕਟਾਈ ਦੀ ਹੁੰਦੀ ਹੈ ਪਰ ਮਿਲੀਭੁਗਤ ਨਾਲ ਜਾਰੀ ਪਰਮਿਟ ਤੋਂ ਵੀ ਵਧੇਰੇ ਗਿਣਤੀ 'ਚ ਰੁੱਖ ਵੱਢੇ ਜਾਂਦੇ ਹਨ। ਠੇਕੇਦਾਰਾਂ, ਅਧਿਕਾਰੀਆਂ ਤੇ ਸਿਆਸੀ ਨੇਤਾਵਾਂ ਦਾ ਇਹ ਗੱਠਜੋੜ ਵੀ ਜੰਗਲਾਂ ਨੂੰ ਘੁਣ ਵਾਂਗ ਅੰਦਰੋ ਅੰਦਰੀ ਖਾਣ ਵਾਲਾ ਸਿੱਧ ਹੁੰਦਾ ਹੈ।

### ਜੰਗਲ 'ਚ ਗੁਆਚੀਆਂ ਯੋਜਨਾਵਾਂ

1998 ਵਿਚ ਜਾਪਾਨ ਬੈਂਕ ਇੰਟਰਨੈਸ਼ਨਲ ਕੋਆਪ੍ਰੇਸ਼ਨ ਯੋਜਨਾ ਤਹਿਤ ਪੰਜਾਬ ਵਿਚ 650 ਕਰੋੜ ਰੁਪਏ ਦੀ ਯੋਜਨਾ ਤਿਆਰ ਕੀਤੀ ਗਈ ਸੀ। ਇਸ ਯੋਜਨਾ ਨੇ ਆਪਣਾ ਰੰਗ ਵਿਖਾਇਆ ਤੇ ਪਹਿਲੇ ਦੋ-ਤਿੰਨ ਸਾਲਾਂ ਦੌਰਾਨ ਪੰਜਾਬ 'ਚ ਜੰਗਲਾਂ ਦਾ ਰਕਬਾ ਵਧਿਆ ਪਰ ਹੌਲੀ-ਹੌਲੀ ਇਸ ਯੋਜਨਾ ਨੂੰ ਭ੍ਰਿਸ਼ਟਾਚਾਰ ਦੀ ਸਿਓਂਕ ਲੱਗ ਗਈ। 2007 ਵਿਚ ਪੰਜਾਬ ਦੇ ਤਤਕਾਲੀ ਜੰਗਲਾਤ ਮੰਤਰੀ ਨੇ ਹੁਸ਼ਿਆਰਪੁਰ ਜੰਗਲਾਤ ਡਵੀਜ਼ਨ 'ਚ ਘਪਲੇ ਦੀ ਜਾਂਚ ਵਿਜੀਲੈਂਸ ਪਾਸੋ ਕਰਵਾਏ ਜਾਣ ਲਈ ਇਕ ਚਿੱਠੀ ਰਾਹੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਹੁਸ਼ਿਆਰਪੁਰ ਦੇ ਉਸ ਵੇਲੇ ਦੇ ਗੜ੍ਹਦੀਵਾਲਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਦੇਸਰਾਜ ਧੁੱਗਾ ਤੇ ਫਿਰੋਜ਼ਪੁਰ ਦੇ ਤਤਕਾਰੀ ਵਿਧਾਇਕ ਸੁਖਪਾਲ ਸਿੰਘ ਵੱਲੋਂ ਵੀ ਸਾਲ 2005 ਤੋਂ ਲੈ ਕੇ ਆਪਣੇ ਕਾਰਜਕਾਲ ਤਕ ਜੰਗਲਾਤ ਵਿਭਾਗ 'ਚ ਸਭ ਠੀਕ ਠਾਕ ਨਾ ਹੋਣ ਦਾ ਉੱਚੀ ਸੁਰ 'ਚ ਰਾਗ ਅਲਾਪਿਆ ਗਿਆ ਸੀ। ਦੇਸ ਰਾਜ ਧੁੱਗਾ ਨੇ ਤਾਂ ਸਪਸ਼ਟ ਸ਼ਬਦਾਂ 'ਚ ਕਿਹਾ ਸੀ ਕਿ ਜਾਪਾਨ ਪ੍ਰਾਜੈਕਟ ਤਹਿਤ ਸੂਬੇ ਵਿਚ ਜ਼ਮੀਨੀ ਪੱਧਰ ਤੇ ਕੁਝ ਖ਼ਾਸ ਨਹੀਂ ਹੋ ਰਿਹਾ ਹੈ। ਇਸੇ ਤਰ੍ਹਾਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਾਈ ਗਈ ਯੋਜਨਾ ਆਈਡਬਲਊਡੀਪੀ ਵੀ ਹਜ਼ਾਰਾਂ ਕਰੋੜ ਦੇ ਖ਼ਰਚੇ ਦੇ ਬਾਵਜੂਦ ਖ਼ਾਸ ਰੰਗ ਨਾ ਵਿਖਾ ਸਕੀ। ਰਹੀ ਗੱਲ ਪੰਜਾਬ ਦੀ, ਜਿੱਥੋਂ ਦੀਆਂ ਸਰਕਾਰਾਂ ਦਹਾਕਿਆਂ ਤੋਂ ਖਜ਼ਾਨੇ ਖਾਲੀ ਹੋਣ ਦੇ ਰਾਗ ਅਲਾਪਦੀਆਂ ਰਹੀਆਂ ਹੋਣ, ਉਨ੍ਹਾਂ ਕੋਲੋਂ ਜੰਗਲਾਂ ਦੇ ਵਿਕਾਸ ਦੀ ਕੀ ਆਸ ਕੀਤੀ ਜਾ ਸਕਦੀ ਹੈ। •

## ਕਿਵੇਂ ਕੀਤੀ ਜਾਵੇ ਮੂੰਗੀ ਦੀ ਕਾਸ਼ਤ





ਡਾ. ਅਮਰੀਕ ਸਿੰਘ
ਮੋਬਾਈਲ 94630-71919

ਅਜੋਕੇ ਸਮੇਂ ਪ੍ਰਤੀ ਵਿਅਕਤੀ ਦਾਲਾਂ ਦੀ ਖਪਤ 70 ਗ੍ਰਾਮ ਤੋਂ ਘਟ ਕੇ 27 ਗ੍ਰਾਮ ਹੈ, ਜੋ ਵਿਸ਼ਵ ਸਿਹਤ ਸੰਸਥਾ ਦੀ 80 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੀ ਖਪਤ ਤੋਂ ਕਾਫੀ ਘੱਟ ਹੈ...

ਦਾਲਾਂ ਮਨੁੱਖੀ ਖ਼ੁਰਾਕ ਦਾ ਬੇਹੱਦ ਜ਼ਰੂਰੀ ਹਿੱਸਾ ਹਨ। ਪੰਜਾਬ ਵਿਚ ਕਿਸਾਨਾਂ ਵੱਲੋਂ ਕਣਕ-ਝੋਨੇ ਦਾ ਫ਼ਸਲੀ ਚੱਕਰ ਅਪਨਾਉਣ ਕਾਰਨ ਦਾਲਾਂ ਹੇਠ ਰਕਬਾ ਬਹੁਤ ਘਟ ਗਿਆ ਹੈ। ਵਸੋਂ ਵਿਚ ਹੋ ਰਹੇ ਵਾਧੇ ਅਤੇ ਦਾਲਾਂ ਦੀ ਪੈਦਾਵਾਰ 'ਚ ਆਈ ਖੜੋਤ ਕਾਰਨ ਪ੍ਰਤੀ ਵਿਅਕਤੀ ਦਾਲਾਂ ਦੀ ਖਪਤ 70 ਗ੍ਰਾਮ ਤੋਂ ਘਟ ਕੇ 27 ਗ੍ਰਾਮ ਰਹਿ ਗਈ ਹੈ, ਜੋ ਵਿਸ਼ਵ ਸਿਹਤ ਸੰਸਥਾ ਦੀ 80 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੀ ਖਪਤ ਤੋਂ ਕਾਫੀ ਘੱਟ ਹੈ। ਪੰਜਾਬ ਵਿਚ ਦਾਲਾਂ ਹੇਠ ਰਕਬਾ 2015-16 ਦੌਰਾਨ 30 ਹਜ਼ਾਰ ਹੈਕਟੇਅਰ ਸੀ। ਝੋਨੇ ਦੀ ਅਗੇਤੀ ਲਵਾਈ ਕਾਰਨ ਕਿਸਾਨ ਗਰਮ ਰੁੱਤ ਦੀਆਂ ਦਾਲਾਂ ਦੀ ਕਾਸ਼ਤ 'ਚ ਘੱਟ ਦਿਲਚਸਪੀ ਲੈਂਦੇ ਸਨ। ਸਾਲ 2011-12 ਵਿਚ ਪੰਜਾਬ 'ਚ ਝੋਨੇ ਦੀ ਲਵਾਈ 10 ਜੂਨ ਤੋਂ ਪਹਿਲਾਂ ਕਰਨ ਦੀ ਮਨਾਹੀ ਕਾਰਨ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ 7800 ਹੈਕਟੇਅਰ ਰਕਬੇ 'ਚ ਕੀਤੀ ਗਈ। ਕੇਂਦਰ ਸਰਕਾਰ ਦੇ ਕੌਮੀ ਅੰਨ ਸੁਰੱਖਿਆ ਮਿਸ਼ਨ ਵਿੱਚ ਦਾਲਾਂ ਦੀ ਕਾਸਤ ਹੇਠ ਰਕਬੇ ਤੇ ਪੈਦਾਵਾਰ ਵਿਚ ਵਾਧਾ ਕਰਨ ਲਈ 25 ਰੁਪਏ ਪ੍ਰਤੀ ਕਿੱਲੋ ਮੂੰਗੀ ਦੇ ਬੀਜ 'ਤੇ ਸਬਸਿਡੀ ਦਿੱਤੀ ਜਾਵੇਗੀ। ਇਹ ਸਬਸਿਡੀ ਕਿਸਾਨਾਂ ਦੇ ਖਾਤਿਆਂ ਵਿਚ ਜਾਵੇਗੀ। ਕਿਸਾਨ ਪਨਸੀਡ, ਪੀਏਯੂ ਜਾਂ ਕਿਸੇ ਹੋਰ ਏਜੰਸੀ ਤੋਂ ਮੂੰਗੀ ਦਾ ਬੀਜ ਖ਼ਰੀਦ ਸਕਦੇ ਹਨ। ਮੂੰਗੀ ਦੀ ਕਾਸ਼ਤ ਕਮਾਦ ਦੀ ਖੇਤੀ ਵਿਚ ਅੰਤਰ-ਫ਼ਸਲ ਵਜੋਂ ਵੀ ਕੀਤੀ ਜਾ ਸਕਦੀ ਹੈ। ਕਣਕ ਦੀ ਕਟਾਈ ਤੋਂ ਬਾਅਦ ਤੇ ਬਾਸਮਤੀ ਦੀ ਲਵਾਈ ਤੋਂ ਪਹਿਲਾਂ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਕਰ ਕੇ ਕਿਸਾਨ ਜਿਥੇ ਵਧੇਰੇ ਆਮਦਨ ਲੈ ਸਕਦੇ ਹਨ, ਉਥੇ ਇਸ ਦੀ ਕਾਸ਼ਤ ਨਾਲ ਜ਼ਮੀਨ ਦੀ ਸਿਹਤ ਵਿਚ ਵੀ ਸੁਧਾਰ ਹੁੰਦਾ ਹੈ। ਮੂੰਗੀ ਦੀ ਵਧੇਰੇ ਪੈਦਾਵਾਰ ਲਈ ਇਹ ਤਕਨੀਕਾਂ ਅਪਨਾਉਣੀਆਂ ਚਾਹੀਦੀਆਂ ਹਨ :

### ਕਿਸਮਾਂ ਤੇ ਵਾਤਾਵਰਨ

ਮੂੰਗੀ ਦੀ ਫ਼ਸਲ ਹੋਰਨਾਂ ਦਾਲਾਂ ਨਾਲੋਂ ਵਧੇਰੇ ਗਰਮੀ ਸਹਾਰ ਸਕਦੀ ਹੈ, ਇਸ ਲਈ ਇਸ ਦੀ ਕਾਸ਼ਤ ਵਾਸਤੇ ਗਰਮ ਜਲਵਾਯੂ ਦੀ ਜ਼ਰੂਰਤ ਹੈ। ਇਸ ਦੀ ਕਾਸਤ ਲਈ ਚੰਗੀ ਜਲ ਨਿਕਾਸੀ ਵਾਲੀ ਭਲ ਤੋਂ ਰੇਤਲੀ ਭਲ ਵਾਲੀ ਜ਼ਮੀਨ ਢੁਕਵੀਂ ਹੈ। ਮੂੰਗੀ ਦੀ ਕਾਸ਼ਤ ਲਈ ਦੋ ਕਿਸਮਾਂ ਐੱਸਐੱਮਐੱਲ-832 ਅਤੇ ਐੱਸਐੱਮਐੱਲ-668 ਦੀ ਸਿਫਾਰਸ਼ ਕੀਤੀ ਗਈ ਹੈ। ਐੱਸਐੱਮਐੱਲ-832 ਕਿਸਮ ਨੂੰ ਫਲੀਆਂ ਗੁੱਛਿਆਂ ਵਿਚ ਲਗਦੀਆਂ ਹਨ ਤੇ ਇਕਸਾਰ ਪੱਕਦੀਆਂ ਹਨ। ਇਹ ਕਿਸਮ ਕਰੀਬ 61 ਦਿਨਾਂ 'ਚ ਪੱਕ ਜਾਂਦੀ ਹੈ। ਇਸ ਦੀ ਔਸਤ ਪੈਦਾਵਾਰ 4.6 ਕੁਇੰਟਲ ਪ੍ਰਤੀ ਏਕੜ ਹੈ। ਐੱਸਐੱਮਐੱਲ-668 ਕਿਸਮ 60 ਦਿਨਾਂ 'ਚ ਪੱਕ ਜਾਂਦੀ ਹੈ ਤੇ ਇਸ ਦੀ ਔਸਤ ਪੈਦਾਵਾਰ 4.5 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਥਰਿੱਪ ਕੀੜੇ ਤੇ ਪੀਲੀ ਚਿਤਕਬਰੀ ਰੋਗ ਦਾ ਟਾਕਰਾ ਕਰ ਸਕਦੀ ਹੈ।

### ਬੀਜ ਦੀ ਮਾਤਰਾ

ਐੱਸਐੱਮਐੱਲ-832 ਕਿਸਮ ਲਈ 12 ਕਿੱਲੋ ਅਤੇ ਐੱਸਐੱਮਐੱਲ-668 ਲਈ 15 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਬਿਜਾਈ ਤੋਂ ਪਹਿਲਾਂ ਬੀਜ ਨੂੰ ਕੈਪਟਾਨ ਜਾਂ ਥਿਰਮ 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ।

### ਬਿਜਾਈ

ਕਣਕ ਦੀ ਕਟਾਈ ਤੋਂ ਬਾਅਦ ਖੇਤ ਨੂੰ ਵਾਹੁਣ ਤੋਂ ਬਗ਼ੈਰ ਵੀ ਮੂੰਗੀ ਦੀ ਕਾਸਤ ਜ਼ੀਰੋ ਟਿਲ ਡਰਿੱਲ ਨਾਲ ਕੀਤੀ ਜਾ ਸਕਦੀ ਹੈ। ਜੇ ਕਣਕ ਦੀ ਕਟਾਈ ਕੰਬਾਈਨ ਨਾਲ ਕੀਤੀ ਹੋਵੇ ਤਾਂ ਮੂੰਗੀ ਦੀ ਕਾਸ਼ਤ ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ। ਇਸ ਦੀ ਬਿਜਾਈ 20 ਮਾਰਚ ਤੋਂ 10 ਅਪ੍ਰੈਲ ਤਕ 22.5 ਸੈਂਟੀਮੀਟਰ ਚੌੜੀਆਂ ਕਤਾਰਾਂ ਵਿਚ ਅਤੇ 4-6 ਸੈਂਟੀਮੀਟਰ ਡੂੰਘਾਈ 'ਤੇ ਕਰਨੀ ਚਾਹੀਦੀ ਹੈ। ਬੂਟੇ ਤੋਂ ਬੂਟੇ ਦਾ ਫ਼ਾਸਲਾ 7 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਬਿਜਾਈ ਸਮੇਂ 11 ਕਿੱਲੋ ਯੂਰੀਆ ਅਤੇ 35 ਕਿੱਲੋ ਡਾਇਆ ਖਾਦ ਡਰਿਲ ਕਰ ਦੇਣੀ ਚਾਹੀਦੀ ਹੈ। ਆਲੂਆਂ ਦੀ ਪੁਟਾਈ ਤੋਂ ਬਾਅਦ ਮੂੰਗੀ ਦੀ ਕਾਸ਼ਤ ਬਿਨਾ ਕਿਸੇ ਖਾਦ ਦੀ ਵਰਤੋਂ ਕੀਤਿਆਂ ਵੀ ਕੀਤੀ ਜਾ ਸਕਦੀ ਹੈ। ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ 'ਚ ਮੂੰਗੀ ਦੀ ਕਾਸ਼ਤ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ (37.5 ਸੈਂਟੀਮੀਟਰ ਬੈੱਡ ਅਤੇ 30 ਸੈਂਟੀਮੀਟਰ ਖਾਲੀ) ਚੌੜਾਈ ਵਾਲੇ ਬੈੱਡ ਤਿਆਰ ਕਰ ਕੇ ਦੋ ਕਤਾਰਾ ਪ੍ਰਤੀ ਬੈੱਡ 20 ਸੈਂਟੀਮੀਟਰ ਦੀ ਦੂਰੀ ਤੇ ਕੀਤੀ ਜਾ ਸਕਦੀ ਹੈ।

### ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੁਡਾਈ ਬਿਜਾਈ ਤੋਂ 4 ਹਫ਼ਤੇ ਤੇ ਦੂਜੀ ਗੁਡਾਈ ਉਸ ਤੋਂ 2 ਹਫ਼ਤੇ ਬਾਅਦ ਕਰੋ। ਇਸ ਤੋਂ ਇਲਾਵਾ ਮੌਸਮੀ ਘਾਹ ਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਨਦੀਨ ਨਾਸ਼ਕ ਦਵਾਈ ਬਾਸਾਲਿਨ 45 ਈਸੀ 600 ਮਿਲੀਲਿਟਰ ਪ੍ਰਤੀ ਏਕੜ ਨੂੰ ਚੰਗੇ ਤਿਆਰ ਕੀਤੇ ਖੇਤ 'ਚ ਬਿਜਾਈ ਤੋਂ ਪਹਿਲਾਂ ਛਿੜਕਾਅ ਕਰਕੇ ਕੀਤੀ ਜਾ ਸਕਦੀ ਹੈ। ਛਿੜਕਾਅ ਤੋਂ ਬਾਅਦ ਉਸੇ ਦਿਨ ਮੂੰਗੀ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ। ਬਿਜਾਈ ਤੋਂ ਦੋ ਦਿਨਾਂ ਦੇ ਅੰਦਰ ਇਕ ਲਿਟਰ ਪੈਂਡੀਮੈਥਾਲਿਨ 30 ਈਸੀ ਨੂੰ 150-200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਲੰਮੀ ਉਮਰ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਚਾਰ ਹਫ਼ਤਿਆਂ ਬਾਅਦ ਗੁਡਾਈ ਕਰਨੀ ਚਾਹੀਦੀ ਹੈ।

### ਸਿੰਚਾਈ

ਮੌਸਮ ਅਤੇ ਜ਼ਮੀਨ ਦੀ ਕਿਸਮ ਅਨੁਸਾਰ ਫ਼ਸਲ ਨੂੰ 3-5 ਪਾਣੀ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 25 ਅਤੇ ਆਖ਼ਰੀ ਪਾਣੀ 55 ਦਿਨਾਂ ਬਾਅਦ ਲਗਾਉਣਾ ਚਾਹੀਦਾ ਹੈ।

### ਕਟਾਈ

ਫ਼ਸਲ ਦੀ ਕਟਾਈ ਜੇ ਕੰਬਾਈਨ ਨਾਲ ਕਰਨੀ ਹੋਵੇ ਤਾਂ 80 ਫ਼ੀਸਦੀ ਫਲੀਆਂ ਪੱਕਣ ਤੋਂ ਬਾਅਦ 800 ਮਿਲੀਲਿਟਰ ਗਰਾਮਾਕਸੋਨ (ਪੈਰਾਕੁਇਟ) ਪ੍ਰਤੀ ਏਕੜ 150-200 ਲਿਟਰ ਪਾਣੀ ਦੇ ਘੋਲ ਵਿਚ ਛਿੜਕਾਅ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਪੱਤੇ ਅਤੇ ਤਣੇ ਜਲਦੀ ਸੁੱਕ ਜਾਂਦੇ ਹਨ ਤੇ ਕਟਾਈ ਸੌਖੀ ਹੋ ਜਾਂਦੀ ਹੈ। •

### ਕੀੜੇ-ਮਕੌੜੇ

#### ਥਰਿੱਪ

ਮੂੰਗੀ ਦੀ ਫ਼ਸਲ 'ਤੇ ਆਮ ਤੌਰ 'ਤੇ ਥਰਿੱਪ ਅਤੇ ਫਲੀ-ਛੇਦਕ ਸੁੰਡੀ ਹਮਲਾ ਕਰਦੀ ਹੈ, ਜਿਸ ਨਾਲ ਪੈਦਾਵਾਰ 'ਤੇ ਮਾੜਾ ਅਸਰ ਪੈਂਦਾ ਹੈ। ਥਰਿੱਪ ਦਾ ਹਮਲਾ ਫੁੱਲ ਨਿਕਲਣ ਸਮੇਂ ਹੁੰਦਾ ਹੈ, ਜਿਸ ਨਾਲ ਫੁੱਲ ਖੁੱਲ੍ਹਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ। ਇਹ ਕੀੜਾ ਬਹੁਤ ਛੋਟਾ ਤੇ ਗੂੜ੍ਹੇ ਭੂਰੇ ਰੰਗ ਦਾ ਹੁੰਦਾ ਹੈ। ਇਸ ਦੀ ਰੋਕਥਾਮ ਲਈ 600 ਮਿਲੀਲਿਟਰ ਟ੍ਰਾਈਜ਼ੋਫਾਸ 40 ਈਸੀ ਜਾਂ 100 ਮਿਲੀਲਿਟਰ ਡਾਈਮੈਥੋਏਟ ਜਾਂ 100 ਮਿਲੀਲਿਟਰ ਮੈਲਾਥਿਆਨ ਜਾਂ 120 ਮਿਲੀਲਿਟਰ ਐਕਸੀਡੈਮੀਟਾਨ ਮੀਥਾਈਲ 25 ਈਸੀ ਨੂੰ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ।

#### ਫਲੀ-ਛੇਦਕ ਸੁੰਡੀ

ਇਹ ਕੀੜਾ ਮੂੰਗੀ ਦੇ ਪੱਤਿਆਂ, ਫਲੀਆਂ ਤੇ ਫੁੱਲਾਂ ਨੂੰ ਖਾਂਦਾ ਹੈ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤੇ, ਫਲੀਆਂ ਵਿਚ ਮੋਰੀਆਂ, ਬੂਟਿਆ ਹੇਠ ਜ਼ਮੀਨ 'ਤੇ ਡਿੱਗੀਆਂ ਗੂੜ੍ਹੇ ਹਰੇ ਰੰਗ ਦੀਆਂ ਵਿੱਠਾਂ ਤੋਂ ਲੱਗ ਜਾਂਦਾ ਹੈ। ਇਸ ਦੀ ਰੋਕਥਾਮ ਹਮਲਾ ਸ਼ੁਰੂ ਹੋਣ 'ਤੇ ਸਪਾਈਨੋਸੈਡ 45 ਐੱਸਸੀ ਜਾਂ 200 ਮਿਲੀਲਿਟਰ ਐਂਡੋਸਕਾਰਬ 14.5 ਐੱਸਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਪ੍ਰਤੀ ਏਕੜ ਨੂੰ 80-100 ਲਿਟਰ ਪਾਣੀ 'ਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਜੇ ਜ਼ਰੂਰਤ ਪਵੇ ਤਾਂ ਛਿੜਕਾਅ ਦੁਬਾਰਾ ਕਰੋ।

#### ਤੰਬਾਕੂ ਸੁੰਡੀ

ਇਸ ਦੀਆਂ ਛੋਟੀਆਂ ਸੁੰਡੀਆਂ ਕਾਲੀਆਂ ਤੇ ਵੱਡੀਆਂ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ। ਛੋਟੀਆਂ ਸੁੰਡੀਆਂ ਝੁੰਡਾਂ ਵਿਚ ਪੱਤਿਆਂ ਦਾ ਹਰਾ ਮਾਦਾ ਖਾ ਕੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਪੱਤਿਅ, ਡੋਡੀਆਂ, ਫੁੱਲ ਅਤੇ ਫਲੀਆਂ ਦਾ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਸਮੇਂ ਸਿਰ ਬਿਜਾਈ ਕਰੋ। ਨਦੀਨਾਂ, ਖ਼ਾਸ ਤੌਰ 'ਤੇ ਇੱਟਸਿਟ/ਚੁਪੱਤੀ ਦੀ ਰੋਕਥਾਮ ਕਰੋ। ਸ਼ੁਰੂਆਤੀ ਹਮਲੇ ਸਮੇਂ ਪ੍ਰਭਾਵਿਤ ਬੂਟੇ ਨੂੰ ਨਸ਼ਟ ਕਰ ਕੇ ਸੁੰਢੀਆਂ ਦਾ ਖ਼ਾਤਮਾ ਕਰੋ। ਜੇ ਹਮਲਾ ਜ਼ਿਆਦਾ ਹੋਵੇ ਤਾਂ 150 ਮਿਲੀਲਿਟਰ ਨੁਵਾਕਰੋਨ 10 ਈਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਜਾਂ 1.5 ਲਿਟਰ ਕਲੋਰੋਪਾਈਰੀਫਾਸ ਨੂੰ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਲੋੜ ਪਵੇ ਤਾਂ ਦੁਬਾਰਾ ਛਿੜਕਾਅ ਕਰੋ।

# ਖੇਤਾਂ ਦਾ ਪੁੱਤ ਪਾਸ਼



ਜਗਮੋਹਨ ਸਿੰਘ ਲੱਕੀ
ਮੋਬਾਈਲ : 94638-19174

**ਪਾਸ਼ ਨੇ ਹਮੇਸ਼ਾ ਹੀ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਦਬੇ-ਕੁਚਲੇ ਵਰਗ ਕਿਹਾ ਜਾਂਦਾ ਹੈ। ਅੱਜ ਵੀ ਪਾਸ਼ ਦੀਆਂ ਰਚਨਾਵਾਂ ਹਰ ਧੱਕੇ ਖਿਲਾਫ਼ ਸੰਘਰਸ਼ ਕਰਨ ਦਾ ਰਾਹ ਦਿਖਾਉਂਦੀਆਂ ਹਨ...**

ਸਾਡੇ ਸਮਿਆਂ ਵਿਚ, ਉੱਡਦੇ ਬਾਜ਼ਾਂ ਮਗਰ ਜਾਣ ਦੀ ਲੋਹ ਕਥਾ ਬਿਆਨ ਕਰਨ ਵਾਲੇ ਪਾਸ਼ (ਅਵਤਾਰ ਸਿੰਘ ਸੰਧੂ) ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਤਲਵੰਡੀ ਸਲੇਮ ਵਿਚ 9 ਨਵੰਬਰ 1950 ਨੂੰ ਪਿਤਾ ਮੇਜਰ ਸੋਹਣ ਸਿੰਘ ਸੰਧੂ ਤੇ ਮਾਤਾ ਨਸੀਬ ਕੌਰ ਦੇ ਘਰ ਹੋਇਆ। ਦੋ ਦਰਿਆਵਾਂ ਸਤਲੁਜ ਤੇ ਬਿਆਸ ਵਿਚਕਾਰਲੀ ਧਰਤੀ ਦੋਆਬੇ ਦੀ ਆਬੋ-ਹਵਾ ਹੀ ਅਜਿਹੀ ਹੈ ਕਿ ਇਸ 'ਤੇ ਸਮੇਂ-ਸਮੇਂ ਅਜਿਹੇ ਸੂਰਮੇ ਪੈਦਾ ਹੋਏ ਹਨ, ਜਿਨ੍ਹਾਂ ਨੇ ਪੰਜਾਬ ਅਤੇ ਦੇਸ਼ ਦੇ ਇਤਿਹਾਸ ਨਾਲੋਂ ਆਪਣਾ ਵੱਖਰਾ ਹੀ ਇਤਿਹਾਸ ਸਿਰਜਿਆ ਹੈ, ਅਜਿਹਾ ਹੀ ਇਕ ਸੂਰਮਾ ਸੀ ਪਾਸ਼। ਇਸ ਲੇਖ ਵਿਚ ਉਸ ਦੀ ਨਿੱਜੀ ਜ਼ਿੰਦਗੀ ਦੀ ਥਾਂ, ਕਵਿਤਾਵਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਜ਼ਿਆਦਾ ਪ੍ਰਸੰਗਿਕ ਹੋਵੇਗਾ। ਕਿਉਂਕਿ ਉਹ ਸਿਰਫ਼ ਆਪਣੇ ਮਾਪਿਆਂ ਦਾ ਹੀ ਨਹੀਂ ਸਗੋਂ ਸਾਰੇ ਪੰਜਾਬ ਦਾ ਸਾਂਝਾ ਪੁੱਤ ਸੀ। ਅੱਜ ਵੀ ਵੱਡੀ ਗਿਣਤੀ 'ਚ ਲੋਕ ਉਸ ਦੀਆਂ ਕਵਿਤਾਵਾਂ ਤੇ ਗੀਤ ਪੜ੍ਹਦੇ ਨੇ।

ਪਾਸ਼ ਦੇ ਕਾਵਿ ਸੰਗ੍ਰਹਿ 1970 ਵਿਚ ਲੋਹ ਕਥਾ, 1974 ਵਿਚ ਉੱਡਦੇ ਬਾਜ਼ਾਂ ਮਗਰ, 1978 ਵਿਚ ਸਾਡੇ ਸਮਿਆਂ ਵਿਚ ਅਤੇ ਫਲਾਇੰਗ ਸਿੱਖ ਨਾਂ ਦੀ ਜੀਵਨੀ ਉਸ ਦੇ ਜਿਉਂਦੇ ਹੀ ਛਪੀਆਂ ਤੇ ਉਸ ਦੀ ਸ਼ਹੀਦੀ ਤੋਂ ਬਾਅਦ 1989 ਵਿਚ ਵਰਤਮਾਨ ਦੇ ਰੂ-ਬ-ਰੂ ਅਤੇ ਖਿਲਰੇ ਹੋਏ ਵਰਕੇ ਛਪੀਆਂ। ਪਾਸ਼ ਨੂੰ ਆਪਣੇ ਖੇਤਾਂ ਦਾ ਪੁੱਤ ਹੋਣ 'ਤੇ ਮਾਣ ਸੀ। ਉਹ ਹਮੇਸ਼ਾ ਇਹ ਕਹਿੰਦਾ ਸੀ ਕਿ ਖੇਤਾਂ ਦਾ ਪੁੱਤ ਹੋ ਕੇ ਉਹ ਦੂਜਿਆਂ ਦੇ ਚਗਲੇ ਸਵਾਦਾਂ ਦੀ ਗੱਲ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪਾਸ਼ ਇਕ ਅਜਿਹਾ ਸ਼ਾਇਰ ਸੀ, ਜਿਸ ਦੀ ਕਵਿਤਾ ਸਿੱਧਾ ਦਿਲ 'ਤੇ ਵਾਰ ਕਰਦੀ ਹੈ। ਇਹ ਪਾਸ਼ ਹੀ ਸੀ, ਜਿਸ ਨੇ ਪੁਲਿਸ ਮੁਕਾਬਲਿਆਂ ਵਿਰੁੱਧ ਕਵਿਤਾ ਲਿਖਣ ਦੀ ਦਲੇਰੀ ਕੀਤੀ। ਆਪਣੇ ਇਕ ਗੀਤ ਵਿਚ ਪਾਸ਼ ਲਿਖਦਾ ਹੈ।

*ਕੱਲ੍ਹ ਬਾਬਾ ਬੁੱਢਾ ਇਕ ਮਾਰਿਆ ਪੁਲਿਸ ਨੇ*
*ਹਿਕ ਵਿਚ ਗੋਲੀ ਖਾਧੀ ਬਾਬੂ ਤੇ ਦਲੀਪ ਨੇ*
*ਪੂਰੀ ਕੀਤੀ ਏ ਰਸਮ ਦਇਆ ਸਿੰਘ ਦੀ ਕਸਮ*
*ਕਿਰਤੀ ਦੀਏ ਕੁੱਲੀਏ...*

ਪਾਸ਼ ਦੀ ਹੀ ਹਿੰਮਤ ਸੀ ਕਿ ਉਸ ਨੇ ਧਰਮ ਦੀਕਸ਼ਾ ਲਈ ਬਿਨੈ-ਪੱਤਰ ਕਵਿਤਾ ਵਿਚ ਸਪਸ਼ਟ ਲਿਖਿਆ ਹੈ ਕਿ

*ਮੇਰਾ ਇਕੋ ਹੀ ਪੁੱਤ ਹੈ ਧਰਮ ਗੁਰੂ*
*ਉਂਜ ਭਲਾ ਸੱਤ ਵੀ ਹੁੰਦੇ*
*ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ*
*ਤੇਰੇ ਬਾਰੂਦ ਵਿਚ ਰੱਬੀ ਮਹਿਕ ਹੈ*
*ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ।*

ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪਾਸ਼ ਨੇ ਜਦੋਂ ਇਹ ਕਵਿਤਾ ਲਿਖੀ ਸੀ ਤਾਂ ਉਸ ਸਮੇਂ ਪੰਜਾਬ ਵਿਚ ਖਾੜਕੂਵਾਦ ਜੋਰਾਂ 'ਤੇ ਸੀ। ਇਸ ਕਵਿਤਾ ਕਾਰਨ ਵੀ ਪਾਸ਼ ਆਪਣੇ ਵਿਰੋਧੀਆਂ ਦੀਆਂ ਨਜ਼ਰਾਂ ਵਿਚ ਰੜਕਣ ਲੱਗ ਪਿਆ ਸੀ।

ਇਸ ਤੋਂ ਇਲਾਵਾ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਦੇ ਕਤਲ ਪਿੱਛੋਂ ਦੇਸ਼ ਭਰ ਵਿਚ ਸਿੱਖ ਵਿਰੋਧੀ ਦੰਗੇ ਹੋਏ ਤਾਂ ਪਾਸ਼ ਨੂੰ ਉਨ੍ਹਾਂ ਦੰਗਿਆਂ ਕਾਰਨ ਕਾਫ਼ੀ ਦੁੱਖ ਪਹੁੰਚਿਆ। ਪਾਸ਼ ਕਾਮਰੇਡ ਸੀ ਪਰ ਜਨਮ ਸਿੱਖ ਪਰਿਵਾਰ ਵਿਚ ਹੋਇਆ ਹੋਣ ਕਰਕੇ ਅਚੇਤ ਰੂਪ ਵਿਚ ਉਸ ਵਿਚ ਕਿਤੇ ਨਾ ਕਿਤੇ ਆਪਣੇ ਮਾਪਿਆਂ ਦੇ ਧਰਮ ਦਾ ਅਸਰ ਵੀ ਸੀ। ਭਾਵੇਂ ਥੋੜ੍ਹਾ ਕੁ ਹੀ ਸੀ ਪਰ ਹੈ ਸੀ।

ਇਸੇ ਕਾਰਨ ਹੀ 'ਬੇ-ਦਖ਼ਲੀ ਲਈ ਬਿਨੈ ਪੱਤਰ' ਵਿਚ ਪਾਸ਼ ਲਿਖਦਾ ਹੈ ਕਿ

*ਮੈਂ ਉਮਰ ਭਰ ਉਸ ਦੇ ਖਿਲਾਫ਼ ਸੋਚਿਆ ਤੇ ਲਿਖਿਆ*
*ਜੇ ਉਸ ਦੇ ਸੋਗ ਵਿਚ ਸਾਰਾ ਹੀ ਦੇਸ਼ ਸ਼ਾਮਲ ਹੈ*
*ਤਾਂ ਇਸ ਦੇਸ਼ ਵਿਚੋਂ ਮੇਰਾ ਨਾਮ ਕੱਟ ਦੇਵੋ।*

ਇਸੇ ਤਰ੍ਹਾਂ ਉਹ ਸਭ ਤੋਂ ਖ਼ਤਰਨਾਕ ਕਵਿਤਾ ਵਿਚ ਸੱਚਾਈ ਬਿਆਨ ਦਾ ਹੈ।

*ਸਭ ਤੋਂ ਖ਼ਤਰਨਾਕ ਹੁੰਦਾ ਹੈ*
*ਮੁਰਦਾ ਸ਼ਾਂਤੀ ਨਾਲ ਭਰ ਜਾਣਾ*
*ਨਾ ਹੋਣਾ ਤੜਪ ਦਾ*
*ਸਭ ਸਹਿਣ ਕਰ ਜਾਣਾ*
*ਘਰਾਂ ਤੋਂ ਨਿਕਲਣਾ ਕੰਮ 'ਤੇ*
*ਤੇ ਕੰਮ ਤੋਂ ਘਰ ਜਾਣਾ*
*ਸਭ ਤੋਂ ਖ਼ਤਰਨਾਕ ਹੁੰਦਾ ਹੈ*
*ਸਾਡੇ ਸੁਪਨਿਆਂ ਦਾ ਮਰ ਜਾਣਾ!*
*ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ*
*ਤੁਹਾਡੇ ਗੁੱਟ ਤੇ ਚਲਦੀ ਹੋਈ ਵੀ ਜੋ*
*ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।*

ਸਾਡੇ ਸਮਿਆਂ ਵਿਚ ਕਵਿਤਾ ਰਾਹੀਂ ਉਹ ਬਿਆਨ ਕਰਦਾ ਹੈ।

*ਇਹ ਸਭ ਕੁਝ ਸਾਡੇ ਹੀ ਸਮਿਆਂ ਵਿਚ ਹੋਣਾ ਸੀ*
*ਕਿ ਸਮੇਂ ਨੇ ਖੜ੍ਹ ਜਾਣਾ ਸੀ ਹੰਭੀ ਹੋਈ ਜੋਗ ਵਾਂਗ*
*ਤੇ ਕੱਚੀਆਂ ਕੰਧਾਂ ਉੱਤੇ ਲਮਕਦੇ ਕਲੰਡਰਾਂ ਨੇ*
*ਪ੍ਰਧਾਨ ਮੰਤਰੀ ਦੀ ਫੋਟੋ ਬਣ ਕੇ ਰਹਿ ਜਾਣਾ ਸੀ*



ਇਸੇ ਤਰ੍ਹਾਂ ਘਾਹ ਨਾਂ ਦੀ ਕਵਿਤਾ ਵਿਚ ਉਹ ਲਿਖਦਾ ਹੈ।

*ਮੇਰੀ ਹਰਿਆਲੀ ਆਪਣਾ ਕੰਮ ਕਰੇਗੀ*
*ਦੋ ਸਾਲ, ਦਸ ਸਾਲ ਬਾਅਦ*
*ਸਵਾਰੀਆਂ ਫਿਰ*
*ਕਿਸੇ ਟਿਕਟ ਕੱਟ ਤੋਂ ਪੁੱਛਣਗੀਆਂ*
*ਇਹ ਕਿਹੜੀ ਥਾਂ ਹੈ?*
*ਮੈਨੂੰ ਬਰਨਾਲੇ ਉਤਾਰ ਦੇਣਾ*
*ਜਿਥੇ ਹਰੇ ਘਾਹ ਦਾ ਜੰਗਲ ਹੈ।*
*ਮੈਂ ਘਾਹ ਹਾਂ, ਮੈਂ ਆਪਣਾ ਕੰਮ ਕਰਾਂਗਾ*
*ਮੈਂ ਤੁਹਾਡੇ ਹਰ ਕੀਤੇ ਕਰਾਏ 'ਤੇ ਉੱਗ ਆਵਾਂਗਾ।*

ਕਲਾਮ ਮਿਰਜ਼ਾ ਵਿਚ ਉਹ ਆਪਣੇ ਕਤਲ ਬਾਰੇ ਹੀ ਲਿਖਦਾ ਹੈ। ਜਿਵੇਂ ਉਸ ਨੂੰ ਆਪਣੇ ਕਤਲ ਹੋਣ ਦਾ ਪਹਿਲਾਂ ਹੀ ਅੰਦੇਸ਼ਾ ਹੋਵੇ।

*ਮੈਂ ਸੁਣਿਆ ਹੈ ਕਿ ਮੇਰੇ ਕਤਲ ਦਾ*
*ਮਨਸੂਬਾਰਾਜਧਾਨੀ ਵਿਚ*
*ਮੇਰੇ ਜੰਮਣ ਤੋਂ ਬਹੁਤ ਪਹਿਲਾਂ ਹੀ ਬਣ ਚੁੱਕਿਆ ਸੀ।*

ਅਜਿਹੀ ਸ਼ਬਦਾਵਲੀ ਸਿਰਫ਼ ਪਾਸ਼ ਹੀ ਤਾਂ ਲਿਖ ਸਕਦਾ ਸੀ। ਉੱਡ ਗਏ ਬਾਜ਼ਾਂ ਮਗਰ, 'ਚ ਉਹ ਲਿਖਦਾ ਹੈ।

*ਉੱਡ ਗਏ ਬਾਜ਼ ਚੁੰਝਾ 'ਚ ਲੈ ਕੇ*
*ਸਾਡੀ ਚੈਨ ਦਾ ਇਕ ਪਲ*
*ਬਿਤਾ ਸਕਣ ਦੀ ਖਾਹਿਸ਼*
*ਦੋਸਤੋ ! ਹੁਣ ਚੱਲਿਆ ਜਾਵੇ*
*ਉੱਡਦਿਆਂ ਬਾਜ਼ਾਂ ਮਗਰ*

ਇਸੇ ਤਰ੍ਹਾਂ ਉਹ ਆਪਣੇ ਖੇਤਾਂ ਦਾ ਪੁੱਤ ਹੋਣ 'ਤੇ ਮਾਣ ਕਰਦਾ ਹੋਇਆ ਲਿਖਦਾ ਹੈ ਕਿ

*ਮੇਰੇ ਤੋਂ ਆਸ ਨਾ ਕਰਿਓ ਕਿ*
*ਮੈਂ ਖੇਤਾਂ ਦਾ ਪੁੱਤ ਹੋ ਕੇ*
*ਤੁਹਾਡੇ ਚਗਲੇ ਹੋਏ ਸਵਾਂਦਾ ਦੀ*
*ਕੋਈ ਗੱਲ ਕਰਾਂਗਾ।*
*ਜਿਨ੍ਹਾਂ ਦੇ ਹੜ੍ਹ 'ਚੋਂ ਰੁੜ ਜਾਂਦੀ ਹੈ*
*ਸਾਡੇ ਬੱਚਿਆਂ ਦੀ ਤੋਤਲੀ ਕਵਿਤਾ*
*ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ ।*

ਪਾਸ਼ ਇਕ ਅਜਿਹਾ ਸ਼ਾਇਰ ਸੀ ਜਿਸ ਨੇ ਦਬੇ ਕੁਚਲੇ ਲੋਕਾਂ ਦੀ ਗੱਲ ਕੀਤੀ। ਉਹ ਕੁੜੀਆਂ-ਚਿੜੀਆਂ ਦੀ ਮੌਜੂਦਾ ਸਥਿਤੀ 'ਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ ਕਿ

*ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ*
*ਐਥੇ ਹੀ ਕਿਤੇ ਉਰੇ-ਪਰੇ ਬੰਨਿਆਂ ਤੋਂ ਘਾਹ ਖੋਤੇਗਾ*
*ਰੁੱਖੀਆਂ ਮਿੱਸੀਆਂ ਰੋਟੀਆਂ ਛੋਇਆ ਕਰੇਗਾ*
*ਤੇ ਮੈਲੀਆਂ ਚੁੰਨੀਆਂ ਭਿਉਂ ਕੇ*
*ਲੋਆਂ ਨਾਲ ਲੂਸੇ ਚੇਹਰਿਆਂ 'ਤੇ ਫੇਰੇਗਾ।*
*ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ*
*ਐਥੇ ਹੀ ਕਿਤੇ ਉਰੇ ਪਰੇ ਲੁਕ ਕੇ*
*ਕੱਲਮ-ਕੱਲਿਆਂ ਰੋਇਆ ਕਰੇਗਾ*
*ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।*

ਪਾਸ਼ ਇਕ ਅਜਿਹਾ ਕਵੀ ਸੀ ਜਿਸ ਨੂੰ ਜੁਝਾਰਵਾਦੀ ਕਵੀ ਕਿਹਾ ਜਾਂਦਾ ਹੈ। ਉਸ ਨੇ ਹਮੇਸ਼ਾ ਹੀ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਦਬੇ-ਕੁਚਲੇ ਵਰਗ ਕਿਹਾ ਜਾਂਦਾ ਹੈ।

ਅੱਜ ਵੀ ਪਾਸ਼ ਦੀਆਂ ਰਚਨਾਵਾਂ ਹਰ ਧੱਕੇ ਖਿਲਾਫ਼ ਸੰਘਰਸ਼ ਕਰਨ ਦਾ ਰਾਹ ਦਿਖਾਉਂਦੀਆਂ ਹਨ। ਉਸ ਦੀਆਂ ਕਿਤਾਬਾਂ ਅੱਜ ਵੀ ਪ੍ਰਸਿੱਧ ਹਨ। ਪਾਸ਼ ਦੀ ਸ਼ਹਾਦਤ ਤੋਂ ਏਨੇ ਸਾਲ ਬਾਅਦ ਵੀ ਪਾਠਕ ਉਸ ਦੀਆਂ ਕਿਤਾਬਾਂ ਪੜ੍ਹਦੇ ਹਨ।

23 ਮਾਰਚ 1988 ਨੂੰ ਆਪਣੇ ਹੀ ਪਿੰਡ ਵਿਚ ਸ਼ਹੀਦ ਹੋਇਆ ਪਾਸ਼ ਆਪਣੀਆਂ ਕਵਿਤਾਵਾਂ ਰਾਹੀਂ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿਚ ਜਿਉਂਦਾ ਹੈ। •

# ਗਲੀ ਦਾ ਕੁੱਤਾ

ਕਹਾਣੀ

• ਰਣਜੀਤ ਸਿੰਘ 'ਰਾਏ'

**ਜਾਇਦਾਦ ਦੇ ਮੋਹ 'ਚ ਇਹ ਰਿਸ਼ਤੇ ਨਿਭਾਈ ਜਾਣਗੇ, ਨਹੀਂ ਤਾਂ ਸਾਡੀ ਹਾਲਤ ਗਲੀ ਦੇ ਕੁੱਤੇ ਵਰਗੀ ਹੋ ਜਾਊ, ਜੋ ਰੋਟੀ ਦੀ ਝਾਕ ਵਿਚ ਘਰ-ਘਰ ਦੇ ਗੇੜੇ ਕੱਢਦਾ ਏ। ਜਿਸ ਨੂੰ ਕਿਸੇ ਘਰੋਂ ਹੀ ਬਚੀ-ਖੁਚੀ ਰੋਟੀ ਦਾ ਟੁਕੜਾ ਨਸੀਬ ਹੁੰਦਾ ਏ...**



ਸਵੇਰ ਦੇ 11 ਵੱਜ ਚੁੱਕੇ ਸਨ ਪਰ ਦਰਵਾਜ਼ੇ ਕੋਲ ਬੈਠੇ ਬਜ਼ੁਰਗ ਬਿਸ਼ਨੇ ਦੀ ਰੋਟੀ ਹਾਲੇ ਤਕ ਨਹੀਂ ਪਹੁੰਚੀ ਸੀ। ਮਹਿਲ ਵਰਗੀ ਕੋਠੀ ਅੰਦਰੋਂ ਟੀ.ਵੀ. ਦੀ ਉੱਚੀ ਆਵਾਜ਼ ਆ ਰਹੀ ਸੀ, ਵਿਚ-ਵਿਚ ਟੀ.ਵੀ. ਦੇ ਕਿਸੇ ਸੀਨ ਉੱਪਰ ਹੱਸਦਾ ਪਰਿਵਾਰ ਵੀ ਸੁਣਾਈ ਦਿੰਦਾ ਸੀ। ਗਲੀ ਦਾ ਕੁੱਤਾ ਘਰ ਦੇ ਅੰਦਰ ਵੜਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਬਿਸ਼ਨੇ ਨੇ ਸੋਟੀ ਦਾ ਖੜਾਕ ਕਰਕੇ ਉਸ ਨੂੰ ਭਜਾ ਦਿੱਤਾ ਸੀ।

ਉਂਗਲਾਂ ਦੇ ਪੋਟਿਆਂ 'ਤੇ ਬਿਸ਼ਨੇ ਨੇ ਗਿਣਤੀ ਕੀਤੀ, ਕਰਤਾਰੋ ਤੇ ਉਸ ਦੇ ਵਿਆਹ ਨੂੰ ਸਾਢੇ ਚਾਰ ਦਹਾਕੇ ਦਾ ਸਮਾਂ ਹੋ ਗਿਆ ਸੀ। ਉਨ੍ਹਾਂ ਦੇ ਵਿਆਹ ਤੋਂ ਤਿੰਨ ਸਾਲ ਬਾਅਦ ਵੱਡਾ ਪੁੱਤਰ ਬਲਦੇਵ ਜਨਮਿਆਂ ਤੇ ਉਸ ਤੋਂ ਦੋ ਸਾਲ ਬਾਅਦ ਪ੍ਰੀਤਮ। ਦੋਵਾਂ ਜੀਆਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਪੁੱਤਰਾਂ ਨੂੰ ਖੇਤੀ ਦੇ ਕੰਮ ਵਿਚ ਨਹੀਂ ਲਾਉਣਗੇ ਤੇ ਸਿਰਫ਼ ਉਨ੍ਹਾਂ ਦੀ ਪੜ੍ਹਾਈ 'ਤੇ ਜ਼ੋਰ ਦੇਣਗੇ। ਦੋਵਾਂ ਦੀ ਚੰਗੀ ਸੋਚ ਕਾਰਨ ਅੱਜ ਵੱਡਾ ਪੁੱਤਰ ਬਿਜਲੀ ਬੋਰਡ ਵਿਚ ਐਸ.ਡੀ.ਓ ਜਦੋਂ ਕਿ ਛੋਟਾ ਪ੍ਰੀਤਮ ਬੈਂਕ 'ਚ ਮੈਨੇਜਰ ਸੀ।

ਉਦਾਸ ਬੈਠੇ ਬਿਸ਼ਨੇ ਨੂੰ ਯਾਦ ਆਇਆ, ਉਹ ਵੀ ਦਿਨ ਸਨ ਜਦੋਂ ਕਰਤਾਰੋ ਨੇ ਕਦੇ ਰੋਟੀ ਨੂੰ ਅੱਠ ਨਹੀਂ ਸੀ ਵੱਜਣ ਦਿੱਤੇ। ਚੁੱਲ੍ਹੇ-ਚੌਕੇ ਤੋਂ ਲੈ ਕੇ ਪਸ਼ੂਆਂ ਤਕ ਦਾ ਸਾਰਾ ਕੰਮ ਆਪ ਕਰਦੀ ਸੀ। ਹੱਥ ਇੰਨਾ ਤੇਜ਼ ਸੀ ਕਿ ਤਿੰਨ ਜ਼ਨਾਨੀਆਂ ਦਾ ਕੰਮ ਇਕੱਲੀ ਕਰ ਛੱਡਦੀ ਸੀ। ਕਰਤਾਰੋ ਦੇ ਸਾਥ ਨਾਲ ਹੀ ਤਾਂ ਉਹ ਉੱਡਿਆ ਫਿਰਦਾ ਸੀ। ਪੰਜ-ਛੇ ਮੱਝਾਂ, ਇਕ ਬਲਦਾਂ ਦੀ ਜੋੜੀ ਤੇ ਹੋਰ ਕੱਟਰੂ-ਵੱਛਰੂ ਮਿਲਾ ਕੇ ਬਾਰਾਂ ਪਸ਼ੂ ਹੋ ਜਾਂਦੇ ਸਨ। ਪਰ ਕਰਤਾਰੋ ਨੇ ਕਦੇ ਕਿਸੇ ਕੰਮ ਵਾਲੀ ਨੂੰ ਨਹੀਂ ਰੱਖਿਆ ਸੀ। ਘਰ ਦਾ ਸਾਰਾ ਖ਼ਰਚ ਪਸ਼ੂਆਂ ਦੇ ਦੁੱਧ ਤੋਂ ਚਲਦਾ ਸੀ। ਬਿਸ਼ਨੇ ਕੋਲ ਆਪਣੀ 25 ਕਿੱਘੇ ਜ਼ਮੀਨ ਸੀ। ਖੇਤੀ ਦਾ ਕੰਮ ਉਹ ਇਕੱਲਾ ਹੀ ਸੰਭਾਲੀ ਫਿਰਦਾ ਸੀ। ਹਾੜ੍ਹੀ-ਸਾਉਣੀ ਕੰਮ ਜ਼ਿਆਦਾ ਹੋ ਜਾਂਦਾ ਤਾਂ ਉਹ ਮੋਦਨ ਨੂੰ ਆਪਣੇ ਨਾਲ ਲਗਾ ਲੈਂਦਾ। ਮੋਦਨ ਨਾਲ ਉਸ ਦਾ ਦਿਲੋਂ ਪਿਆਰ ਵੀ ਸੀ। ਦੋਵਾਂ ਦੀ ਸਾਲਾਂ ਦੀ ਯਾਰੀ ਸੀ। ਇਕ-ਦੂਸਰੇ ਦੀ ਮੱਦਦ ਕਰਨ ਸਮੇਂ ਉਨ੍ਹਾਂ ਨੇ ਕਦੇ ਹਿਸਾਬ-ਕਿਤਾਬ ਨਹੀਂ ਸੀ ਰੱਖਿਆ। ਬਿਸ਼ਨੇ ਅਤੇ ਕਰਤਾਰੋ ਦੀ ਮਿਹਨਤ ਕਰਕੇ ਹੀ ਉਹ 100 ਕਿੱਘੇ ਤੋਂ ਉੱਪਰ ਦੇ ਮਾਲਿਕ ਬਣ ਗਏ ਸਨ।

ਕੁੱਤੇ ਦੇ ਦੁਬਾਰਾ ਅੰਦਰ ਵੜਨ ਨਾਲ ਬਿਸ਼ਨੇ ਦੀ ਸੋਚਾਂ ਦੀ ਲੜੀ ਟੁੱਟੀ। ਜਿਉਂ ਹੀ ਬਿਸ਼ਨੇ ਨੇ ਸੋਟੀ ਉੱਪਰ ਕੀਤੀ ਕੁੱਤਾ ਕੰਨ ਨੀਵੇਂ ਕਰਕੇ ਵਾਪਸ ਮੁੜ ਗਿਆ। ਪਿਛਾਂਹ ਕੋਠੀ ਵੱਲ ਨਿਗ੍ਹਾ ਮਾਰੀ ਪਰ ਰੋਟੀ ਲੈ ਕੇ ਆਉਂਦਾ ਕੋਈ ਨਾ ਦਿਸਿਆ। 'ਆਹ ਦਿਨ ਵੀ ਵੇਖਣੇ ਸਨ। ਕਮਜ਼ੋਰ ਸਰੀਰ ਨਾਲ ਭੁੱਖ ਜਰਨੀ ਵੀ ਔਖੀ ਏ'! ਸੋਚਦਾ-ਸੋਚਦਾ ਉਹ ਫਿਰ ਅਤੀਤ 'ਚ ਪਹੁੰਚ ਗਿਆ।

ਕਿਵੇਂ ਇਕ ਵਾਰੀ ਨਰਮਾ ਗੁੱਡਦੇ ਮੋਦਨ ਨੇ ਉਸ ਨੂੰ ਕਿਹਾ ਸੀ 'ਵੇਖੀਂ ਬਿਸ਼ਨਿਆਂ! ਕਿਤੇ ਆਪਣੇ ਜਿਉਂਦੇ-ਜੀਅ ਸਾਰੀ ਕਮਾਈ ਪੁੱਤਰਾਂ ਦੇ ਹੱਥ ਨਾ ਦੇ ਦੇਵੀਂ। ਜਾਇਦਾਦ ਦੇ ਮੋਹ 'ਚ ਇਹ ਰਿਸ਼ਤੇ ਨਿਭਾਈ ਜਾਣਗੇ, ਨਹੀਂ ਤਾਂ ਬਾਅਦ ਵਿਚ ਸਾਡੀ ਹਾਲਤ ਗਲੀ ਦੇ ਕੁੱਤੇ ਵਰਗੀ ਹੋ ਜਾਊ, ਜੋ ਰੋਟੀ ਦੀ ਝਾਕ ਵਿਚ ਘਰ-ਘਰ ਦੇ ਗੇੜੇ ਕੱਢਦਾ ਏ। ਕਿਤੋਂ ਸੋਟੀ ਵਜਦੀ ਏ, ਕਿਤੋਂ ਰੋੜਾ। ਕਿਸੇ ਘਰੋਂ ਹੀ ਬਚੀ-ਖੁਚੀ ਰੋਟੀ ਦਾ ਟੁਕੜਾ ਨਸੀਬ ਹੁੰਦਾ ਏ'। ਉਸ ਨੇ ਮੋਦਨ ਦੀ ਇਹ ਗੱਲ ਯਾਦ ਰੱਖੀ ਸੀ।

ਸਮੇਂ ਦੇ ਗੇੜ ਨਾਲ ਦੋਵੇਂ ਜੀਅ ਬੁਢਾਪੇ 'ਚ ਪਹੁੰਚ ਚੁੱਕੇ ਸਨ। ਬਿਸ਼ਨੇ ਨੇ ਕੰਮ ਛੱਡ ਦਿੱਤਾ ਸੀ ਜਾਂ ਕਹੀਏ ਛੁੱਟ ਗਿਆ ਸੀ। ਭਾਵੇਂ ਦੋਵੇਂ ਪੁੱਤਰ ਉਨ੍ਹਾਂ ਦੀ ਸੰਭਾਲ ਕਰਦੇ ਸਨ ਪਰ ਇਸ ਪਿੱਛੇ ਲੁਕੀ ਮਨਸ਼ਾ ਨੂੰ ਕਰਤਾਰੋ ਨਹੀਂ ਜਾਣਦੀ ਸੀ। ਹੌਲੀ-ਹੌਲੀ ਉਨ੍ਹਾਂ ਨੇ ਆਪਣੀ ਮਾਂ ਕਰਤਾਰੋ ਨੂੰ ਸਾਰੀ ਜ਼ਮੀਨ ਨਾਂ ਕਰਨ ਲਈ ਮਨਾ ਲਿਆ ਸੀ। ਜਦੋਂ ਉਸ ਨੇ ਗੱਲ ਕੀਤੀ ਤਾਂ ਬਿਸ਼ਨੇ ਨੇ ਕੋਰੀ ਨਾਂਹ ਕਰ ਦਿੱਤੀ ਸੀ।

'ਕਰਤਾਰੀਏ ਤੂੰ ਨੀ, ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ। ਇਹ ਹੁਣ ਜੋ ਥੋੜ੍ਹੀ-ਬਹੁਤੀ ਆਪਣੀ ਸੇਵਾ ਕਰਦੇ ਨੇ ਇਹ ਜ਼ਮੀਨ ਕਰਕੇ ਹੀ ਆ। ਬਾਅਦ 'ਚ ਆਪਾਂ ਰੋਟੀ ਨੂੰ ਵੀ ਤਰਸਾਗੇ'।

ਪਰ ਪੁੱਤਰਾਂ ਦਾ ਮੋਹ ਕਰਦੀ ਕਰਤਾਰੋ ਨੂੰ ਇਹ ਗੱਲ ਚੰਗੀ ਨਹੀਂ ਲੱਗੀ ਸੀ।

'ਲੈ, ਐਂ ਕਿਵੇਂ ਸੇਵਾ ਨੀ ਕਰਨਗੇ ? ਇਨ੍ਹਾਂ ਨੂੰ ਪੜ੍ਹਾਇਆ-ਲਿਖਾਇਆ। ਨੌਕਰੀ 'ਤੇ ਲਵਾਇਆ, ਵਿਆਹ ਕੀਤੇ। ਹੱਡ-ਭੰਨ ਕੇ ਜ਼ਮੀਨ-ਜਾਇਦਾਦ ਬਣਾ ਕੇ ਦਿੱਤੀ। ਕਿਵੇਂ ਨੀ ਸੰਭਾਲਣਗੇ'?

ਆਖ਼ਰ ਘਰਵਾਲੀ ਦੀ ਜਿੱਦ ਅੱਗੇ ਬਿਸ਼ਨੇ ਨੂੰ ਝੁਕਣਾ ਪਿਆ। ਸਭ ਕੁਝ ਪੁੱਤਰਾਂ ਦੇ ਨਾਂ ਲਵਾ ਦਿੱਤਾ। ਪਰ ਜਿਸ ਗੱਲ ਦਾ ਡਰ ਸੀ ਉਹ ਹੌਲੀ-ਹੌਲੀ ਪੂਰੀ ਹੋ ਰਹੀ ਸੀ। ਜਾਇਦਾਦ ਮਿਲਦੇ ਹੀ ਉਨ੍ਹਾਂ ਦੇ ਰੰਗ-ਢੰਗ ਬਦਲ ਗਏ ਸਨ। ਦੋਵੇਂ ਪੁੱਤਰਾਂ ਲਈ ਉਹ ਹੁਣ ਵਾਧੂ ਦਾ ਬੋਝ ਬਣ ਕੇ ਰਹਿ ਗਏ ਸਨ। ਕੋਈ ਵੀ ਆਪਣੇ ਨਾਲ ਰੱਖਣ ਲਈ ਤਿਆਰ ਨਹੀਂ ਸੀ। ਵਾਰੀ ਬੰਨ੍ਹੀ ਹੋਈ ਸੀ, ਇਕ ਮਹੀਨਾ ਵੱਡੇ ਕੋਲ ਤੇ ਇਕ ਮਹੀਨਾ ਛੋਟੇ ਕੋਲ।

ਕਰਤਾਰੋ ਨੂੰ ਇਹ ਝੋਰਾ ਲੈ ਬੈਠਾ ਸੀ ਕਿ ਉਸ ਨੇ ਜਾਇਦਾਦ ਪੁੱਤਰਾਂ ਨੂੰ ਦੇਣ ਲਈ ਬਿਸ਼ਨੇ ਨੂੰ ਮਜ਼ਬੂਰ ਕੀਤਾ ਸੀ। ਇਸ ਨੂੰ ਉਹ ਗ਼ਲਤੀ ਨਹੀਂ ਗੁਨਾਹ ਮੰਨ ਬੈਠੀ ਸੀ। ਇਸ ਪਛਤਾਵੇ ਦੇ ਚੱਕਰ 'ਚ ਜਹਾਨੋਂ ਰੁਖ਼ਸਤ ਹੋ ਗਈ।

ਕੁੱਤਿਆਂ ਦੇ ਭੌਂਕਣ ਨਾਲ ਬਿਸ਼ਨਾ ਅਤੀਤ ਤੋਂ ਜਾਗਿਆ। ਗਲੀ ਦਾ ਕੁੱਤਾ ਫਿਰ ਅੰਦਰ ਵੜਨ ਲੱਗਿਆ। ਪਰ ਇਸ ਵਾਰ ਉਸ ਨੇ ਨਾ ਰੋਕਿਆ। ਕੁੱਤਾ ਬਿਸ਼ਨੇ ਵੱਲ ਵੇਖਦਾ-ਵੇਖਦਾ ਅੰਦਰ ਲੰਘ ਗਿਆ। •

ਮੋਬਾਈਲ : 94630-90470

# ਨਿੱਜੀ ਅਨੁਭਵ ਦੀ ਅਗਾਂਹਵਧੂ ਪੁਸਤਕ ਸ਼ੇਰਨੀ ਦਾ ਦੁੱਧ



ਡਾ. ਦਵਿੰਦਰ ਮੰਡ
ਮੋਬਾਈਲ : 99145-65255

ਬਹੁਤ ਘੱਟ ਪ੍ਰਸ਼ਾਸ਼ਨਿਕ ਅਧਿਕਾਰੀ ਹਨ ਜੋ ਸਾਹਿਤ ਦੀ ਓਟ ਲੈ ਕੇ ਸਮਾਜ ਦੀ ਸੇਵਾ ਲਈ ਯਤਨਸ਼ੀਲ ਰਹੇ ਹਨ। ਸਵਰਗੀ ਡਾ. ਮਹਿੰਦਰ ਸਿੰਘ ਰੰਧਾਵਾ, ਸਵਰਗੀ ਅਮਰੀਕ ਸਿੰਘ ਪੂੰਨੀ, ਭੁਪਿੰਦਰ ਸਿੰਘ ਆਈ. ਏ. ਐੱਸ ਆਦਿ ਨੇ ਪੰਜਾਬੀ ਸਾਹਿਤ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਸ. ਐੱਨ. ਐੱਸ. ਰਤਨ, ਜੀ. ਕੇ. ਸਿੰਘ ਅਤੇ ਕੁਝ ਕੁ ਪੁਲਿਸ ਅਧਿਕਾਰੀ ਅੱਜ ਵੀ ਪੰਜਾਬੀ ਸਾਹਿਤ ਦੀ ਨਿਰੰਤਰ ਸੇਵਾ ਕਰ ਰਹੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਸੇਵਾ ਮੁਕਤੀ ਤੋਂ ਬਾਅਦ ਤਾਂ ਸਭ ਲਿਖ ਲੈਂਦੇ ਹਨ ਪਰ ਸੇਵਾ 'ਚ ਰਹਿੰਦਿਆਂ ਲਿਖਣਾ ਸ਼ੇਰਨੀ ਦਾ ਦੁੱਧ ਪੀਣ ਵਾਂਗ ਔਖਾ ਹੈ। ਸ੍ਰੀ ਸੁੱਚਾ ਰਾਮ ਲੱਧੜ ਅਜਿਹੇ ਉੱਚ ਅਧਿਕਾਰੀ ਹਨ ਜਿਹੜੇ ਪ੍ਰਸ਼ਾਸਨ 'ਚ ਹੁੰਦਿਆਂ, ਦਲਿਤ ਜੀਵਨ 'ਚ ਪੈਦਾ ਹੋ ਕੇ ਆਪਣੇ ਨਿੱਜੀ ਅਨੁਭਵਾਂ ਨਾਲ ਸੱਚ ਦੀ ਕਲਮ ਚਲਾ ਰਹੇ ਹਨ। ਅਜੋਕੀ ਭ੍ਰਿਸ਼ਟ ਰਾਜਨੀਤੀ, ਅਫ਼ਸਰਸ਼ਾਹੀ, ਰਿਸ਼ਬਤਖੋਰੀ ਦੀ ਬਲਦੀ ਭੱਠੀ ਵਿਚੋਂ ਵੱਖਰੇ ਹੋ ਬੇਬਾਕੀ ਨਾਲ ਲਿਖਣਾ ਬੁਲੰਦ ਹੌਂਸਲੇ ਦਾ ਹੀ ਕਾਰਜ ਹੈ। ਇਕ ਗਿਆਨਵਾਨ ਮਨੁੱਖ ਹੀ ਜ਼ਿੰਦਗੀ ਨੂੰ ਨੇੜੇ ਤੋਂ ਦੇਖ ਸਕਦਾ ਹੈ। ਡਾ. ਬੀ. ਆਰ. ਅੰਬੇਡਕਰ ਦਾ ਕਥਨ ਹੈ, 'ਗਿਆਨ ਸ਼ੇਰਨੀ ਦਾ ਉਹ ਦੁੱਧ ਹੈ ਜਿਹੜਾ ਪੀਵੇਗਾ, ਸੋ ਦਹਾੜੇਗਾ।' ਇਸ ਵਿਚਾਰ 'ਤੇ ਪੁਸਤਕ ਦਾ ਨਾਮਕਰਣ ਕੀਤਾ ਗਿਆ ਹੈ। ਸਮੁੱਚੀ ਪੁਸਤਕ ਪੜ੍ਹਨ ਉਪਰੰਤ ਲੇਖਕ ਦੇ ਜੀਵਨ, ਪ੍ਰਸਥਿਤੀਆਂ, ਅੱਗੇ ਵਧਣ ਦੀ ਖ਼ਾਹਿਸ, ਭ੍ਰਿਸ਼ਟ ਸਮਾਜ ਅਤੇ ਰਾਜਨੀਤੀ, ਸਿਫ਼ਾਰਸਵਾਦ, ਹੈਵਾਨੀਅਤ ਅਤੇ ਕਰਮਸ਼ੀਲਤਾ ਦੀਆਂ ਵੱਖੋ-ਵੱਖਰੀਆਂ ਪਰਤਾਂ ਉਜਾਗਰ ਹੁੰਦੀਆਂ ਹਨ।

ਮਾਤਾ ਸਵਰਨੀ ਵਰਗੀ ਸ਼ੇਰਨੀ ਦਾ ਦੁੱਧ ਪੀਣ ਵਾਲੇ ਐੱਸ. ਆਰ. ਲੱਧੜ ਦਾ ਜਨਮ ਜਲੰਧਰ (ਹੁਣ ਨਵਾਂ ਸ਼ਹਿਰ) ਦੇ ਪਿੰਡ 'ਗਦਾਨੀ' ਵਿਖੇ ਕਰਮਯੋਗੀ ਸ੍ਰੀ ਪਿਆਰਾ ਰਾਮ ਦੇ ਘਰ ਹੋਇਆ। ਆਪਣੀ ਮਿਹਨਤ ਸਦਕਾ ਥਾਪਰ ਕਾਲਜ ਪਟਿਆਲਾ ਤੋਂ ਬੀ. ਟੈੱਕ. ਕਰਨ ਉਪਰੰਤ ਸਿੰਚਾਈ ਵਿਭਾਗ ਵਿਚ ਐੱਸ. ਡੀ. ਓ. ਦੇ ਅਹੁਦੇ 'ਤੇ ਰਹਿੰਦਿਆਂ ਲਗਨ ਅਤੇ ਸਖ਼ਤ ਮਿਹਨਤ ਨਾਲ ਆਈ. ਏ. ਐੱਸ. ਬਣੇ। 'ਸ਼ੇਰਨੀ ਦਾ ਦੁੱਧ' ਪੁਸਤਕ ਵਿਚ ਲਗਭਗ ਪੈਂਤੀ ਆਰਟੀਕਲ (ਮਿਡਲ) ਹਨ। ਪੁਸਤਕ ਦੇ ਪ੍ਰਕਾਸ਼ਕ ਨੇ ਵੀ ਇਨ੍ਹਾਂ ਮਿਡਲਾਂ ਨੂੰ ਬੜੀ ਨੀਝ ਨਾਲ ਛਾਪਿਆ ਹੈ।

ਸ੍ਰੀ ਲੱਧੜ ਸੇਵਾ 'ਚ ਹੁੰਦਿਆਂ ਮੰਤਰੀਆਂ, ਅਫ਼ਸਰਾਂ ਅਤੇ ਹੋਰ ਸਥਾਨਾਂ ਆਦਿ ਨਾਮ ਲਏ ਬਿੰਨਾਂ ਸਮਾਜ 'ਚ ਸਕਾਰਾਤਮਿਕ ਕਾਰਜਾਂ ਲਈ, ਲੋਕਾਂ ਨੂੰ ਪਿਆਰ ਨਾਲ ਇਕੱਠੇ ਕਰਕੇ ਇਕ ਟੀਮ ਦੀ ਤਰ੍ਹਾਂ ਕੰਮ ਕਰਵਾਉਂਦੇ ਹਨ। 'ਦਲਿਤਾਂ ਦੀ ਦਲਦਲ' ਮਿਡਲ ਵਿਚ ਬਠਿੰਡਾ ਜ਼ਿਲ੍ਹੇ ਦੇ ਗ਼ਰੀਬ ਦਲਿਤ ਪਰਿਵਾਰ ਦੀ ਦਾਸਤਾਨ ਨੂੰ ਬਿਆਨ ਕੀਤਾ ਗਿਆ ਹੈ। ਜੇ ਲੇਖਕ ਕੋਲ ਮਾਂ, ਧੀ ਦਾ ਕੇਸ ਨਾ ਜਾਂਦਾ, ਇਹ ਵੀ ਆਮ ਕੇਸਾਂ ਵਾਂਗ ਸਿਫ਼ਾਰਸਵਾਦ ਦੀ ਭੇਂਟ ਚੜ੍ਹ ਜਾਣਾ ਸੀ। ਅਧੇੜ ਉਮਰ ਦੇ ਲੰਬੜਦਾਰ ਦੇ ਘਰ ਗੂਹਾ-ਕੂੜਾ ਕਰਦੀਆਂ ਮਾਂ, ਧੀ ਜ਼ਿੰਦਗੀ ਨੂੰ ਚਲਾ ਰਹੀਆਂ ਸਨ। ਅਚਾਨਕ ਮਾਂ ਦੀ ਗ਼ੈਰ-ਮੌਜੂਦਗੀ ਵਿਚ ਲੰਬੜਦਾਰ ਮਾਸੂਮ ਬਾਲੜੀ ਨਾਲ ਕੁਕਰਮ ਕਰਦਾ ਹੈ। ਮਾਂ ਧੀ ਦੀ ਗੱਲ ਸੁਣ ਲੇਖਕ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। 'ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇਸ਼ ਵਿਚ ਜਿਸ ਦਾ ਸੰਵਿਧਾਨ ਇਕ ਦਲਿਤ ਨੇ ਬਣਾਇਆ ਹੋਵੇ, ਵਿਚ ਦਲਿਤ ਨੂੰ ਇਨਸਾਫ਼ ਨਹੀਂ ਮਿਲ ਰਿਹਾ।' ਲੇਖਕ ਪੂਰੀ ਤਨਦੇਹੀ ਨਾਲ ਫ਼ਰਜ਼ ਨਿਭਾਉਂਦਾ ਹੋਇਆ ਮੁਜ਼ਰਮ ਨੂੰ ਸਜ਼ਾ ਦਿਵਾਉਂਦਾ ਹੈ। ਇਸੇ ਤਰ੍ਹਾਂ 'ਅੱਧ ਦੀ ਖੇਤੀ ਪੂਰੀ ਫ਼ਸਲ' ਵਿਚ ਲੇਖਕ ਬਚਪਨ ਦੇ ਦਿਨਾਂ ਨੂੰ ਮਨ ਦੀ ਅਮੀਰੀ ਨਾਲ ਤੁਲਨਾ ਦਿੰਦਾ ਹੈ ਅਤੇ ਜ਼ਿੰਦਗੀ ਵਿਚ 'ਰਾਤਾਂ' ਦੇ ਰੋਲ਼ ਨੂੰ ਮਹੱਤਵ ਦਿੰਦਾ ਹੈ। ਲੇਖਕ ਦੇ ਅਨੁਸਾਰ, 'ਮੈਨੂੰ ਬੀਬੀ ਉਸ ਵੇਲ ਵਾਂਗ ਲਗਦੀ ਸੀ ਜੋ ਬੰਜ਼ਰ ਜ਼ਮੀਨ ਵਿਚ ਉੱਗਣ ਦੇ ਬਾਵਜੂਦ ਇੱਧਰ-ਉੱਧਰ ਦੇ ਬੂਟਿਆਂ ਦੇ ਤਣਿਆਂ ਦਾ ਸਹਾਰਾ ਲੈ ਕੇ ਫੁੱਲਾਂ ਨੂੰ ਆਪਣੀ ਟੀਸੀ ਤਕ ਪਹੁੰਚਾ ਦਿੰਦੀ ਹੈ। ਪੁਰਾਣੀਆਂ ਪੁਸਤਕਾਂ ਨੂੰ ਪੜ੍ਹ ਪੌੜੀ-ਦਰ-ਪੌੜੀ ਚੜ੍ਹਦਾ ਲੇਖਕ ਕਹਿੰਦਾ ਹੈ, 'ਬੀਬੀ ਨੇ ਪੜ੍ਹਾਈ ਲਈ ਕਿਤਾਬਾਂ ਭਾਂਵੇਂ ਪੁਰਾਣੀਆਂ ਹੀ ਲੈ ਕੇ ਦਿੱਤੀਆਂ ਪਰ ਜ਼ਿੰਦਗੀ ਅਤੇ ਉਸ ਦੇ ਅਰਥ ਨਵੇਂ ਦਿੱਤੇ। 'ਪਿੰਡ ਦਾ ਡਾਕੀਆ' ਮਿਡਲ ਵਿਚ ਇਕ ਅਜਿਹੇ ਕਰੱਤਵ ਦੀ ਗੱਲ ਕੀਤੀ ਗਈ ਹੈ ਜਿਸ ਉੱਪਰ ਕਿਸੇ ਬੰਦੇ ਦਾ ਭਵਿਖ ਟਿਕਿਆ ਹੋਇਆ ਹੈ। ਲੇਖਕ ਦੀ ਜ਼ਿੰਦਗੀ ਵਿਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਦੋਂ ਡਾਕੀਆ ਜ਼ਰੂਰੀ ਪੱਤਰਾਂ ਨੂੰ ਲੇਖਕ ਤਕ ਪਹੁੰਚਾਉਣ ਵਿਚ ਕੰਨੀਂ ਕਤਰਾਉਂਦਾ ਰਿਹਾ। ਲੇਖਕ ਅਜਿਹੇ ਕੁਤਾਹੀਕਾਰ ਬਾਰੇ ਆਖਦਾ ਹੈ, 'ਮੈਨੂੰ ਪਿੰਡ ਦਾ ਡਾਕੀਆ ਕਈ ਵਾਰ ਛੱਪੜ ਦੇ ਝੋਟੇ ਵਾਂਗ ਲੱਗਿਆ ਜੋ ਪਾਣੀ ਵਿਚੋਂ ਨਿਕਲਣ ਦਾ ਨਾਂ ਨਹੀਂ ਲੈਂਦਾ। ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਕੋਲ ਆਈ ਚਿੱਠੀ ਕਿਸੇ ਦੀ ਜ਼ਿੰਦਗੀ ਵਿਚ ਕੀ ਮਹੱਤਵ ਰੱਖਦੀ ਹੈ। ਭਾਵੇਂ ਮੈਂ ਆਪਣੀ ਮਾਤਾ ਜੀ ਦੀ ਸਮਝਦਾਰੀ ਅਤੇ ਦੂਰ-ਅੰਦੇਸ਼ੀ ਕਾਰਨ ਥਾਪਰ ਕਾਲਜ 'ਚ ਦਾਖਲਾ ਲੈ ਕੇ ਆਪਣੀ ਮੰਜ਼ਿਲ ਪਾ ਲਈ ਪਰ ਅਜਿਹੇ ਡਾਕੀਏ ਕਿੰਨੇ ਲੋਕਾਂ ਦੀ ਮੰਜ਼ਿਲ ਵਿਚ ਰੋੜੇ ਬਣੇ ਹੋਣਗੇ ਪਤਾ ਨਹੀਂ।' (ਪੰਨਾ 25 )




ਪੁਸਤਕ ਚਰਚਾ

ਪੁਸਤਕ ਵਿਚ ਕੁਝ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਲੇਖਕ ਆਪਣੀ ਚੇਤਨਤਾ ਨਾਲ ਸਮਾਨਤਾ ਦਾ ਰਾਹ ਦੱਸਦਾ ਹੈ। ਚਾਹੇ ਉਹ ਡੇਰਿਆਂ 'ਤੇ ਹੁੰਦੇ ਦਲਿਤਾਂ ਨਾਲ ਵਿਤਕਰੇ ਹੋਣ, ਚਾਹੇ ਆੜ੍ਹਤੀਆਂ, ਕਿਸਾਨਾਂ ਨਾਲ ਹੁੰਦੀ ਬੇ-ਇੱਜ਼ਤੀ ਹੋਵੇ। ਲੇਖਕ ਬਠਿੰਡੇ ਜ਼ਿਲ੍ਹੇ ਦੇ ਇਕ ਪਿੰਡ ਦੇ ਡੇਰੇ 'ਤੇ ਸਮੇਤ ਐੱਸ. ਐੱਸ. ਪੀ. ਤੇ ਐੱਮ. ਐੱਲ. ਏ. ਨਾਲ ਜਾਂਦਾ ਹੈ। ਡੇਰੇ ਅੰਦਰ ਦਲਿਤਾਂ ਦੇ ਜਾਣ ਦੀ ਮਨਾਹੀ ਸੀ। ਇਹ ਗੱਲ ਲੇਖਕ ਨੂੰ ਅਥਾਹ ਪ੍ਰੇਸ਼ਾਨ ਕਰਦੀ ਹੈ। ਆਪਣੀ ਬੁੱਧੀ ਅਤੇ ਦੂਰ-ਅੰਦੇਸ਼ੀ ਨਾਲ ਲੇਖਕ ਇਸ ਮਾੜੀ ਪਿਰਤ ਦਾ ਸਫ਼ਾਇਆ ਕਰਦਾ ਹੈ। ਲੇਖਕ ਆਪਣੀ ਜਾਤੀ ਰਾਇ ਦੱਸਦਾ ਕਹਿੰਦਾ ਹੈ ਕਿ ਚੰਗੇ ਅਫ਼ਸਰ ਸਮਾਜ ਵਿਚ ਅਤੇ ਸਿਆਸੀ ਲੋਕਾਂ ਵਿਚ ਸਮੇਂ ਦੇ ਨਾਲ ਇੱਜ਼ਤ ਪਾਉਂਦੇ ਹਨ। 'ਇੰਜ ਥੋੜੀ ਹੁੰਦਾ' ਲੇਖ ਵਿਚ ਸਭ ਸਿਫ਼ਾਰਸਾਂ ਨੂੰ ਲਾਂਭੇ ਕਰਕੇ ਲੇਖਕ ਅਸਲ ਹੱਕਦਾਰ ਨੂੰ ਹੱਕ ਦਿਵਾਉਂਦਾ ਹੈ। ਇਸੇ ਤਰ੍ਹਾਂ 'ਚਿੱਟੇ ਲਹੂ ਵਾਲਾ ਪੁੱਤ' ਮਿਡਲ ਵਿਚ ਵੀ ਸੱਚੇ-ਸੁੱਚੇ ਬਾਪ ਨੂੰ ਹੱਕ ਦਿਵਾਇਆ ਜਾਂਦਾ ਹੈ।

ਮਾਤਾ, ਪਿਤਾ ਅਤੇ ਪਤਨੀ ਵਲੋਂ ਲੇਖਕ ਦੀ ਜ਼ਿੰਦਗੀ ਵਿਚ ਜੋ ਅਹਿਮ ਰੋਲ ਨਿਭਾਇਆ ਗਿਆ ਹੈ, ਉਸ ਦਾ ਖ਼ੁਲਾਸਾ ਬੜੀ ਬਾਰੀਕੀ ਨਾਲ ਕੀਤਾ ਗਿਆ ਹੈ। ਲੇਖਕ ਕਿਵੇਂ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਪੜ੍ਹ, ਸਿਰ ਸੁੱਟ ਕੇ ਨਿਰੰਤਰ ਸਾਧਨਾ ਨਾਲ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ। 'ਕਿਹੜਾ ਕਾਨੂੰਨ', 'ਸੋਨੇ 'ਤੇ ਸੁਹਾਗਾ' ਲੇਖਾਂ ਵਿਚ ਲੇਖਕ ਕਾਨੂੰਨ ਤੋਂ ਉੱਪਰ ਉੱਠ ਕੇ ਕੁਝ ਕਾਰਜ ਅਜਿਹੇ ਕਰਦਾ ਹੈ ਜਿਹੜੇ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਹਨ। 'ਬਿਮਾਰ ਹਸਪਤਾਲ' ਅਤੇ 'ਮੋਤੀਆਂ ਵਾਲੀ ਸਰਕਾਰ' ਸਾਡੇ ਭ੍ਰਿਸ਼ਟ ਢਾਂਚੇ 'ਤੇ ਵਿਅੰਗ ਕਰਦਾ ਆਰਟੀਕਲ ਹੈ। ਸਰਕਾਰੀ ਕਰਮਚਾਰੀ ਆਪਣੇ ਆਕਿਆਂ ਦੀ ਸ਼ਹਿ ਅਧੀਨ ਕੀ ਕੁਝ ਕਰਦੇ ਹਨ ਅਤੇ ਇਕ ਜ਼ਿੰਮੇਵਾਰ ਅਫ਼ਸਰ ਕਿਵੇਂ ਉਨ੍ਹਾਂ ਨੂੰ ਧਰਤੀ ਨਾਲ ਜੋੜਦਾ ਹੈ। ਇਨ੍ਹਾਂ ਲੇਖਾਂ ਵਿਚ ਪੇਸ਼ ਹੋਇਆ ਹੈ।

ਸਮੁੱਚੇ ਰੂਪ ਵਿਚ ਪੁਸਤਕ 'ਸ਼ੇਰਨੀ ਦਾ ਦੁੱਧ' ਇਕ ਅਜਿਹਾ ਦਸਤਾਵੇਜ਼ ਹੈ ਜਿਹੜਾ ਪ੍ਰਸ਼ਾਸ਼ਨਿਕ ਸੇਵਾ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੱਲਾ ਸ਼ੇਰੀ ਦਿੰਦਾ ਹੈ ਨਾਲ ਦੀ ਨਾਲ ਹਰ ਵਿਅਕਤੀ ਨੂੰ ਇਕ ਨਵੀਂ ਸੇਧ ਅਤੇ ਪ੍ਰਸ਼ਾਸ਼ਨਿਕ ਖੇਤਰ ਦੀਆਂ ਨਵੀਆਂ ਗੱਲਾਂ ਨਾਲ ਸਾਂਝ ਪੁਆਉਂਦਾ ਹੈ। ਲੇਖਕ ਦਾ ਇਹ ਗੁਣ ਹੈ ਕਿ ਉਸ ਨੇ ਆਪਣੀ ਗੱਲ ਸਮਝਾਉਣ ਲਈ ਸਾਦੀ ਅਤੇ ਸਪੱਸ਼ਟ ਭਾਸ਼ਾ ਦੀ ਵਰਤੋਂ ਕੀਤੀ ਹੈ। ਪੇਂਡੂ ਜੀਵਨ ਵਿਚੋਂ ਲਏ ਪ੍ਰਤੀਕਾਂ ਨੂੰ ਸੁਲਝੇ ਢੰਗ ਨਾਲ ਬਿਆਨਿਆਂ ਹੈ। ਅਸਲ ਵਿਚ ਦਲਿਤ ਚੇਤਨਾ ਦਾ ਆਭਾਸ ਕਰਵਾਉਂਦੀ ਇਹ ਪੁਸਤਕ ਲੇਖਕ ਦੀ ਬੌਧਿਕ ਸੋਚ ਅਤੇ ਨਿੱਜੀ ਅਨੁਭਵ ਦਾ ਪ੍ਰਗਟਾਵਾ ਹੈ। •

## ਗ਼ਜ਼ਲਾਂ

ਭਟਕ ਲਿਆ ਬਹੁਤ ਅਤੇ ਭੁਰ ਲਿਆ ਬਥੇਰਾ।
ਸਾਥੋਂ ਹੋਇਆ ਨਾ ਉਗਾ ਕੋਈ ਧੜਕਦਾ ਸਵੇਰਾ।

ਰਹੇ ਸੋਚ ਦੇ ਕਿ ਪੰਧ ਹੋਣਾ ਬਹੁਤ ਹੀ ਲੰਮੇਰਾ।
ਇਹ ਤਾਂ ਔਹ ਗਿਆ ਔਹ ਗਿਆ ਜੋਗੀ ਵਾਲਾ ਫੇਰਾ।

ਸਾਡੇ ਚਾਨਣਾਂ ਨੂੰ ਜੀਰ-ਜੀਰ ਪੀ ਗਿਆ ਹਨੇਰਾ।
ਬੀਜ ਹੌਂਸਲੇ ਬਚਾਇਆ ਮਸੀਂ ਜੀਊਣ ਜੋਗਾ ਜੇਰਾ।

ਸਾਡੀ ਕਲਪਨਾ ਦਾ ਅੰਬਰੀ ਉਡਾਣ ਜਿੱਡਾ ਘੇਰਾ।
ਅਸੀਂ ਲਹੂ ਨਾਲ ਲਿਖਿਆ ਹੈ ਮਾਨਵੀ ਓਪੇਰਾ।

ਸਾਡੀ ਤੰਦ ਵੀ ਹੈ ਕੱਚੀ, ਸਾਡਾ ਤਨ ਵੀ ਕਚੇਰਾ।
ਉਂਜ ਆਖਦੇ ਨੇ ਲੋਕ ਸਾਨੂੰ ਅੱਖਰ-ਪਕੇਰਾ।

ਰਹੇ ਸੋਚ ਦੇ ਕਿ ਸਮਾਂ ਆਊ ਲਾਜ਼ਮੀ ਚੰਗੇਰਾ।
ਝੁੱਲੂ ਮਾਨਵੀ ਪੈਗ਼ਾਮ ਦਿੰਦਾ ਲਾਲ-ਫੁਲੇਰਾ।

ਨਾ ਮੈਂ ਵੱਡਾ ਮਹਿਲਧਾਰੀ, ਨਾ ਮੈਂ ਕਸਬੀ ਲੁਟੇਰਾ।
ਮੇਰਾ ਕਾਵਿਕ ਕਲੋਨੀ ਵਿਚ ਅੱਖਰਾਂ ਦਾ ਡੇਰਾ।

ਉਹ ਹੋਰ ਕੋਈ ਹੋਣਾ ਜਿਹੜਾ ਅਰਸ਼ ਤੋਂ ਉਚੇਰਾ।
ਮੈਂ ਹਾਂ ਕਾਮਾ ਕੁਲਵੰਤ ਸੂਹੇ ਅੱਖਰਾਂ ਦਾ ਕੇਰਾ।



• ਪ੍ਰੋ. ਕੁਲਵੰਤ ਔਜਲਾ, ਫੋਨ ਨੰ. 01822-235343

ਨਾ ਸੋਨਾ ਆਖਿਆ ਕਰ , ਨਾ ਚਾਂਦੀ ਹੀ ਬਣਾ ਮੈਨੂੰ।
ਕਿਤੇ ਮਿੱਟੀ ਮੈਂ ਹੋ ਜਾਵਾਂ, ਨਾ ਬਹੁਤਾ ਭਰਮਾ ਮੈਨੂੰ।

ਗ਼ੈਰਾਂ ਦੇ ਗੁਲਸ਼ਨ 'ਚੋਂ, ਫੁੱਲ ਤੋੜ ਲਿਆਉਂਦਾ ਏਂ,
ਮੇਰਾ ਦਮ ਘੁਟ ਜਾਏਗਾ, ਇਉਂ ਨਾ ਮਹਿਕਾ ਮੈਨੂੰ।

ਝਾਂਜਰ ਵਾਂਗੂ ਰੱਖਦੇ ਹੋ, ਅੱਜ ਵੀ ਔਰਤ ਨੂੰ,
ਲਾ ਠੋਕਰ ਕਹਿੰਦੇ ਹੋ, 'ਛਣਕਾਰ ਸੁਣਾ ਮੈਨੂੰ'।

ਸਾਹ ਮੁੱਕਦੇ ਮੁੱਕ ਜਾਵਣ, ਨਹੀਂ ਝੋਰਾ ਇਸ ਗੱਲ ਦਾ,
ਕਿਸੇ ਹੋਰ ਦੇ ਪੱਲੂ ਦੀ, ਦੇਵੀਂ ਨਾ ਹਵਾ ਮੈਨੂੰ।

ਹੱਦ ਹੁੰਦੀ ਸਿਤਮਾਂ ਦੀ, ਸਬਰਾਂ ਦੀ ਹੱਦ ਕੋਈ ਨਾ,
ਬੇਸ਼ੱਕ ਅਜ਼ਮਾ ਲੈ ਤੂੰ, ਸੂਲ਼ੀ 'ਤੇ ਚੜ੍ਹਾ ਮੈਨੂੰ।

ਉਹ ਜਿਗਰ ਦੇ ਜ਼ਖ਼ਮਾਂ 'ਤੇ, ਮਰਹਮ ਤਾਂ ਲਾਉਂਦੈ ਪਰ,
ਵਿਚ ਨਮਕ ਮਿਲਾ ਲੈਂਦੈ, ਲੱਗਦਾ ਨਾ ਪਤਾ ਮੈਨੂੰ।

ਉਸ ਕਾਨੀ ਦਿੱਤੀ ਹੈ, ਇਹ ਜ਼ਿੰਦਗਾਨੀ ਦਿੱਤੀ ਹੈ,
ਕੁਝ ਵਾਪਸ ਲੈ ਗਿਆ ਜੇ, ਕਿਉਂ ਰਹਿੰਦਾ ਗਿਲਾ ਮੈਨੂੰ।

ਹੁਣ ਯਾਦ ਨਾ ਆਇਆ ਕਰ, ਨਾ ਤੜਪਾਇਆ ਕਰ,
ਮੇਰੀਆਂ ਹੀ ਨਜ਼ਰਾਂ 'ਚੋਂ, ਨਾ ਇੰਜ ਗਿਰਾ ਮੈਨੂੰ।

ਕਦੇ ਕਰਦਾ ਦਿਲ ਲਗੀਆਂ, ਕਦੇ ਦੇਂਦਾ ਦਿਲਬਰੀਆਂ,
ਕਮਲੀ ਕਰ ਦੇਵੇਗਾ ਇਹ, ਸਿਲਸਿਲਾ ਮੈਨੂੰ।

ਇਸ ਦਿਲ ਡੁੱਬ ਜਾਣੇ ਨੂੰ, ਲੋਕੀਂ ਦਰਿਆ ਕਹਿੰਦੇ,
ਮੁੱਦਤ ਤੋਂ ਪਿਆਸੀ ਹਾਂ, ਇਕ ਬੂੰਦ ਪਿਆ ਮੈਨੂੰ।

ਸਾਨੂੰ ਲੋਰ ਜਿਹੀ ਰਹਿੰਦੀ, ਕਿਸੇ ਪੀੜ ਅਵੱਲੜੀ ਦੀ,
ਉਹ ਮੁੜ-ਮੁੜ ਪੁੱਛਦਾ ਹੈ, ਕਾਹਦਾ ਹੈ ਨਸ਼ਾ ਮੈਨੂੰ।



• ਪਰਮਜੀਤ ਕੌਰ ਸਰਹਿੰਦ, ਮੋਬਾਈਲ : 98728-98599

ਘੁੰਮ ਨਜ਼ਾਰਾ ਦੇਖਿਆ ਸਾਰੀਆਂ ਥਾਵਾਂ ਦਾ।
ਬਦਲ ਕਿਤੇ ਨਾ ਮਿਲਦਾ ਸਕੀਆਂ ਮਾਵਾਂ ਦਾ।

ਸਿੰਜਣਾ ਪੈਂਦਾ ਹੱਥੀਂ ਲਾਏ ਰੁੱਖਾਂ ਨੂੰ,
ਚਾਹੀਦਾ ਜੇ ਸੁੱਖ ਮਾਨਣਾ ਠੰਢੀਆਂ ਛਾਵਾਂ ਦਾ।

ਮਾੜੇ ਦਿਲ ਦੇ ਮਾਲਕ ਚੰਗਾ ਕਰਦੇ ਨਾ,
ਰੰਗ ਕਦੇ ਨਾ ਹੋਵੇ ਬੱਗਾ ਕਾਵਾਂ ਦਾ।

ਮੁੱਕ ਦੀ ਨਹੀਓਂ ਵਾਟ ਮੁਕਾਉਣੀ ਪੈਂਦੀ ਹੈ,
ਲੱਭਣ ਲਈ ਸਿਰਨਾਵਾਂ ਓਭੜ ਥਾਵਾਂ ਦਾ।

ਜੇ ਹੈ ਪਾਉਣੀ ਮੰਜ਼ਿਲ ਤਾਂ ਫਿਰ ਤੁਰਿਆ ਜਾਹ,
ਸੱਚਾ ਪਾਂਧੀ ਬਣ ਕੇ ਸੁੱਚੀਆਂ ਰਾਹਵਾਂ ਦਾ।

ਕਰ ਲੈ 'ਅਮਨੇ' ਜੋ ਕਰਨਾ ਹੁਣ ਵੇਲਾ ਹੈ,
ਕੁਝ ਪਤਾ ਨਹੀਂ ਆਉਂਦੇ ਜਾਂਦੇ ਸਾਹਵਾਂ ਦਾ।



• ਅਮਨਜੀਤ ਕੌਰ ਸ਼ਰਮਾ

ਖੁਸ਼ਨੁਮਾ ਮੰਜ਼ਰ ਤਾਂ ਹੋਣਾ ਚਾਹੀਦੈ।
ਆਦਮੀ ਦਾ ਘਰ ਤਾਂ ਹੋਣਾ ਚਾਹੀਦੈ।

ਜਿਸ ਜਗ੍ਹਾ ਰਾਹਤ ਪਿਆਸੇ ਨੂੰ ਮਿਲੇ,
ਇੰਜ ਦਾ ਕੋਈ ਦਰ ਤਾਂ ਹੋਣਾ ਚਾਹੀਦੈ।

ਕਿਸ ਤਰ੍ਹਾਂ ਕੱਟੋਗੇ, ਮੋਹ ਦੇ ਜਾਲ ਨੂੰ,
ਕੋਲ ਇਕ ਖੰਜ਼ਰ ਤਾਂ ਹੋਣਾ ਚਾਹੀਦੈ।

ਵੇਦਨਾ ਦਾ ਹੜ੍ਹ ਏਹ ਜਾਵੇਗਾ ਕਿੱਧਰ,
ਇਸ਼ਕ ਦਾ ਸਾਗਰ ਤਾਂ ਹੋਣਾ ਚਾਹੀਦੈ।

ਇਸ ਤਰ੍ਹਾਂ ਸ਼ੈਤਾਨ ਨਾ ਮਨ ਦਾ ਮਰੇ,
ਸਾਫ਼ ਮਨ ਮੰਦਰ ਤਾਂ ਹੋਣਾ ਚਾਹੀਦੈ।

ਦੋਸਤੋ ਜੋ ਬਾਹਰ, ਦਿਸਦਾ ਹੀ ਨਹੀਂ,
ਰੱਬ ਦਿਲ ਅੰਦਰ ਤਾਂ ਹੋਣਾ ਚਾਹੀਦੈ।



• ਰੋਜ਼ੀ ਸਿੰਘ

## ਕਵਿਤਾਵਾਂ

### ਮੋਈਆਂ ਤਿੱਤਲੀਆਂ

ਮੋਈਆਂ ਤਿੱਤਲੀਆਂ ਦੀ
ਇਤਲਾਹ ਦਿੰਦੇ ਸ਼ਬਦ
ਕਵਿਤਾ ਨਹੀਂ ਹੁੰਦੇ
ਉਹ ਤਾਂ ਬਸ
ਮਨਹੂਸ ਖ਼ਬਰ ਹੁੰਦੀ ਹੈ।

ਤਿੱਤਲੀਆਂ ਦੇ ਚੁੰਮਣ ਬਾਝੋਂ
ਬੇ-ਰਸ...ਬੇ-ਰੰਗ...ਮਹਿਕਹੀਣ
ਫੁੱਲਾਂ ਦਾ ਰੁਦਨ ਵੀ
ਕਵਿਤਾ ਨਹੀਂ ਹੁੰਦਾ।

ਉਸ ਰੁਦਨ ਦੇ ਹੌਂਕੇ 'ਚੋਂ
ਕਿਰਦੇ ਰੰਗਾਂ ਨੂੰ
ਤਲੀਆਂ 'ਤੇ ਬੋਚ ਲੈਣਾ
ਲਾਜ਼ਮੀ ਕਵਿਤਾ ਹੈ।

ਰਸ ਨਾ ਸੁੱਕਣ
ਰੰਗ ਨਾ ਮੁੱਕਣ
ਮਹਿਕਾਂ ਨਾ ਖੁੱਸਣ
ਇਹ ਦੁਆ ਕਰਨਾ
ਇਹ ਦੇ ਲਈ ਅਹਿਦ ਕਰਨਾ
ਉਸ ਅਹਿਦ ਨੂੰ
ਪੂਰਾ ਕਰਨ ਲਈ ਯਤਨ ਕਰਨਾ
ਲਾਜ਼ਮੀ ਕਵਿਤਾ ਹੈ
ਹਾਂ ਇਹੀ ਕਵਿਤਾ ਹੈ।



• ਕਰਮਜੀਤ ਕੌਰ ਕਿਸ਼ਾਂਵਲ

### ਚਾਦਰ ਵੇਖ ਕੇ

ਚਾਦਰ ਵੇਖ ਕੇ ਪੈਰ ਪਸਾਰ ਬੰਦੇ।
ਨਈਂ ਤਾਂ ਹੋਏਂਗਾ ਖੱਜਲ-ਖ਼ੁਆਰ ਬੰਦੇ।

ਕਰਜ਼ਾ ਕਦੇ ਹੱਦੋਂ ਵੱਧ ਚੱਕੀਏ ਨਾ,
ਸਿਰੋਂ ਪਹਿਲਾਂ ਕਰਜ਼ ਉਤਾਰ ਬੰਦੇ।

ਜਿੰਨੀ ਕਮਾਈ ਹੋਵੇ, ਓਨਾਂ ਕਰੋ ਖ਼ਰਚਾ,
ਜੀਵਨ ਆਪਣਾ ਲਵੋ ਸਵਾਰ ਬੰਦੇ।

ਸੌ ਰੁਪਏ ਹੋਵੇ ਤੁਹਾਡੀ ਆਮਦਨ,
ਖ਼ਰਚੋ ਪੰਜਾਹ ਨਾ ਸਿਰ ਰੱਖੋ ਭਾਰ ਬੰਦੇ।

ਆਮਦਨ ਤੋਂ ਵੱਧ ਹੋਵੇ ਜੇ ਖ਼ਰਚ ਤੇਰਾ,
ਫਿਰ ਹੋਵੇਂਗਾ ਪੈਸੇ ਤੋਂ ਅਵਾਜ਼ਾਰ ਬੰਦੇ।

ਜੀਵਨ ਸਾਥੀ ਨੂੰ ਦੇਵੋ ਕਮਾਈ ਕਰਕੇ,
ਆਟਾ-ਦਾਲ ਨਾ ਮੰਗੇ ਉਧਾਰ ਬੰਦੇ।

ਤੰਗੀ-ਤੁਰਸ਼ੀ ਦਾ ਜੀਵਨ ਬੜਾ ਮਾੜਾ,
ਛੇਤੀ ਉੱਠ ਕੇ ਹੰਭਲਾ ਮਾਰ ਬੰਦੇ।

ਸੱਚੀ-ਸੁੱਚੀ ਭਾਈ ਕਰੋ ਕਿਰਤ ਸਾਰੇ,
ਘੱਲਪੁਰੀ ਦਾ ਸ਼ੁੱਭ ਵਿਚਾਰ ਬੰਦੇ।



• ਨਛੱਤਰ ਸਿੰਘ ਘੱਲਪੁਰੀ, ਮੋਬਾਇਲ: 98880-46050

# ਦੀਨਬੰਧੂ ਛੋਟੂਰਾਮ ਇਮਾਨਦਾਰੀ, ਸਮਾਜਿਕ ਨਿਆਂ ਅਤੇ ਦੂਰਦਰਸ਼ੀ ਅਗਵਾਈ ਦਾ ਪ੍ਰਤੀਕ ਸਨ : ਉੱਪ ਰਾਸ਼ਟਰਪਤੀ ਸ੍ਰੀ ਸੀਪੀ ਰਾਧਾਕ੍ਰਿਸ਼ਨਨ




**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਉੱਪ ਰਾਸ਼ਟਰਪਤੀ ਸ੍ਰੀ ਸੀਪੀ ਰਾਧਾਕ੍ਰਿਸ਼ਨਣ ਨੇ ਅੱਜ ਹਰਿਆਣਾ ਦੇ ਸੋਨੀਪਤ ਸਥਿਤ ਦੀਨਬੰਧੂ ਛੋਟੂਰਾਮ ਯੂਨੀਵਰਸਿਟੀ ਆਫ ਸਾਇੰਸ ਐਂਡ ਤਕਨਾਲੋਜੀ ਦੇ 8ਵੇਂ ਕੰਨਵੋਕੇਸ਼ਨ ਸਮਾਰੋਹ ਨੂੰ ਸੰਬੋਧਿਤ ਕੀਤਾ।

ਉੱਪ ਰਾਸ਼ਟਰਪਤੀ ਨੇ ਦੀਨਬੰਧੂ ਛੋਟੂਰਾਮ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਉਨ੍ਹਾਂ ਨੂੰ ਇਮਾਨਦਾਰੀ, ਸਮਾਜਿਕ ਨਿਆਂ ਅਤੇ ਦੂਰਦਰਸ਼ੀ ਅਗਵਾਈ ਦਾ ਪ੍ਰਤੀਕ ਦਸਿਆ। ਉਨ੍ਹਾਂ ਨੇ ਕਿਹਾ ਕਿ ਦੀਨਬੰਧੂ ਛੋਟੂਰਾਮ ਨੇ ਕਿਸਾਨਾਂ ਅਤੇ ਵਾਂਝੇ ਵਰਗਾਂ ਦੇ ਉਥਾਨ ਲਈ ਆਪਣਾ ਜੀਵਨ ਸਮਰਪਿਤ ਕੀਤਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਕ ਵਿਕਾਸ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਈ।

ਉਨ੍ਹਾਂ ਨੇ ਕਿਹਾ ਕਿ ਸਰਕਾਰੀ ਅਦਾਰਿਆਂ ਅਤੇ ਨਿਆਂਸੰਗਤ ਭੂਮੀ ਵਿਵਸਥਾ 'ਤੇ ਛੋਟੂਰਾਮ ਦੇ ਯਤਨ ਨੇ ਇੱਕ ਮਜਬੂਤ ਖੇਤੀਬਾੜੀ ਢਾਂਚੇ ਦੀ ਨੀਂਹ ਰੱਖੀ, ਜਿਸ ਨਾਲ ਹਰਿਆਣਾ ਇੱਕ ਖੁਸ਼ਹਾਲ ਖੇਤੀਬਾੜੀ ਸੂਬੇ ਵਜੋ ਉਭਰਿਆ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਵਿੱਚ ਮਹਤੱਵਪੂਰਣ ਯੋਗਦਾਨ ਦਿੱਤਾ।

ਕੰਨਵੋਕੇਸ਼ਨ ਸਮਾਰੋਹ ਵਿੱਚ ਗਰੈਜੂਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉੱਪ ਰਾਸ਼ਟਰਪਤੀ ਨੇ ਦਸਿਆ ਕਿ ਗੋਲਡ ਮੈਡਲ ਜੇਤੂਆਂ ਵਿੱਚ ਲਗਭਗ 64 ਫੀਸਦੀ ਮਹਿਲਾਵਾਂ ਹਨ ਅਤੇ ਕੁੱਲ ਪਾਸ ਵਿਦਿਆਰਥੀਆਂ ਵਿੱਚ ਵੀ ਲਗਭਗ 50 ਫੀਸਦੀ ਮਹਿਲਾਵਾਂ ਦੀ ਭਾਗੀਦਾਰੀ ਹੈ। ਉਨ੍ਹਾਂ ਨੇ ਇਸ ਨੂੰ ਮਹਿਲਾ ਸਸ਼ਕਤੀਕਰਣ ਅਤੇ ਬੇਟੀ ਬਚਾਓ-ਬੇਟੀ ਪੜਾਓ ਵਰਗੀ ਯੋਜਨਾਵਾਂ ਦੇ ਸਕਾਰਾਤਮਕ ਪ੍ਰਭਾਵ ਦਾ ਨਤੀਜਾ ਦਸਿਆ।

ਉੱਪ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਵਿਕਸਿਤ ਭਾਰਤ ਅਤੇ ਆਤਮਨਿਰਭਰ ਭਾਰਤ ਦੇ ਵਿਜਨ ਦਾ ਵਰਨਣ ਕਰਦੇ ਹੋਏ ਕਿਹਾ ਕਿ ਇਹ ਨਵਾਚਾਰ, ਆਤਮਵਿਸ਼ਵਾਸ ਅਤੇ ਸਵਦੇਸ਼ੀ ਸਵਾਧਾਨਾਂ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਕਦਮ ਹੈ।

ਉਨ੍ਹਾਂ ਨੇ ਕੋਵਿਡ-19 ਮਹਾਮਾਰੀ ਦੌਰਾਨ ਭਾਰਤ ਦੀ ਭੂਮਿਕਾ ਨੂੰ ਯਾਦ ਕਰਦੇ ਹੋਏ ਕਿਹਾ ਕਿ ਜਿੱਥੇ ਕਈ ਦੇਸ਼ਾਂ ਨੇ ਵੈਕਸੀਨ 'ਤੇਂ ਪੇਟੈਂਟ ਰਾਹੀਂ ਲਾਭ ਕਮਾਉਣ ਦੀ ਕੋਸ਼ਿਸ਼ ਕੀਤੀ, ਉੱਥੇ ਭਾਰਤ ਨੇ ਨਾ ਸਿਰਫ ਆਪਣੇ ਨਾਗਰਿਕਾਂ ਨੂੰ ਮੁਫਤ ਟੀਕੇ ਉਪਲਬਧ ਕਰਾਏ, ਸਗੋ 100 ਤੋਂ ਵੱਧ ਦੇਸ਼ਾਂ ਨੂੰ ਵੀ ਵੈਕਸੀਨ ਉਪਲਬਧ ਕਰਾ ਕੇ ਆਪਣੀ ਉਦਾਰਤਾ ਦਾ ਪਰਿਚੈ ਦਿੱਤਾ।

ਉੱਪ ਰਾਸ਼ਟਰਪਤੀ ਨੇ ਏਆਈ, ਮਸ਼ੀਨ ਲਰਨਿੰਗ, ਰੋਬੋਟਿਕਸ, ਕੁਵਾਂਟਮ ਕੰਪਿਊਟਿੰਗ ਅਤੇ ਗ੍ਰੀਨ ਤਕਨਾਲੋਜੀ ਵਰਗੇ ਉਭਰਦੇ ਖੇਤਰਾਂ ਦੀ ਚਰਚਾ ਕਰਦੇ ਹੋਏ ਵਿਦਿਆਰਥੀਆਂ ਤੋਂ ਇੰਨ੍ਹਾਂ ਨੂੰ ਜਿਮੇਵਾਰੀ ਦੇ ਨਾਲ ਅਪਨਾਉਣ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਨੇ ਨਸ਼ੇ ਦੀ ਵੱਧਦੀ ਸਮਸਿਆ 'ਤੇ ਚਿੰਤਾ ਜਤਾਉਂਦੇ ਹੋਏ ਨੌਜੁਆਨਾਂ ਨੂੰ ਇਸ ਪੂਰੀ ਤਰ੍ਹਾ ਤਿਆਗਣ ਅਤੇ ਸਿਹਤਮੰਦ ਤੇ ਸਕਾਰਾਤਮਕ ਜੀਵਨ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਨੌਜੁਆਨਾਂ ਨੂੰ ਨਸ਼ਾ ਮੁਕਤ ਸਮਾਜ ਦੇ ਦੂਤ ਬਨਣ ਲਈ ਪ੍ਰੇਰਿਤ ਕੀਤਾ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਜੀਵਨ ਵਿੱਚ ਸਫਲਤਾ ਸਿਰਫ ਉਪਲਬਧੀਆਂ ਨਾਲ ਨਹੀਂ, ਸਗੋ ਚਰਿੱਤਰ, ਇਮਾਨਦਾਰੀ ਅਤੇ ਮੁਸ਼ਕਲਾਂ ਤੋਂ ਉਭਰਨ ਦੀ ਸਮਰੱਥਾ ਨਾਲ ਤੈਅ ਹੁੰਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂ ਧੀਰਜ ਅਤੇ ਹਿੰਮਤ ਦੇ ਨਾਲ ਚਨੌਤੀਆਂ ਦਾ ਸਾਹਮਣਾ ਕਰਨ ਦੀ ਸਲਾਹ ਦਿੰਦੇ ਹੋਏ ਕਿਹਾ ਕਿ ਧਰਮ ਦੀ ਹਮੇਸ਼ਾ ਅਧਰਮ 'ਤੇ ਜਿੱਤ ਹੁੰਦੀ ਹੈ।

ਉੱਪ ਰਾਸ਼ਟਰਪਤੀ ਨੇ ਸਿਖਿਆ ਵਿੱਚ ਉੱਪਨਿਵੇਸ਼ਕ ਮਾਨਸਿਕਤਾ ਤੋਂ ਮੁਕਤੀ ਦੀ ਜਰੂਰਤ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਸੱਚੀ ਸਿਖਿਆ ਵਿਅਕਤੀ ਨੂੰ ਸੁਤੰਤਰ ਸੋਚ, ਆਤਮਵਿਸ਼ਵਾਸ ਅਤੇ ਭਾਰਤੀ ਵਿਰਾਸਤ ਅਤੇ ਮਾਣ ਕਰਨਾ ਸਿਖਾਉਂਦੀ ਹੈ। ਇਸ ਮੌਕੇ 'ਤੇ ਹਰਿਆਣਾਂ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਅਸੀਮ ਕੁਮਾਰ ਘੋਸ਼, ਮੁੱਖ ਮੰਤਰੀ ਸ੍ਰੀ ਨਾਂਇਬ ਸਿੰਘ ਸੈਣੀ, ਸਹਿਕਾਰਤਾ ਮੰਤਰੀ ਸ੍ਰੀ ਅਰਵਿੰਦ ਕੁਮਾਰ ਸ਼ਰਮਾ ਅਤੇ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਸ੍ਰੀ ਪ੍ਰਕਾਸ਼ ਸਿੰਘ ਵੀ ਮੌਜੂਦ ਰਹੇ।

# ਦੀਨਬੰਧੂ ਛੋਟੂਰਾਮ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ ਦਾ ਕੰਨਵੋਕੇਸ਼ਨ ਸਮਾਰੋਹ ਹੋਇਆ ਆਯੋਜਿਤ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦਾ ਦਿਨ ਦੀਨਬੰਧੂ ਛੋਟੂਰਾਮ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ ਦੇ ਇਤਿਹਾਸ ਵਿੱਚ ਮੀਲ ਦਾ ਪੱਥਰ ਹੈ ਅਤੇ ਉਪਾਧੀ ਪ੍ਰਾਪਤ ਕਰਨ ਵਾਲੇ ਵਿਫਿਦਆਰਥੀਆਂ ਦੇ ਜੀਵਨ ਦਾ ਇੱਕ ਨਾ ਭੁੱਲਣ ਵਾਲਾ ਲੰਮ੍ਹਾ ਹੈ। ਮੁੱਖ ਮੰਤਰੀ ਨੇ ਕੰਨਵੋਕੇਸ਼ਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਪਹੁੰਚੇ ਦੇਸ਼ ਦੇ ਉੱਪ ਰਾਸ਼ਟਰਪਤੀ ਸ੍ਰੀ ਸੀ. ਪੀ. ਰਾਧਾਕ੍ਰਿਸ਼ਨਨ ਦਾ ਸਵਾਗਤ ਅਤੇ ਅਭਿਨੰਦਰ ਕੀਤਾ। ਕੰਨਵੋਕੇਸ਼ਨ ਸਮਾਰੋਹ ਵਿੱਚ ਹਰਿਆਣਾ ਦੇ ਰਾਜਪਾਲ ਅਤੇ ਚਾਂਸਲਰ ਪ੍ਰੋਫੈਸਰ ਅਸੀਮ ਕੁਮਾਰ ਘੋਸ਼ ਵੀ ਮੌਜੂਦ ਰਹੇ।

ਕੰਨਵੋਕੇਸ਼ਨ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ 'ਤੇ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਅੱਜ ਪ੍ਰਾਪਤ ਕੀਤੀ ਗਈ ਡਿਗਰੀਆਂ ਅਤੇ ਮੈਡਲ ਵਿਦਿਆਰਥੀਆਂ ਦੀ ਸਾਲਾਂ ਦੀ ਮਿਹਨਤ, ਅਨੁਸਾਸ਼ਨ ਅਤੇ ਸਮਰਪਣ ਦਾ ਨਤੀਜਾ ਹੈ। ਨਾਲ ਹੀ ਉਨ੍ਹਾਂ ਨੇ ਅਧਿਆਪਕਾਂ ਅਤੇ ਮਾਂਪਿਆਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ।

ਸ੍ਰੀ ਸੈਣੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਮਹਾਨ ਸਮਾਜ ਸੁਧਾਰਕ ਅਤੇ ਕਿਸਾਨਾਂ ਦੇ ਮਸੀਹਾ ਦੀਨਬੰਧੂ ਚੌਧਰੀ ਛੋਟੂ ਰਾਮ ਜੀ ਦੇ ਨਾਮ 'ਤੇ ਸਥਾਪਿਤ ਹੈ, ਜਿਨ੍ਹਾਂ ਨੇ ਸਿਖਿਆ ਨੂੰ ਗਰੀਬੀ ਅਤੇ ਅਗਿਆਨਤਾ ਤੋਂ ਮੁਕਤੀ ਦਾ ਸੱਭ ਤੋਂ ਵੱਡਾ ਸਰੋਤ ਦਸਿਆ ਸੀ। ਉਨ੍ਹਾਂ ਨੇ ਕਿਹਾ ਕਿ ਇਹ ਅਦਾਰਾ ਅੱਜ ਉਨ੍ਹਾਂ ਦੇ ਆਦਰਸ਼ਾਂ ਨੂੰ ਆਧੁਨਿਕ ਤਕਨੀਕ ਅਤੇ ਵਿਗਿਆਨ ਦੇ ਨਾਲ ਜੋੜਦੇ ਹੋਏ ਰਾਸ਼ਟਰ ਨਿਰਮਾਣ ਵਿੱਚ ਮਹਤੱਵਪੂਰਣ ਭੂਮਿਕਾ ਨਿਭਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਨੇ ਸਿਖਿਆ, ਖੇਡ, ਸਭਿਆਚਾਰ, ਖੋਜ ਅਤੇ ਉਦਯੋਗਿਕ ਖੇਤਰ ਵਿੱਚ ਵਰਨਣਯੋਗ ਪ੍ਰਗਤੀ ਕਰਦੇ ਹੋਏ ਦੈ ਵਿੱਚ ਮੋਹਰੀ ਸੂਬੇ ਵਜੋ ਆਪਣੀ ਵੱਖ ਪਹਿਚਾਣ ਬਣਾਈ ਹੈ। ਸੂਬਾ ਸਰਕਾਰ ਦਾ ਟੀਚਾ ਹੈ ਕਿ ਹਰਿਆਣਾ ਦਾ ਹਰੇਕ ਨੌਜੁਆਨ ਆਤਮਨਿਰਭਰ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਲਈ ਸਮਰੱਥ ਬਣੇ। ਇਸੀ ਉਦੇਸ਼ ਨਾਲ ਉੱਚ ਸਿਖਿਆ ਖੇਤਰ ਵਿੱਚ ਕਈ ਮਹਤੱਵਪੂਰਣ ਕਦਮ ਚੁੱਕੇ ਗਏ ਹਨ।



ਉਨ੍ਹਾਂ ਨੇ ਦਸਿਆ ਕਿ ਖੋਜ ਨੂੰ ਪ੍ਰੋਤਸਾਹਨ ਦੇਣ ਲਈ ਸੂਬਾ ਸਰਕਾਰ ਨੇ ਹਰਿਆਣਾ ਰਾਜ ਖੋਜ ਫੰਡ ਤਹਿਤ 20 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ। ਸਾਲ 2025-26 ਵਿੱਚ 350 ਤੋਂ ਵੱਧ ਖੋਜ ਪ੍ਰਸਤਾਵ ਪ੍ਰਾਪਤ ਹੋਏ, ਜਿਨ੍ਹਾਂ ਵਿੱਚੋਂ ਲਗਭਗ 90 ਪ੍ਰਸਤਾਵਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਹੈ। ਇਸ ਸਾਲ ਵੀ ਇਸ ਫੰਡ ਲਈ ਵੱਧ 20 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਿਖਿਆ ਦੇ ਨਾਲ-ਨਾਲ ਨੌਜੁਆਨਾਂ ਦੇ ਸਕਿਲ ਵਿਕਾਸ 'ਤੇ ਵੀ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਨੇ ਦਸਿਆ ਕਿ ਪਾਰਦਰਸ਼ੀ ਭਰਤੀ ਪ੍ਰਕ੍ਰਿਆ ਤਹਿਤ ਬਿਨ੍ਹਾ ਪਰਚੀ-ਖਰਚੀ ਦੇ ਲਗਭਗ 2 ਲੱਖ ਨੌਜੁਆਨਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ।ਉਨ੍ਹਾਂ ਨੇ ਅੱਗੇ ਦਸਿਆ ਕਿ ਸੂਬਾ ਸਰਕਾਰ ਵੱਲੋਂ ਏਆਈ ਅਤੇ ਡਿਜੀਟਲ ਕਾਲਜ ਦੀ ਸਥਾਪਨਾ ਦੀ ਦਿਸ਼ਾ ਵਿੱਚ ਕਦਮ ਚੁੱਕੇ ਜਾ ਰਹੇ ਹਨ, ਜਿੱਥੇ ਆਧੁਨਿਕ ਤਕਨੀਕ ਅਧਾਰਿਤ ਵਿਦਿਅਕ ਪ੍ਰਣਾਲੀ ਲਾਗੂ ਹੋਵੇਗੀ। ਇਸ ਤੋਂ ਇਲਾਵਾ, ਉੱਚ ਸਿਖਿਆ ਗੁਣਵੱਤਾ ਅਤੇ ਖੋਜ ਐਕਸੀਲੈਂਸ ਨੂੰ ਪ੍ਰੋਤਸਾਹਨ ਦੇਣ ਲਈ 10 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਵੀ ਸਥਾਪਿਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਮੁਕਾਬਲੇ ਪ੍ਰੀਖਿਆਵਾਂ ਲਈ ਸਖਤ ਮਿਹਨਤ ਕਰਨ ਅਤੇ ਮਾਨਸਿਕ, ਸ਼ਰੀਰਿਕ ਅਤੇ ਨੈਤਿਕ ਰੂਪ ਨਾਲ ਮਜਬੂਤ ਬਨਣ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਮੁਕਾਬਲੇ ਯੁੱਗ ਵਿੱਚ ਸਫਲਤਾ ਲਈ ਸਮਰਪਣ ਅਤੇ ਲਗਾਤਾਰ ਯਤਨ ਜਰੂਰੀ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਾਰੀ ਉਪਾਧੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਜਵਲ ਭਵਿੱਖ ਦੀ ਸ਼ੁਭਕਾਮਨਾਵਾਂ ਦਿੱਤੀ ਅਤੇ ਯੂਨੀਵਰਸਿਟੀ ਪ੍ਰਸਾਸ਼ਨ ਨੂੰ ਸਫਲ ਆਯੋਜਨ ਲਈ ਵਧਾਈ ਦਿੱਤੀ। ਉਨ੍ਹਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਮਿਲ ਕੇ ਹਰਿਆਣਾ ਅਤੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਨਵੀਂ ਉਚਾਈਆਂ ਤੱਕ ਲੈ ਜਾਣ ਦਾ ਸੰਕਲਪ ਲੈਣ। ਇਸ ਮੌਕੇ 'ਤੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ, ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਸ੍ਰੀ ਪ੍ਰਕਾਸ਼ ਸਿੰਘ ਸਮੇਤ ਅਧਿਆਪਕਗਣ ਅਤੇ ਉਪਾਧੀ ਪ੍ਰਾਪਤ ਕਰਨ ਵਾਲੇ ਨੌਜੁਆਨ ਮੌਜੂਦ ਰਹੇ।

# ਚੋਣ ਦੀ ਮਿੱਤੀ ਤੋਂ ਦੋ ਦਿਨ ਪਹਿਲਾਂ ਤੱਕ ਘੱਟ ਤੋਂ ਘੱਟ ਤਿੰਨ ਵਾਰ ਕਰਵਾਉਣਾ ਹੋਵੇਗਾ ਪ੍ਰਕਾਸ਼ਿਤ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ ਹਰਿਆਣਾ ਵੱਲੋਂ ਪੰਚਾਇਤੀ ਰਾਜ ਅਦਾਰਿਆਂ ਦੇ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ। ਇੰਨ੍ਹਾਂ ਨਿਰਦੇਸ਼ਾਂ ਅਨੁਸਾਰ ਜੇਕਰ ਪੰਚਾਇਤੀ ਰਾਜ ਅਦਾਰਿਆਂ ਦੇ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਖਿਲਾਫ ਅਪਰਾਧਿਕ ਮਾਮਲੇ ਦਰਜ ਅਤੇ ਪੈਂਡਿੰਗ ਹਨ ਜਾਂ ਜਿਨ੍ਹਾ ਮਾਮਲਿਆਂ ਵਿੱਚ ਉਨ੍ਹਾਂ ਨੂੰ ਪਹਿਲਾਂ ਦੋਸ਼ੀ ਠਹਿਰਾਇਆ ਗਿਆ ਹੈ, ਉਨ੍ਹਾਂ ਨੂੰ ਅਜਿਹੇ ਮਾਮਲਿਆਂ ਦੇ ਬਾਰੇ ਵਿੱਚ ਘੱਟ ਤੋਂ ਘੱਟ ਇੱਕ ਹਿੰਦੀ ਅਤੇ ਇੱਕ ਇੰਗਲਿਸ਼ ਸਮੇਤ ਦੋ ਅਖਬਾਰਾਂ ਵਿੱਚ ਇੱਕ ਐਲਾਨ ਪ੍ਰਕਾਸ਼ਿਤ ਕਰਨਾ ਹੋਵੇਗਾ।

ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਨਗਰ ਪਾਲਿਕਾਵਾਂ ਦੇ ਚੋਣ ਲੜਨ ਦੇ ਇਛੁੱਕ ਉਮੀਦਵਾਰਾਂ ਨੂੰ ਪਹਿਲਾਂ ਹੀ ਅਜਿਹੇ ਉਮੀਦਵਾਰਾਂ ਨੂੰ ਖੜਾ ਕਰਨ ਵਾਲੇ ਸਿਆਸੀ ਪਾਰਟੀਆਂ ਨੂੰ ਨਿਰਦੇਸ਼ ਜਾਰੀ ਕੀਤੇ ਸਨ, ਜਿਨ੍ਹਾਂ ਦੇ ਖਿਲਾਫ ਅਪਰਾਧਿਕ ਮਾਮਲੇ ਦਰਜ ਅਤੇ ਪੈਂਡਿੰਗ ਹਨ ਜਾਂ ਜਿਨ੍ਹਾਂ ਮਾਮਲਿਆਂ ਵਿੱਓ ਉਨ੍ਹਾਂ ਨੂੰ ਪਹਿਲਾਂ ਦੋਸ਼ੀ ਠਹਿਰਾਇਆ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਹਰਿਆਣਾ ਰਾਜ ਵਿੱਚ ਹੁਣ ਇਹ ਐਲਾਨ ਪ੍ਰੂਪ 1-ਏ ਵਿੱਚ ਉਮੀਦਵਾਰੀ ਵਾਪਸ ਲੈਣ ਦੀ ਆਖੀਰੀ ਮਿੱਤੀ ਦੇ ਅਗਲੇ ਦਿਨ ਤੋਂ ਅਤੇ ਚੋਣ ਦੀ ਮਿੱਤੀ ਤੋਂ ਦੋ ਦਿਨ ਪਹਿਲਾਂ ਤੱਕ ਘੱਟ ਤੋਂ ਘੱਟ ਤਿੰਨ ਵਾਰ ਪ੍ਰਕਾਸ਼ਿਤ ਕਰਵਾਈ ਜਾਣੀ ਹੋਵੇਗੀ। ਅਜਿਹੇ ਸਾਰੇ ਉਮੀਦਵਾਰਾਂ ਨੂੰ ਉਨ੍ਹਾਂ ਅਖਬਾਰਾਂ ਦੀ ਕਾਪੀ ਵੀ ਜਮ੍ਹਾ ਕਰਨੀ ਹੋਵੇਗੀ।

ਬੁਲਾਰੇ ਨੇ ਦਸਿਆ ਕਿ ਉਦਾਹਰਣ ਸਵਰੂਪ ਜੇਕਰ ਨਾਮ ਵਾਪਸ ਲੈਣ ਦੀ ਆਖੀਰੀ ਮਿੱਤੀ ਮਹੀਨੇ ਦੀ 10 ਤਾਰੀਖ ਹੈ ਅਤੇ ਚੋਣ ਦੀ ਮਿੱਤੀ ਮਹੀਨੇ ਦੀ 20 ਮਿੱਤੀ ਹੈ, ਤਾਂ ਇਹ ਐਲਾਨ ਮਹੀਨੇ ਦੀ 11 ਤੋਂ 18 ਮਿੱਤੀ ਤੱਕ ਵੱਖ-ਵੱਖ ਤਿੰਨ ਮਿੱਤੀਆਂ 'ਤੇ ਜ਼ੂਰ ਪਬਲਿਸ਼ ਕੀਤਾ ਜਾਣਾ ਚਾਹੀਦਾ ਹੈ। ਇਸ ਸਮੇਂ ਦੌਰਾਨ ਅਪਰਾਧਿਕ ਮਾਮਲੇ ਵਾਲੇ ਸਾਰੇ ਉਮੀਦਵਾਰਾਂ ਨੂੰ ਲੋਕਲ ਟੀਵੀ ਚੈਨਲ ਜਾਂ ਕੇਬਲ ਨੈਟਵਰਕ 'ਤੇ ਇਹ ਐਲਾਨ ਜਰੂਰ ਪ੍ਰਕਾਸ਼ਿਤ ਕਰਵਾਉਣੀ ਹੋਵੇਗੀ ਅਤੇ ਇਹ ਚੋਣ ਖਤਮ ਹੋਣ ਲਈ ਨਿਰਧਾਰਿਤ ਸਮੇਂ ਤੋਂ 48 ਘੰਟੇ ਪਹਿਲਾਂ ਪੂਰੀ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਦਸਿਆ ਕਿ ਸਿਆਸੀ ਪਾਰਟੀਆਂ ਵੱਲੋਂ ਖੜੇ ਕੀਤੇ ਗਏ ਅਪਰਾਧਿਕ ਮਾਮਲਿਆਂ ਵਾਲੇ ਉਮੀਦਵਾਰਾਂ ਦੇ ਮਾਮਲੇ ਵਿੱਚ, ਚਾਹੇ ਉਹ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਅਤੇ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਪਾਰਟੀ ਹੋਵੇ, ਅਜਿਹੇ ਉਮੀਦਵਾਰਾਂ ਨੂੰ ਐਲਾਨ ਕਰਨਾ ਹੋਵੇਗਾ ਕਿ ਉਨ੍ਹਾਂ ਨੇ ਇਸ ਬਾਰੇ ਆਪਣੇ ਸਬੰਧਿਤ ਸਿਆਸੀ ਪਾਰਟੀ ਨੂੰ ਵੀ ਜਾਣੂ ਕਰਵਾ ਦਿੱਤਾ ਹੈ। ਮਾਨਤਾ ਪ੍ਰਾਪਤ ਸਿਆਸੀ ਪਾਰਟੀ ਅਤੇ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਪਾਰਟੀ, ਜੋ ਅਜਿਹੇ ਉਮੀਦਵਾਰਾਂ ਨੂੰ ਖੜਾ ਕਰਦੀ ਹੈ ਤਾਂ ਇੰਨ੍ਹਾਂ ਦੇ ਬਾਰੇ ਵਿੱਓ ਉਨ੍ਹਾਂ ਨੂੰ ਆਪਣੀ ਵੈਬਸਾਇਟ ਦੇ ਨਾਲ-ਨਾਲ ਲੋਕਲ ਟੀਵੀ ਚੈਨਲਾਂ ਜਾਂ ਲੋਕਲ ਵਿੱਚ ਉਪਲਬਧ ਕੇਬਲ ਨੈਟਵਰਕ ਅਤੇ ਇੱਕ ਹਿੰਦੀ ਅਤੇ ਇੱਕ ਇੰਗਲਿਸ਼ ਘੱਟ ਤੋਂ ਘੱਟ ਦੋ ਅਖਬਾਰਾਂ ਵਿੱਚ ਜਿਨ੍ਹਾਂ ਦਾ ਪੰਚਾਇਤ ਕਮੇਟੀ, ਜਿਲ੍ਹਾ ਪਰਿਸ਼ਦ ਇਲਾਕੇ ਵਿੱਚ ਵੱਧ ਤੋਂ ਵੱਧ ਪ੍ਰਸਾਰ ਹੋਵੇ। ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਇੱਕ ਐਲਾਨ ਪ੍ਰਾਰੂਪ 1-3 ਵਿੱਚ ਪ੍ਰਕਾਸ਼ਿਤ ਕਰਨਾ ਹੋਵੇਗਾ।

ਉਨ੍ਹਾਂ ਨੇ ਦਸਿਆ ਕਿ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਅਤੇ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਪਾਰਟੀ, ਜੋ ਅਪਰਾਧਿਕ ਮਾਮਲੇ ਵਾਲੇ ਉਮੀਦਵਾਰ ਖੜੇ ਕਰਦੀ ਹੈ, ਉਨ੍ਹਾਂ ਨੂੰ ਸਬੰਧਿਤ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਧਿਕਾਰੀ ਪੰਚਾਇਤ ਨੂੰ ਇੱਕ ਰਿਪੋਰਟ ਦੇਣੀ ਹੋਵੇਗੀ, ਜਿਸ ਵਿੱਚ ਦਸਿਆ ਜਾਵੇਗਾ ਕਿ ਉਨ੍ਹਾਂ ਨੇ ਹਿੰਨ੍ਹਾਂ ਨਿਰਦੇਸ਼ਾਂ ਦੀ ਜਰੂਰਤਾਂ ਪੂਰੀ ਕਰ ਲਈਆਂ ਹਨ, ਅਤੇ ਇਸ ਬਾਰੇ ਵਿੱਚ ਸਿਆਸੀ ਪਾਰਟੀਆਂ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਐਲਾਨ ਵਾਲੇ ਪੇਪਰ ਦੀ ਕਟਿੰਗ ਵੀ ਨਾਲ ਲਗਾਉਣੀ ਹੋਵੇਗੀ। ਇਹ ਚੋਣ ਖਤਮ ਹੋਣ ਦੇ 30 ਦਿਨਾਂ ਦੇ ਅੰਦਰ ਕਰਨਾ ਹੋਵੇਗਾ।

ਇੰਨ੍ਹਾਂ ਨਿਰਦੇਸ਼ਾਂ ਦਾ ਪਾਲਣ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਸਾਰੇ ਪੰਚਾਇਤ ਆਮ/ ਜਿਮਨੀ ਚੋਣਾਂ ਵਿੱਚ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਕਰਨਾ ਹੋਵੇਗਾ।

# ਸਹਾਇਕ ਕਮਿਸ਼ਨਰ/ ਤਹਿਸੀਲਦਾਰਾਂ ਦੀ ਵਿਭਾਗ ਦੀ ਪ੍ਰੀਖਿਆ 27 ਅਪ੍ਰੈਲ ਤੋਂ 1 ਮਈ ਤੱਕ ਕਰਨਾ ਹੋਵੇਗਾ ਬਿਨੈ

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਹਾਇਕ ਕਮਿਸ਼ਨਰ/ਵਧੀਕ ਸਹਾਇਤ ਕਮਿਸ਼ਨਰ ਅਤੇ ਤਹਿਸੀਲਦਾਰਾਂ ਦੀ ਵਿਭਾਗ ਦੀ ਪ੍ਰੀਖਿਆਵਾਂ ਲਈ ਮਿੱਤੀਆਂ ਦਾ ਐਲਾਨ ਕਰ ਦਿੱਤਾ ਹੈ।

ਇੱਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਹ ਪ੍ਰੀਖਿਆਵਾਂ 27 ਅਪ੍ਰੈਲ ਤੋਂ 1 ਮਈ, 2026 ਤੱਕ ਆਯੋਜਿਤ ਕੀਤੀਆਂ ਜਾਣਗੀਆਂ। ਪ੍ਰੀਖਿਆਵਾਂ ਦਾ ਆਯੋਜਨ ਸਾਰਥਕ ਸਰਕਾਰੀ ਏਕੀਕ੍ਰਿਤ ਸੀਨੀਅਰ ਸੈਕੇਂਡਰੀ ਸਕੂਲ, ਸੈਕਟਰ-12ਏ, ਪੰਚਕੂਲਾ ਵਿੱਚ ਕੀਤਾ ਜਾਵੇਗਾ।

ਜਾਰੀ ਡੇਟਸ਼ੀਟ ਅਨੁਸਾਰ, 27 ਅਪ੍ਰੈਲ ਨੂੰ ਸਵੇਰੇ ਸੈਸ਼ਨ (10:00 ਵਜੇ ਤੋਂ 1:00 ਵਜੇ ਤੱਕ) ਵਿੱਚ ਕ੍ਰਿਮੀਨਲ ਲਾਅ (ਪਹਿਲਾ ਪੇਪਰ) ਅਤੇ ਸ਼ਾਮ ਦੇ ਸੈਸ਼ਨ (2:00 ਵਜੇ ਤੋਂ 5:00 ਵਜੇ ਤੱਕ) ਵਿੱਚ ਸਿਵਲ ਲਾਅ ਦੀ ਪ੍ਰੀਖਿਆ ਹੋਵੇਗੀ। ਇਸ ਦੇ ਬਾਅਦ 28 ਅਪ੍ਰੈਲ ਨੂੰ ਸਵੇਰੇ ਕ੍ਰਿਮੀਨਲ ਲਾਅ (ਦੂਜਾ ਪੇਪਰ) ਅਤੇ ਸ਼ਾਮ ਨੂੰ ਫਾਈਨੇਂਸ਼ਿਅਲ ਰੂਲਸ ਦੀ ਪ੍ਰੀਖਿਆ ਆਯੋਜਿਤ ਕੀਤੀ ਜਾਵੇਗੀ।

29 ਅਪ੍ਰੈਲ ਨੂੰ ਸਵੇਰੇ ਕ੍ਰਿਮੀਨਲ ਲਾਅ (ਤੀਜਾ ਪੇਪਰ) ਆਯਜਿਤ ਹੋਵੇਗਾ, ਜਿਸ ਵਿੱਚ ਸਹਾਇਕ ਕਮਿਸ਼ਨਰ/ਵਧੀਕ ਸਹਾਇਕ ਕਮਿਸ਼ਨਰਾਂ ਲਈ ਜੇਲ੍ਹ ਨਾਲ ਸਬੰਧਿਤ ਵਿਸ਼ਾ ਵੀ ਸ਼ਾਮਿਲ ਹੋਵੇਗਾ, ਜਦੋਂ ਕਿ ਤਹਿਸੀਲਦਾਰਾਂ ਲਈ ਕੋਰਸ ਵੱਖ ਰਹੇਗਾ। ਇਸੀ ਦਿਨ ਸ਼ਾਮ ਦੇ ਸੈਸ਼ਨ ਵਿੱਚ ਰੇਵੇਨਿਊ ਲਾਅ ( ਪਹਿਲਾਂ ਪੇਪਰ) ਦੀ ਪ੍ਰੀਖਿਆ ਹੋਵੇਗੀ।

ਇਸ ਦੇ ਬਾਅਦ 30 ਅਪ੍ਰੈਲ ਨੂੰ ਸਵੇਰੇ ਲੋਕਲ ਫੰਡਸ ਅਤੇ ਸ਼ਾਮ ਨੂੰ ਰੇਵੇਨਿਊ ਲਾਅ (ਦੂਜਾ ਪੇਪਰ) ਆਂਯੋਜਿਤ ਕੀਤਾ ਜਾਵੇਗਾ। ਪ੍ਰੀਖਿਆਰਥੀਆਂ ਦਾ ਸਮਾਪਨ 1 ਮਈ ਨੂੰ ਹੋਵੇਗਾ, ਜਿਸ ਵਿੱਚ ਸਹਾਇਕ ਕਮਿਸ਼ਨਰ/ਵਧੀਕ ਸਹਾਇਕ ਕਮਿਸ਼ਨਰਾਂ ਲਈ ਭਾਸ਼ਾ (ਹਿੰਦੀ) ਅਤੇ ਤਹਿਸੀਲਦਾਰਾਂ ਲਈ ਪਟਵਾਰੀ ਮੇਂਸੂਰੇਸ਼ਨ ਅਤੇ ਉਰਦੂ ਵਿਸ਼ਿਆਂ ਦੀ ਪ੍ਰੀਖਿਆ ਹੋਵੇਗੀ।

ਬੁਲਾਰੇ ਨੇ ਦਸਿਆ ਕਿ ਪ੍ਰੀਖਿਆ ਵਿੱਚ ਸ਼ਾਮਿਲ ਹੋਣ ਦੇ ਇਛੁੱਕ ਉਮੀਦਵਾਰਾਂ ਨੂੰ ਆਪਣੇ ਸਬੰਧਿਤ ਵਿਭਾਗ ਪ੍ਰਮੁੱਖ ਜਾਂ ਪ੍ਰਸ਼ਾਸ਼ਨਿਕ ਸਕੱਤਰ ਰਾਹੀਂ 16 ਅਪ੍ਰੈਲ, 22026 ਤੱਕ ਬਿਨੈ ਕਰਨਾ ਹੋਵੇਗਾ। ਕੇਂਦਰੀ ਪ੍ਰੀਖਿਆ ਕਮੇਟੀ ਵੱਲੋਂ ਸਿੱਧੇ ਬਿਨੈ ਮੰਜੂਰ ਨਹੀਂ ਕੀਤੇ ਜਾਣਗੇ।

ਸਰਕਾਰ ਨੇ ਸਾਰੇ ਯੋਗ ਉਮੀਦਵਾਰਾਂ ਨੂੰ ਨਿਰਧਾਰਿਤ ਮਿੱਤੀਆਂ ਅਤੇ ਨਿਯਮਾਂ ਅਨੁਸਾਰ ਪ੍ਰੀਖਿਆ ਦੀ ਤਿਆਰੀ ਕਰਨ ਦੀ ਸਲਾਹ ਦਿੱਤੀ ਹੈ।

# ਮੁੱਖ ਮੰਤਰੀ ਨੇ ਸੂਬੇਭਰ ਵਿੱਚ ਤਤੀਮਾ ਮਾਮਲਿਆਂ ਦੇ ਨਿਪਟਾਨ ਲਈ ਵਿਸ਼ੇਸ਼ ਅਭਿਆਨ ਚਲਾਉਣ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਰਾਜ ਉਦਯੋਗਿਕ ਅਤੇ ਅਵਸਰੰਚਨਾ ਵਿਕਾਸ ਨਿਗਮ ਅਤੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇਭਰ ਵਿੱਚ ਪੈਂਡਿੰਗ ਤਤੀਮਾ ਨਾਲ ਸਬੰਧਿਤ ਸਾਰੇ ਮਾਮਲਿਆਂ ਦਾ ਪ੍ਰਾਥਮਿਕਤਾ ਦੇ ਅਧਾਰ 'ਤੇ ਜਲਦ ਨਿਪਟਾਨ ਯਕੀਨੀ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਦੇਰੀ ਕਾਰਨ ਆਮਜਨ ਨੂੰ ਦਫ਼ਤਰਾਂ ਦੇ ਚੱਕਰ ਕੱਟਣੇ ਪੈਂਦੇ ਹਨ, ਬੇਲੋੜੇ ਵਿਵਾਦ ਅਤੇ ਅਦਾਲਤੀ ਪ੍ਰਕਿਰਿਆਵਾਂ ਵੱਧੀਆਂ ਹਨ।

ਮੁੱਖ ਮੰਤਰੀ ਸੋਮਵਾਰ ਨੂੰ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਕਸ਼ਟ ਨਿਵਾਰਨ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਸੋਹਨਾ ਵਿਧਾਇਕ ਸ੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਮੀਟਿੰਗ ਵਿੱਚ ਕੁੱਲ੍ਹ 15 ਮਾਮਲੇ ਰੱਖੇ ਗਏ, ਜਿਨ੍ਹਾਂ ਵਿੱਚੋਂ ਮੁੱਖ ਮੰਤਰੀ ਨੇ 11 ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ।

ਮੁੱਖ ਮੰਤਰੀ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਉਹ ਆਮਜਨ ਦੀ ਸਮੱਸਿਆਵਾਂ ਦੇ ਹੱਲ ਪ੍ਰਤੀ ਸੰਵੇਦਨਸ਼ੀਲਤਾ ਅਤੇ ਤੱਤਪਰਤਾ ਨਾਲ ਕੰਮ ਕਰਨ। ਉਨ੍ਹਾਂ ਨੇ ਕਿਹਾ ਕਿ ਜਿੱਥੇ ਵੀ ਕੋਈ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ ਜਾਂ ਕੋਈ ਨਾਗਰਿਕ ਸਿੱਧੇ ਆਪਣੀ ਸ਼ਿਕਾਇਤ ਲੈ ਕੇ ਆਉਂਦਾ ਹੈ, ਉਸ ਦਾ ਪ੍ਰਾਥਮਿਕਤਾ ਨਾਲ ਜਲਦ ਅਤੇ ਪ੍ਰਭਾਵੀ ਹੱਲ ਯਕੀਨੀ ਕੀਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਸ਼ਾਸਨ ਦਾ ਉਦੇਸ਼ ਸਿਰਫ ਕਾਰਵਾਈ ਕਰਨਾ ਨਹੀਂ ਸਗੋਂ ਲੋਕਾਂ ਨੂੰ ਰਾਹਤ ਪਹੁੰਚਾਉਣਾ ਅਤੇ ਉਨ੍ਹਾਂ ਦੀ ਸਮੱਸਿਆਵਾਂ ਦਾ ਸਮੇ ਸਿਰ ਨਿਪਟਾਨ ਕਰਨਾ ਹੋਣਾ ਚਾਹੀਦਾ ਹੈ ਤਾਂ ਜੋ ਸ਼ਾਸਨ ਵਿਵਸਥਾ ਪ੍ਰਤੀ ਆਮਜਨ ਦਾ ਭਰੋਸਾ ਹੋਰ ਵੱਧ ਮਜਬੂਤ ਹੋ ਸਕੇ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਰੇਜਾਂਗਲਾ ਚੌਕ ਦੀ ਸਵੱਛਤਾ ਵਿਵਸਥਾ ਦਾ ਨੋਟਿਸ ਲੈਂਦੇ ਹੋਏ ਅਧਿਕਾਰਿਆਂ ਨੂੰ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਰੇਜਾਂਗਲਾ ਚੌਕ ਅਤੇ ਸ਼ਹੀਦ ਲੇਫਟਿਨੇਂਟ ਅਤੁਲ ਕਟਾਰਿਆ ਚੌਕ ਦਾ ਵਿਵਸਥਿਤ ਢੰਗ ਨਾਲ ਸੌਂਦਰੀਕਰਨ ਕੀਤਾ ਜਾਵੇ, ਨਾਲ ਹੀ ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਰੇਜਾਂਗਲਾ ਸਮਾਰਕ ਦਾ ਸਮੁਚਿਤ ਸੌਂਦਰੀਕਰਨ, ਰੀਡਿਜਾਇਨਿੰਗ ਅਤੇ ਸੰਪੂਰਣ ਉਨਯਨ ਕੀਤਾ ਜਾਵੇ ਤਾਂ ਜੋ ਇਸ ਨੂੰ ਹੋਰ ਵੱਧ ਆਕਰਸ਼ਕ, ਗਰਿਮਾਪੂਰਨ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਥਾਨਾਂ 'ਤੇ ਹਰਿਤ ਖੇਤਰ ਵਿਕਸਿਤ ਕੀਤੇ ਜਾਣ ਅਤੇ ਨਿਮਤ ਸਫਾਈ ਵਿਵਸਥਾ ਨੂੰ ਮਜਬੂਤ ਕੀਤਾ ਜਾਵੇ ਜਿਸ ਨਾਲ ਆਮਜਨ ਨੂੰ ਇੱਕ ਸਵੱਛ, ਵਿਵਸਥਿਤ ਅਤੇ ਆਕਰਸ਼ਕ ਵਾਤਾਵਰਨ ਦਾ ਅਨੁਭਵ ਹੋ ਸਕੇ।

ਪਿੰਡ ਦੌਲਤਾਬਾਦ ਤੋਂ ਆਏ ਇੱਕ ਸ਼ਿਕਾਇਤਕਰਤਾ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਜਾਣੂ ਕਰਾਇਆ ਕਿ ਉਸ ਦੇ ਖੇਤ ਤੱਕ ਜਾਣ ਵਾਲੇ ਤਕਰੀਬਨ 2 ਕਰਮ ਚੌੜੇ ਰਸਤੇ 'ਤੇ ਦੋ ਬਿਲਡਰਸ ਵੱਲੋਂ ਅਵੈਧ ਕਬਜਾ ਕਰ ਦੀਵਾਰ ਖੜੀ ਕਰ ਦਿੱਤੀ ਗਈ ਹੈ ਜਿਸ ਨਾਲ ਉਸ ਦਾ ਅਤੇ ਹੋਰ ਗ੍ਰਾਮੀਣਾਂ ਦਾ ਖੇਤਾਂ ਵਿੱਚ ਆਣਾ-ਜਾਣਾ ਬਾਧਿਤ ਹੋ ਰਿਹਾ ਹ ੈ। ਇਸ 'ਤੇ ਨੋਟਿਸ ਲੈਂਦੇ ਹੋਏ ਮੁੱਖ ਮੰਤਰੀ ਨੇ ਸਬੰਧਿਤ ਅਧਿਕਾਰਿਆਂ ਨੂੰ ਤੁਰੰਤ ਕਾਰਵਾਈ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਕਬਜਾ ਹਟਵਾ ਕੇ ਰਸਤੇ ਨੂੰ ਮੂਲ ਸਵਰੂਪ ਵਿੱਚ ਬਹਾਲ ਕੀਤਾ ਜਾਵੇ ਅਤੇ ਸਬੰਧਿਤ ਬਿਲਡਰਸਾਂ ਪਾਸੋਂ ਦੋ-ਦੋ ਫੀਟ ਥਾਂ ਖਾਲੀ ਕਰਵਾਈ ਜਾਵੇ ਤਾਂ ਜੋ ਗ੍ਰਾਮੀਣਾਂ ਲਈ ਆਵਾਜਾਈ ਸੁਗਮ, ਸੁਰੱਖਿਅਤ ਅਤੇ ਵਿਵਸਥਿਤ ਰੂਪ ਨਾਲ ਯਕੀਨੀ ਕੀਤਾ ਜਾ ਸਕੇ।

ਸੈਕਟਰ-10 ਤੋਂ ਆਏ ਆਰਡਬਲੂਏ ਪ੍ਰਤੀਨਿਧੀਆਂ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਜਾਣੂ ਕਰਾਇਆ ਕਿ ਖੇਤਰ ਵਿੱਚ ਪੁਰਾਣੇ ਸੀਵਰੇਜ ਸਿਸਟਮ ਹੋਣ ਕਾਰਨ ਬਾਰ-ਬਾਰ ਓਵਰਫਲੋ ਦੀ ਸਮੱਸਿਆ ਪੈਦਾ ਹੋ ਰਹੀ ਹੈ ਜਿਸ ਨਾਲ ਸਥਾਨਕ ਨਿਵਾਸਿਆਂ ਨੂੰ ਗੰਭੀਰ ਅਸੁਹੂਲਤ ਦਾ ਸਾਮਣਾ ਕਰਨਾ ਪੈਅ ਰਿਹਾ ਹੈ। ਇਸ 'ਤੇ ਨੋਟਿਸ ਲੈਂਦੇ ਹੋਏ ਮੁੱਖ ਮੰਤਰੀ ਨੇ ਸਬੰਧਿਤ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਸੈਕਟਰ ਲਈ ਆਧੁਨਿਕ ਅਤੇ ਸਮਰਥ ਸੀਵਰੇਜ ਸਿਸਟਮ ਦਾ ਵਿਸਥਾਰ ਪ੍ਰਸਤਾਵ ਜਲਦ ਤਿਆਰ ਕੀਤਾ ਜਾਵੇ, ਤਾਂ ਜੋ ਸਥਾਈ ਹੱਲ ਯਕੀਨੀ ਹੋ ਸਕੇ।

ਇਸ ਮੌਕੇ 'ਤੇ ਗੁਰੂਗ੍ਰਾਮ ਦੀ ਮੇਅਰ ਰਾਜਰਾਨੀ ਮੱਲਹੋਤਰਾ, ਪ੍ਰਧਾਨ ਸਲਾਹਕਾਰ ਡੀ.ਐਸ.ਢੇਸੀ, ਜੀਐਮਡੀਏ ਦੇ ਸੀਈਓ ਪੀ.ਸੀ.ਮੀਣਾ, ਡੀਸੀ ਅਜੈ ਕੁਮਾਰ, ਮੁੱਖ ਮੰਤਰੀ ਦੇ ਓਐਸਡੀ ਅਤੇ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਵਧੀਕ ਨਿਦੇਸ਼ਕ ਵਿਵੇਕ ਕਾਲਿਆ, ਏਡੀਸੀ ਸੋਨੂ ਭੱਟ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹੇ।

# ਖ਼ਾਸ ਗਿਰਦਾਵਰੀ ਦੇ ਹੁਕਮ ਜਾਰੀ - ਨੁਕਸਾਨ ਦੀ ਜਾਂਚ ਉਪਰੰਤ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ, ਡਿਪਟੀ ਕਮਿਸ਼ਨਰ

**ਫਾਜ਼ਿਲਕਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਹੋਈ ਅਚਾਨਕ ਬਾਰਿਸ਼ ਕਾਰਨ ਕਣਕ ਦੀ ਫਸਲ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀਮਤੀ ਅਮਰਪ੍ਰੀਤ ਕੌਰ ਸੰਧੂ ਨੂੰ ਸਰਕਾਰ ਵੱਲੋਂ ਖ਼ਾਸ ਗਿਰਦਾਵਰੀ ਕਰਨ ਦੇ ਹੁਕਮ ਪ੍ਰਾਪਤ ਹੋਏ ਹਨ।

ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਖ਼ਾਸ ਗਿਰਦਾਵਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਜਿਸਦਾ ਮੁੱਖ ਉਦੇਸ਼ ਮੌਕੇ 'ਤੇ ਜਾ ਕੇ ਫਸਲ ਦੇ ਨੁਕਸਾਨ ਦੀ ਅਸਲ ਸਥਿਤੀ ਦਾ ਅੰਦਾਜ਼ਾ ਲਗਾਉਣਾ ਹੈ।

ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੀਆਂ ਟੀਮਾਂ ਖੇਤਾਂ ਵਿੱਚ ਪਹੁੰਚ ਕੇ ਵਿਸਥਾਰ ਨਾਲ ਨੁਕਸਾਨ ਦੀ ਰਿਪੋਰਟ ਤਿਆਰ ਕਰ ਰਹੀਆਂ ਹਨ, ਤਾਂ ਜੋ ਪ੍ਰਭਾਵਿਤ ਕਿਸਾਨਾਂ ਦੀ ਸਹੀ ਪਛਾਣ ਕੀਤੀ ਜਾ ਸਕੇ। ਗਿਰਦਾਵਰੀ ਦੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਸਰਕਾਰ ਨੂੰ ਰਿਪੋਰਟ ਭੇਜੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਪ੍ਰਭਾਵਿਤ ਕਿਸਾਨਾਂ ਨੂੰ ਯੋਗ ਮੁਆਵਜ਼ਾ ਮੁਹੱਈਆ ਕਰਵਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਖੜ੍ਹਾ ਹੈ ਅਤੇ ਕਿਸੇ ਵੀ ਪ੍ਰਭਾਵਿਤ ਕਿਸਾਨ ਨੂੰ ਨਿਆਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਨੇ ਸੰਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਿਰਦਾਵਰੀ ਦਾ ਕੰਮ ਪੂਰੀ ਪਾਰਦਰਸ਼ਤਾ ਅਤੇ ਤੁਰੰਤ ਅਧਾਰ 'ਤੇ ਮੁਕੰਮਲ ਕੀਤਾ ਜਾਵੇ।ਘੁਮਾਣ-ਮਹਿਤਾ ਰੋਡ ਦਾ ਵਿਕਾਸ ਕਾਰਜ ਤੇਜ਼ਗਤੀ ਨਾਲ ਜਾਰੀ- ਵਿਧਾਇਕ ਐਡਵੋਕੇਟ ਅਮਰਪਾਲ ਸਿੰਘ

ਸ੍ਰੀ ਹਰਗੋਬਿੰਦਪੁਰ ਸਾਹਿਬ/ ਬਟਾਲਾ, 6 ਅਪ੍ਰੈਲ (    ) ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵਲੋਂ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਜਿਸ ਦੇ ਚੱਲਦਿਆਂ ਘੁਮਾਣ-ਮਹਿਤਾ ਰੋਡ ਦਾ ਵਿਕਾਸ ਕਾਰਜ ਤੇਜ਼ਗਤੀ ਨਾਲ ਜਾਰੀ ਹੈ, ਜੋ ਜਲਦੀ ਮੁਕੰਮਲ ਹੋ ਜਾਵੇਗਾ।

ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿਨਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਭਰ ਅੰਦਰ ਲੋਕ ਹਿੱਤ ਵਿੱਚ ਵੱਡੇ ਫੈਸਲੇ ਲਏ ਹਨ ਅਤੇ ਵਿਕਾਸ ਕਾਰਜ ਕਰਵਾਏ ਗਏ ਹਨ। ਜਿਸ ਦੇ ਚੱਲਦਿਆਂ ਹਲਕੇ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਨਿਰਮਾਣ ਕਾਰਜਾਂ ਸਮੇਤ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ।

ਉਨ੍ਹਾਂ ਅੱਗੇ ਕਿਹਾ ਕਿ ਇਤਿਹਾਸਕ ਅਤੇ ਧਾਰਮਿਕ ਹਲਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ।

ਪਿੰਡਾਂ ਦੇ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ। ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ। ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ ਸਮੇਤ ਵੱਖ-ਵੱਖ ਵਿਕਾਸ ਕਾਰਜ ਚੱਲ ਰਹੇ ਹਨ।

# ਡਿਪਟੀ ਕਮਿਸ਼ਨਰ ਨੇ ਟ੍ਰੇਨਿੰਗ ਦੀ ਰਸਮੀ ਤੌਰ 'ਤੇ ਕੀਤੀ ਸ਼ੁਰੂਆਤ



**ਤਰਨਤਾਰਨ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ ਦੇ ਪਹਿਲੇ ਪੜਾਅ ਲਈ ਤਰਨ ਤਾਰਨ ਜ਼ਿਲ੍ਹੇ ਦੇ 35 ਫੀਲਡ ਟਰੇਨਰਜ਼ ਦੀ 3 ਦਿਨਾ ਟ੍ਰੇਨਿੰਗ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਸ਼ੁਰੂ ਹੋਈ। ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਵੱਲੋਂ ਇਸ ਟ੍ਰੇਨਿੰਗ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਜ਼ਿਲ੍ਹਾ ਸੈਂਸਜ਼ ਅਫ਼ਸਰ ਤਰਨ ਤਾਰਨ ਸੁਰਿੰਦਰ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ ਡਾ.ਅਮਨਦੀਪ ਸਿੰਘ, ਜਨਗਣਨਾ ਵਿਭਾਗ ਦੇ ਸਹਾਇਕ ਡਾਇਰੈਕਟਰ ਸਵਦੇਸ਼ ਪਰਤਾਪ ਸਿੰਘ ਸ਼ਕੀਆ ਹਾਜ਼ਰ ਸਨ। ਇਹ ਟ੍ਰੇਨਿੰਗ ਜ਼ਿਲ੍ਹੇ ਦੇ ਮਾਸਟਰ ਟਰੇਨਰ ਤਰਸੇਮ ਸਿੰਘ ਵੱਲੋਂ ਸਹਾਇਕ ਡਾਇਰੈਕਟਰ ਨਾਲ ਸਾਂਝੇ ਤੌਰ 'ਤੇ ਦਿੱਤੀ ਗਈ। ਇਹ ਟ੍ਰੇਨਿੰਗ ਮਿਤੀ 7 ਅਤੇ 9 ਅਪ੍ਰੈਲ ਨੂੰ ਵੀ ਹੋਵੇਗੀ।

ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਇਸ ਮੌਕੇ ਦੱਸਿਆ ਕਿ ਜਨਗਣਨਾ ਦਾ ਪਹਿਲਾ ਪੜਾਅ ਮਿਤੀ 15 ਮਈ ਤੋਂ ਸ਼ੁਰੂ ਹੋ ਰਿਹਾ ਹੈ। ਇਸ ਦੇ ਨਾਲ ਹੀ ਨਾਗਰਿਕਾਂ ਵੱਲੋਂ ਪਹਿਲੀ ਵਾਰ ਆਪਣੀ ਜਨਗਣਨਾ ਆਪ ਕਰਨ ਦਾ ਵਿਕਲਪ ਵੀ ਰੱਖਿਆ ਗਿਆ ਹੈ, ਜਿਸ ਤਹਿਤ ਕੋਈ ਵੀ ਵਿਅਕਤੀ ਮਿਤੀ 30 ਅਪ੍ਰੈਲ 2026 ਤੋਂ ਜਨਗਣਨਾ ਵਿਭਾਗ ਦੇ ਪੋਰਟਲ/ ਸਾਈਟ 'ਤੇ ਆਪਣੀ ਸੂਚਨਾ ਆਪ ਦਰਜ ਕਰ ਸਕਦਾ ਹੈ।ਉਨ੍ਹਾਂ ਦੱਸਿਆ ਕਿ 35 ਫੀਲਡ ਟਰੇਨਰਜ਼ ਵੱਲੋਂ ਮਿਤੀ 20 ਅਪ੍ਰੈਲ ਤੋਂ ਜਨਗਣਨਾ ਵਿਚ ਤਾਇਨਾਤ ਸੁਪਰਵਾਈਜ਼ਰਾਂ, ਗਿਣਤੀਕਾਰਾਂ ਨੂੰ ਟ੍ਰੇਨਿੰਗ ਦਿਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਵਸਨੀਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਦੇ ਇਸ ਮਹੱਤਵਪੂਰਨ ਕੰਮ ਵਿਚ ਗਿਣਤੀਕਾਰਾਂ ਨੂੰ ਸਹੀ ਸੂਚਨਾ ਦਿਤੀ ਜਾਵੇ।

ਉਨ੍ਹਾਂ ਕਿਹਾ ਕਿ ਜਨਗਣਨਾ ਲਈ ਇਕੱਤਰ ਕੀਤੀ ਗਈ ਸੂਚਨਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜਨਗਣਨਾ ਦਾ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਸਰਕਾਰ ਵੱਲੋਂ ਨਵੀਆਂ ਵਿਕਾਸ ਯੋਜਨਾਵਾਂ ਉਲੀਕਣ ਵਿਚ ਸਹਾਇਕ ਹੋਵੇਗਾ।

# ਸੰਸਾਰ ਦੇ ਕਿਸੇ ਵੀ ਵਿਗਿਆਨੀ ਵੱਲੋਂ ਖ਼ੂਨ ਦਾ ਬਦਲ ਨਹੀਂ ਲੱਭਿਆ ਜਾ ਸਕਿਆ ਇਹ ਸਿਰਫ਼ ਇਨਸਾਨੀ ਸਰੀਰ ਵਿੱਚ ਹੀ ਪੈਦਾ ਹੁੰਦਾ ਹੈ: ਡਾਕਟਰ ਮਲਕੀਤ ਮਾਨ



**ਪਟਿਆਲਾ, 10 ਅਪ੍ਰੈਲ/ਪਰਮਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁਵਕ ਸੇਵਾਵਾਂ ਵਿਭਾਗ ਪਟਿਆਲਾ ਵੱਲੋਂ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਕਮੀ ਨੂੰ ਵੇਖਦਿਆਂ ਐਸਟਿਟ ਡਾਇਰੈਕਟਰ ਡਾਕਟਰ ਮਲਕੀਤ ਸਿੰਘ ਮਾਨ ਦੀ ਅਗਵਾਈ ਹੇਠ ਲੜੀਵਾਰ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ। ਇਸ ਤਹਿਤ ਰੈਡ ਰਿਬਨ ਕਲੱਬ ਵਲੰਟੀਅਰ,ਐਨ ਐਸ ਐਸ ਵਲੰਟੀਅਰ ਅਤੇ ਐਨ ਸੀ ਸੀ ਕੈਡਿਟਸ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ ।ਜਿਸ ਵਿੱਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਬਰ ਵੂਮੈਨ ਕੋਸਲਿੰਗ ਸੈਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਵਿਸ਼ੇਸ਼ ਤੌਰ ਤੇ ਜੁਗਰਾਜ ਸਿੰਘ ਚਹਿਲ, ਤੇਜਿੰਦਰ ਮਡੋੜ, ਅਮਰਜੀਤ ਸਿੰਘ ਲੰਗ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ, ਕੁਲਦੀਪ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ।ਇਸ ਮੌਕੇ ਸੰਬੋਧਨ ਕਰਦਿਆ ਡਾਕਟਰ ਮਲਕੀਤ ਸਿੰਘ ਮਾਨ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਯੁਵਕ ਸੇਵਾਵਾਂ ਵਿਭਾਗ ਪਟਿਆਲਾ ਵੱਲੋਂ ਲਗਾਏ ਜਾ ਰਹੇ ਲੜੀਵਾਰ ਖ਼ੂਨਦਾਨ ਕੈਂਪਾਂ ਦੌਰਾਨ ਰੈਡ ਰਿਬਨ ਕਲੱਬ,ਐਨ ਐਸ ਐਸ ਵਲੰਟੀਅਰ ਅਤੇ ਐਨ ਸੀ ਸੀ ਕੈਡਿਟਸ ਵੱਲੋਂ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਅੱਜ ਤੱਕ ਸੰਸਾਰ ਦੇ ਕਿਸੇ ਵੀ ਵਿਗਿਆਨੀ ਵੱਲੋਂ ਖ਼ੂਨਦਾਨ ਦਾ ਬਦਲ ਨਹੀਂ ਲੱਭਿਆ ਜਾ ਸਕਿਆ ਇਹ ਸਿਰਫ ਇਨਸਾਨੀ ਸਰੀਰ ਵਿੱਚ ਹੀ ਬਣਦਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜ਼ੋਰੀ ਨਹੀਂ ਆਉਂਦੀ ਸਗੋਂ ਸ਼ਰੀਰ ਤੰਦਰੁਸਤ ਰਹਿੰਦਾ ਹੈ। ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ 18 ਸਾਲ ਤੋਂ ਲੈ ਕੇ 65 ਸਾਲ ਤੱਕ ਖ਼ੂਨਦਾਨ ਕਰ ਸਕਦਾ ਹੈ। ਉਹਨਾਂ ਨੌਜਵਾਨਾ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣ ਤਾ ਜੋਂ ਕਿਸੇ ਮਰੀਜ਼ ਦੀ ਬੇਸ਼ਕੀਮਤੀ ਜਾਨ ਨੂੰ ਬਚਾਇਆ ਜਾ ਸਕੇ।

# ਜ਼ਮੀਨੀ ਵਿਵਾਦ ਕਾਰਨ ਪੁੱਤਰ ਨੇ ਪਿਤਾ ਨੂੰ ਜੀਪ ਨਾਲ ਦਰੜਿਆ

**ਡੱਬਵਾਲੀ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਡੱਬਵਾਲੀ ਦੇ ਪਿੰਡ ਅਹਿਮਦਪੁਰ ਦਾਰੇਵਾਲਾ ਵਿਖੇ ਜ਼ਮੀਨੀ ਵਿਵਾਦ ਕਾਰਨ ਇੱਕ ਪੁੱਤਰ ਨੇ ਆਪਣੇ ਪਿਤਾ ਨੂੰ ਜੀਪ ਨਾਲ ਟੱਕਰ ਮਾਰ ਕੇ ਮੌਤ ਦੇ ਘਾਟ ਉਤਾਰ ਕਰ ਦਿੱਤਾ। ਇਹ ਘਟਨਾ ਬੀਤੀ ਰਾਤ ਕਰੀਬ ਸਾਢੇ 9 ਵਜੇ ਵਾਪਰੀ।

ਮ੍ਰਿਤਕ ਦੀ ਪਛਾਣ 65 ਸਾਲਾ ਜਸਵੰਤ ਸਿੰਘ ਵਜੋਂ ਹੋਈ ਹੈ। ਉਹ ਖੇਤ ਤੋਂ ਪਾਣੀ ਲਗਾ ਕੇ ਘਰ ਵਾਪਸ ਆ ਰਿਹਾ ਸੀ। ਜਿਵੇਂ ਹੀ ਉਹ ਘਰ ਦੇ ਅੱਗੇ ਪੁੱਜਿਆ ਤਾਂ ਉਸ ਦੇ ਪੁੱਤਰ ਰਾਮ ਸਿੰਘ ਨੇ ਜੀਪ ਨਾਲ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਸੂਚਨਾ ਮਿਲਣ 'ਤੇ ਸਦਰ ਪੁਲੀਸ ਮੌਕੇ 'ਤੇ ਪਹੁੰਚ ਗਈ।

ਜਾਣਕਾਰੀ ਅਨੁਸਾਰ ਪਿਤਾ-ਪੁੱਤਰ ਵਿੱਚ ਜ਼ਮੀਨ ਦੀ ਹਿੱਸੇਦਾਰੀ ਨੂੰ ਲੈ ਕੇ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ ਅਤੇ ਦੋਵਾਂ ਵਿਚਕਾਰ ਆਮ ਤੌਰ 'ਤੇ ਝਗੜਾ ਹੁੰਦਾ ਰਹਿੰਦਾ ਸੀ। ਮ੍ਰਿਤਕ ਤਿੰਨ ਪੁੱਤਰਾਂ ਅਤੇ ਇੱਕ ਲੜਕੀ ਦਾ ਪਿਓ ਸੀ। ਇੱਕ ਪੁੱਤਰ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ, ਜਦਕਿ ਇੱਕ ਹੋਰ ਪੁੱਤਰ ਮਾਨਸਿਕ ਤੌਰ 'ਤੇ ਬਿਮਾਰ ਦੱਸਿਆ ਜਾ ਰਿਹਾ ਹੈ। ਮੁਲਜ਼ਮ ਰਾਮ ਸਿੰਘ ਆਪਣੇ ਪਿਤਾ ਨਾਲ ਹੀ ਪਿੰਡ ਵਿੱਚ ਰਹਿੰਦਾ ਸੀ।

ਪਿੰਡ ਵਾਸੀਆਂ ਮੁਤਾਬਕ ਰਾਮ ਸਿੰਘ ਆਪਣੀ ਵਿਆਹੀ ਹੋਈ ਭੈਣ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਭੈਣ ਦੇ ਪਤੀ ਦੀ ਕੁੱਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਸੀ, ਜਿਸ ਤੋਂ ਬਾਅਦ ਜ਼ਮੀਨ ਦੀ ਦੇਖਭਾਲ ਰਾਮ ਸਿੰਘ ਕਰ ਰਿਹਾ ਸੀ।

ਦੋਸ਼ ਹੈ ਕਿ ਉਸ ਨੇ ਭੈਣ ਦੀ ਜ਼ਮੀਨ ਦਾ ਕੁਝ ਹਿੱਸਾ ਵੇਚ ਦਿੱਤਾ ਪਰ ਪੂਰੀ ਰਕਮ ਉਸ ਨੂੰ ਨਹੀਂ ਦਿੱਤੀ। ਜਸਵੰਤ ਸਿੰਘ ਆਪਣੀ ਧੀ ਨੂੰ ਉਸ ਦਾ ਹੱਕ ਦਿਵਾਉਣਾ ਚਾਹੁੰਦਾ ਸੀ ਅਤੇ ਇਸ ਗੱਲ ਨੂੰ ਲੈ ਕੇ ਉਹ ਰਾਮ ਸਿੰਘ ਨੂੰ ਟੋਕਦਾ ਰਹਿੰਦਾ ਸੀ। ਪਿਤਾ-ਪੁੱਤਰ ਵਿੱਚ ਵਿਵਾਦ ਵਧਦਾ ਗਿਆ ਅਤੇ ਮਾਮਲਾ ਕਤਲ ਤੱਕ ਪਹੁੰਚ ਗਿਆ।

# ਪੁਲੀਸ ਨੇ ਮੁਲਾਜ਼ਮ ਆਗੂ ਘਰਾਂ ਵਿੱਚ ਕੀਤੇ ਨਜ਼ਰਬੰਦ

**ਤਲਵਾੜਾ, 10 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਹੁਸ਼ਿਆਰਪੁਰ ਆਮਦ ਤੋਂ ਪਹਿਲਾਂ ਪ੍ਰਸ਼ਾਸਨ ਨੇ ਮੁਲਾਜ਼ਮ ਆਗੂ ਘਰਾਂ ਵਿੱਚ ਨਜ਼ਰ ਬੰਦ ਕਰ ਦਿੱਤੇ ਹਨ । ਪੁਲੀਸ ਸਵੇਰੇ ਤੜਕੇ ਮੁਲਾਜਮ ਆਗੂਆਂ ਦੇ ਘਰਾਂ ਵਿੱਚ ਪਹੁੰਚ ਗਈ।ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਦੱਸਿਆ ਕਿ ਸਰਕਾਰ ਦੀ ਲਗਾਤਾਰ ਲਾਅਰਾ ਲਾਊ, ਡੰਗ ਟਪਾਊ ਅਤੇ ਸਮਾਂ ਦੇ ਕੇ ਮੀਟਿੰਗ ਕਰਨ ਤੋਂ ਭੱਜਣ ਵਾਲੀ 'ਆਪ' ਸਰਕਾਰ ਮੁਲਾਜ਼ਮਾਂ ਵਿੱਚ ਰੋਸ ਹੈ।

# ਚਮਕਦਾਰ ਚਿਹਰਾ ਜਾਂ ਬੀਮਾਰ ਸ਼ਰੀਰ? ਵਿਆਹ ਤੋਂ ਪਹਿਲਾਂ ਇੰਜੈਕਸ਼ਨਾਂ ਨਾਲ ਭਾਰ ਘਟਾਉਣ ਵਾਲੇ ਪੜ੍ਹਨ ਇਹ ਖ਼ਬਰ !

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 10 ਅਪ੍ਰੈਲ। ਅੱਜ-ਕੱਲ੍ਹ ਨੌਜਵਾਨ ਮੁੰਡੇ-ਕੁੜੀਆਂ ਵਿੱਚ ਵਿਆਹ ਅਤੇ ਪ੍ਰੀ-ਵੈਡਿੰਗ ਸ਼ੂਟ ਦੌਰਾਨ 'ਪਰਫੈਕਟ' ਦਿਖਣ ਦਾ ਕ੍ਰੇਜ਼ ਇੰਨਾ ਵਧ ਗਿਆ ਹੈ ਕਿ ਉਹ ਆਪਣੀ ਸਿਹਤ ਨੂੰ ਦਾਅ ’ਤੇ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ। ਘੱਟ ਸਮੇਂ ਵਿੱਚ ਵਜ਼ਨ ਘਟਾਉਣ ਲਈ ਵਰਤੇ ਜਾ ਰਹੇ ’ਇੰਸਟੈਂਟ ਟ?ਰਾਂਸਫਾਰਮੇਸ਼ਨ’ ਅਤੇ ’ਬਾਇਓਹੈਕਿੰਗ’ ਵਰਗੇ ਤਰੀਕੇ ਜਾਨਲੇਵਾ ਸਾਬਤ ਹੋ ਸਕਦੇ ਹਨ। ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਬਿਨਾਂ ਡਾਕਟਰੀ ਸਲਾਹ ਦੇ ਲਈਆਂ ਜਾਣ ਵਾਲੀਆਂ ਵੇਟ-ਲੌਸ ਦਵਾਈਆਂ ਅਤੇ ਇੰਜੈਕਸ਼ਨ ਸਰੀਰ ਦੇ ਅੰਦਰੂਨੀ ਅੰਗਾਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੇ ਹਨ। ਇੱਕ ਸਰਵੇਖਣ ਮੁਤਾਬਕ 70 ਫ਼ੀਸਦੀ ਹੋਣ ਵਾਲੇ ਲਾੜੇ-ਲਾੜੀਆਂ ਮੰਨਦੇ ਹਨ ਕਿ ਸੋਸ਼ਲ ਮੀਡੀਆ ’ਤੇ ਸੁੰਦਰ ਦਿਖਣ ਦੇ ਦਬਾਅ ਕਾਰਨ ਉਹ ਮਹਿੰਗੇ ਅਤੇ ਜੋਖ਼ਮ ਭਰੇ ਟ?ਰੀਟਮੈਂਟ ਕਰਵਾਉਂਦੇ ਹਨ। ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਰਗੇ ਮਹਾਨਗਰਾਂ ਵਿੱਚ ’ਵੈਡਿੰਗ ਵੇਟ ਲੌਸ ਪੈਕੇਜ’ ਦੀ ਮੰਗ 40 ਫ਼ੀਸਦੀ ਤੱਕ ਵਧ ਗਈ ਹੈ। ਨੌਜਵਾਨ ਕੁਦਰਤੀ ਤਰੀਕਿਆਂ ਦੀ ਬਜਾਏ 6-8 ਹਫ਼ਤਿਆਂ ਵਿੱਚ ਵਜ਼ਨ ਘਟਾਉਣ ਵਾਲੇ ਸ਼ਾਰਟਕੱਟ ਲੱਭ ਰਹੇ ਹਨ। ਰਿਪੋਰਟ ਅਨੁਸਾਰ, ਟਾਈਪ-2 ਡਾਇਬੀਟੀਜ਼ ਲਈ ਬਣੀਆਂ ਦਵਾਈਆਂ ਦੀ ਵਰਤੋਂ ਵਜ਼ਨ ਘਟਾਉਣ ਲਈ ਤੇਜ਼ੀ ਨਾਲ ਵਧੀ ਹੈ। ਇਹ ਦਵਾਈਆਂ ਭੁੱਖ ਨੂੰ ਕੰਟਰੋਲ ਕਰਦੀਆਂ ਹਨ, ਪਰ ਇਹਨਾਂ ਦੇ ਮਾੜੇ ਪ੍ਰਭਾਵ ਬੇਹੱਦ ਖ਼ਤਰਨਾਕ ਹਨ। ਓਜ਼ੈਂਪਿਕ ਫੇਸ ਤੇਜ਼ੀ ਨਾਲ ਵਜ਼ਨ ਘਟਣ ਕਾਰਨ ਚਿਹਰੇ ਦੀ ਚਰਬੀ ਖ਼ਤਮ ਹੋ ਜਾਂਦੀ ਹੈ, ਚਮੜੀ ਲਟਕ ਜਾਂਦੀ ਹੈ ਅਤੇ ਵਿਅਕਤੀ ਆਪਣੀ ਉਮਰ ਨਾਲੋਂ ਕਿਤੇ ਵੱਧ ਬੁੱਢਾ ਦਿਖਣ ਲੱਗਦਾ ਹੈ। ਕਿਡਨੀ ਅਤੇ ਲਿਵਰ ’ਤੇ ਅਸਰ: ਬਿਨਾਂ ਸਲਾਹ ਦੇ



ਲਏ ਗਏ ਫੈਟ-ਬਰਨਿੰਗ ਸਪਲੀਮੈਂਟਸ ਅਤੇ ਸਟੀਰੌਇਡਜ਼ ਕਿਡਨੀ ਫੇਲ੍ਹ ਹੋਣ ਅਤੇ ਲਿਵਰ ਡੈਮੇਜ ਦਾ ਕਾਰਨ ਬਣ ਸਕਦੇ ਹਨ। ਪਾਚਨ ਤੰਤਰ ਦੀ ਖਰਾਬੀ: ਦਵਾਈਆਂ ਨਾਲ ਗੰਭੀਰ ਕਬਜ਼, ਉਲਟੀ, ਪੇਟ ਦਰਦ ਅਤੇ ਪੈਨਕ੍ਰੀਅਸ ਵਿੱਚ ਸੋਜ ਦੀ ਸਮੱਸਿਆ ਹੋ ਸਕਦੀ ਹੈ। ਰੀਬਾਉਂਡ ਵੇਟ ਗੇਨ: ਦਵਾਈਆਂ ਬੰਦ ਕਰਦੇ ਹੀ ਵਜ਼ਨ ਪਹਿਲਾਂ ਨਾਲੋਂ ਵੀ ਜ਼ਿਆਦਾ ਤੇਜ਼ੀ ਨਾਲ ਵਧਣ ਲੱਗਦਾ ਹੈ, ਜੋ ਮੈਟਾਬੋਲਿਜ਼ਮ ਨੂੰ ਸਥਾਈ ਤੌਰ ’ਤੇ ਖਰਾਬ ਕਰ ਦਿੰਦਾ ਹੈ। ਐਂਡੋਕ੍ਰਾਈਨੋਲੋਜਿਸਟ ਡਾ. ਬਲਰਾਮ ਸ਼ਰਮਾ ਦਾ ਕਹਿਣਾ ਹੈ ਕਿ ਇਹ ਦਵਾਈਆਂ ਸਿਰਫ਼ ਕਲੀਨਿਕਲ ਕੰਡੀਸ਼ਨ ਵਿੱਚ ਹੀ ਲੈਣੀਆਂ ਚਾਹੀਦੀਆਂ ਹਨ, ਨਾ ਕਿ ਕਾਸਮੈਟਿਕ ਦਿੱਖ ਲਈ। ਆਪਣੀ ਮਰਜ਼ੀ ਨਾਲ ਦਵਾਈਆਂ ਲੈਣ ਨਾਲ ਮਾਸਪੇਸ਼ੀਆਂ ਕਮਜ਼ੋਰ ਹੋ ਸਕਦੀਆਂ ਹਨ। ਸਮਾਜ ਸ਼ਾਸਤਰੀ ਰਾਜੀਵ ਗੁਪਤਾ ਅਨੁਸਾਰ, ਫਿਲਟਰ ਐਪਸ ਨੇ ਸੁੰਦਰਤਾ ਦੇ ਅਜਿਹੇ ਨਕਲੀ ਮਾਪਦੰਡ ਬਣਾ ਦਿੱਤੇ ਹਨ, ਜਿਨ੍ਹਾਂ ਨੂੰ ਕੁਦਰਤੀ ਤਰੀਕੇ ਨਾਲ ਪਾਉਣਾ ਅਸੰਭਵ ਹੈ। ਵਿਆਹ ਦੀ ਚਮਕ ਚਿਹਰੇ ’ਤੇ ਕੁਦਰਤੀ ਹੋਣੀ ਚਾਹੀਦੀ ਹੈ। ਨਕਲੀ ਤਰੀਕਿਆਂ ਨਾਲ ਪਾਈ ਗਈ ਫਿਟਨੈੱਸ ਵਿਆਹ ਦੀਆਂ ਖ਼ੁਸ਼ੀਆਂ ਨੂੰ ਸਿਹਤ ਦੀਆਂ ਮੁਸੀਬਤਾਂ ਵਿੱਚ ਬਦਲ ਸਕਦੀ ਹੈ।

## ਚੋਰੀ ਦੇ ਮੋਟਰਸਾਈਕਲ ਸਮੇਤ ਇਕ ਕਾਬੂ, ਇਕ ਦਿਨ ਦਾ ਪੁਲਸ ਰਿਮਾਂਡ

ਮੋਗਾ 10 ਅਪ੍ਰੈਲ। ਵ?ਹੀਕਲ ਚੋਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਚੋਰੀ ਦੇ ਮੋਟਰਸਾਈਕਲ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫਸਰ ਇੰਸਪੈਕਟਰ ਰਾਜ ਸਿੰਘ ਨੇ ਦੱਸਿਆ ਕਿ ਜਦੋਂ ਹੌਲਦਾਰ ਸਕੰਦਰ ਸਿੰਘ ਪੁਲਸ ਪਾਰਟੀ ਸਮੇਤ ਦੇਰ ਸ਼ਾਮ ਦਾਣਾ ਮੰਡੀ ਵਿਚ ਜਾ ਰਹੇ ਸੀ ਤਾਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਰਾਜਾ ਸਿੰਘ ਨਿਵਾਸੀ ਮਨੋਹਰ ਬਸਤੀ ਨਿਹਾਲ ਸਿੰਘ ਵਾਲਾ ਮੋਟਰ ਸਾਈਕਲ ਚੋਰੀ ਕਰ ਕੇ ਅੱਗੇ ਵੇਚਣ ਦਾ ਆਦੀ ਹੈ। ਅੱਜ ਵੀ ਉਹ ਦਾਣਾ ਮੰਡੀ ਵਿਚ ਖੜ੍ਹਾ ਗ੍ਰਾਹਕਾਂ ਦੀ ਉਡੀਕ ਕਰ ਰਿਹਾ ਹੈ, ਜਿਸ ਕੋਲ ਚੋਰੀ ਦਾ ਬਿਨਾਂ ਨੰਬਰੀ ਮੋਟਰ ਸਾਈਕਲ ਹੈ, ਜਿਸ ’ਤੇ ਉਨ੍ਹਾਂ ਪੁਲਸ ਪਾਰਟੀ ਸਮੇਤ ਦੱਸੀ ਗਈ ਜਗ?ਹਾ ’ਤੇ ਛਾਪੇਮਾਰੀ ਕਰ ਕੇ ਰਾਜਾ ਸਿੰਘ ਨੂੰ ਚੋਰੀ ਦੇ ਬਿਨਾਂ ਨੰਬਰੀ ਮੋਟਰ ਸਾਈਕਲ ਸਮੇਤ ਕਾਬੂ ਕੀਤਾ, ਜਿਸ ਦੇ ਖ਼ਿਲਾਫ਼ ਮਾਮਲਾ ਦਰਜ ਕਰਨ ਦੇ ਬਾਅਦ ਉਸ ਨੂੰ ਹੌਲਦਾਰ ਸਿਕੰਦਰ ਸਿੰਘ ਵਲੋਂ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ।

## ਪੰਜਾਬ ’ਚ ਕਣਕ ਦਾ ਸੀਜ਼ਨ ਸ਼ੁਰੂ, ਚੌਥੇ ਦਿਨ ਖੰਨਾ ਦੀ ਮੰਡੀ ’ਚ ਪੁੱਜੀ ਕਣਕ ਦੀ ਪਹਿਲੀ ਢੇਰੀ

ਖੰਨਾ 10 ਅਪ੍ਰੈਲ। ਅੱਜ ਚੌਥੇ ਦਿਨ ਏਸ਼ੀਆ ਦੀ ਸਭ ਤੋਂ ਵੱਡੀ ਦਾਣਾ ਮੰਡੀ ਖੰਨਾ ਵਿਖੇ ਕਣਕ ਦੀ ਪਹਿਲੀ ਢੇਰੀ ਆਈ, ਜਦੋਂ ਕਿ ਕਣਕ ਦੀ ਖ਼ਰੀਦ ਇਕ ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਭੜੀ ਦਾ ਕਿਸਾਨ ਪਰਮਿੰਦਰ ਸਿੰਘ ਆਪਣੀ ਫ਼ਸਲ ਲੈ ਕੇ ਮੰਡੀ ’ਚ ਪੁੱਜਾ। ਕਰੀਬ ਤਿੰਨ ਏਕੜ ਦੀ ਵਾਢੀ ਕੀਤੀ ਗਈ ਹੈ ਅਤੇ ਫ਼ਸਲ ਮੰਡੀ ’ਚ ਲਿਆਂਦੀ ਗਈ। ਹੁਣ ਦੂਜੇ ਪਾਸੇ ਆੜ੍ਹਤੀਆਂ ਦੀ ਹੜਤਾਲ ਕਾਰਨ ਫ਼ਸਲ ਦੀ ਬੋਲੀ ’ਤੇ ਤਲਵਾਰ ਲਟਕ ਰਹੀ ਹੈ। ਜਦੋਂ ਤੱਕ ਹੜਤਾਲ



ਨਹੀਂ ਖੁੱਲ੍ਹਦੀ, ਇਸਦੀ ਖ਼ਰੀਦ ਸੰਭਵ ਨਹੀਂ ਹੈ ਅਤੇ ਹੁਣ ਫ਼ਸਲ ਦੀ ਸੰਭਾਲ ਦੀ ਜ਼ਿੰਮੇਵਾਰੀ ਸਬੰਧਿਤ ਆੜ੍ਹਤੀ ਦੀ ਬਣ ਗਈ ਹੈ। ਇਸ ਨਾਲ ਆੜ੍ਹਤੀ ਅਤੇ ਕਿਸਾਨ ਦੋਵੇਂ ਪਰੇਸ਼ਾਨ ਹੋਣਗੇ। ਮੰਡੀ ’ਚ ਫ਼ਸਲ ਲੈ ਕੇ ਆਏ ਕਿਸਾਨ ਪਰਮਿੰਦਰ ਸਿੰਘ ਨੇ ਦੱਸਿਆ ਕਿ ਇਹ ਅਗੇਤੀ ਫ਼ਸਲ ਹੈ, ਜਿਸਦੀ ਕੁਆਲਟੀ ਵੀ ਵਧੀਆ ਆਈ ਹੈ ਅਤੇ ਝਾੜ ਵੀ ਠੀਕ ਹੈ। ਇਸ ’ਤੇ ਮੌਸਮ ਦੀ ਕੋਈ ਮਾਰ ਦਿਖਾਈ ਨਹੀਂ ਦੇ ਰਹੀ। ਕਣਕ ਦੇ ਭਾਅ ਨੂੰ ਲੈ ਕੇ ਕਿਸਾਨ ਨੇ ਇਹ ਮੰਗ ਵੀ ਕੀਤੀ ਕਿ ਮਿਹਨਤ ਅਤੇ ਮਹਿੰਗਾਈ ਦੇ ਹਿਸਾਬ ਨਾਲ ਭਾਅ ਜ਼ਿਆਦਾ ਹੋਣਾ ਚਾਹੀਦਾ ਹੈ। ਆੜ੍ਹਤੀ ਰਾਜ ਕੁਮਾਰ ਰਾਜੂ ਨੇ ਕਿਹਾ ਕਿ ਹੁਣ ਮੰਡੀ ’ਚ ਫ਼ਸਲ ਆਉਣ ਮਗਰੋਂ ਆੜ੍ਹਤੀ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਉਹ ਫ਼ਸਲ ਦੀ ਸਫ਼ਾਈ ਕਰਾਉਣਗੇ। ਮਾਰਕੀਟ ਕਮੇਟੀ ਪ੍ਰਸ਼ਾਸਨ ਨੂੰ ਇਸਦੀ ਸੂਚਨਾ ਦੇ ਦਿੱਤੀ ਗਈ ਤੇ ਖਰੀਦ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਹੜਤਾਲ ਨੂੰ ਲੈ ਕੇ ਆੜ੍ਹਤੀ ਨੇ ਕਿਹਾ ਕਿ ਜੇਕਰ ਬੋਲੀ ਨਹੀਂ ਲੱਗਦੀ ਤਾਂ ਉਨ੍ਹਾਂ ਨੂੰ ਫ਼ਸਲ ਦੇ ਨੁਕਸਾਨ ਦਾ ਡਰ ਰਹੇਗਾ। ਮਾਰਕੀਟ ਕਮੇਟੀ ਦੇ ਸਕੱਤਰ ਕਮਲਦੀਪ ਸਿੰਘ ਮਾਨ ਨੇ ਕਿਹਾ ਕਿ ਸਬੰਧਿਤ ਖਰੀਦ ਏਜੰਸੀ ਦੇ ਨੁਮਾਇੰਦੇ ਫ਼ਸਲ ਦੇ ਮਾਪਦੰਡ ਚੈੱਕ ਕਰਨਗੇ। 13 ਫ਼ੀਸਦੀ ਨਮੀ ਹੋਣੀ ਚਾਹੀਦੀ ਹੈ, ਜਿਸ ਮਗਰੋਂ ਬੋਲੀ ਲੱਗੇਗੀ। ਇਸ ਵਾਰ ਕਣਕ ਦਾ ਭਾਅ 2585 ਰੁਪਏ ਤੈਅ ਹੈ। ਇਸਦੇ ਨਾਲ ਹੀ ਸਕੱਤਰ ਨੇ ਕਿਸਾਨਾਂ ਨੂੰ ਇਹ ਅਪੀਲ ਵੀ ਕੀਤੀ ਕਿ ਸੁੱਕੀ ਫ਼ਸਲ ਹੀ ਮੰਡੀ ’ਚ ਲਿਆਂਦੀ ਜਾਵੇ ਤਾਂ ਜੋ ਕਿਸੇ ਨੂੰ ਕੋਈ ਪਰੇਸ਼ਾਨੀ ਨਾ ਹੋਵੇ।

## ਲੁਧਿਆਣਾ ਨਗਰ ਨਿਗਮ ਨੂੰ ਵੱਡਾ ਵਿੱਤੀ ਝਟਕਾ, ਸਰਕਾਰ ਨੇ 65 ਕਰੋੜ ਦਾ ਜੀ. ਐੱਸ. ਟੀ. ਸ਼ੇਅਰ ਰੋਕਿਆ

ਲੁਧਿਆਣਾ 10 ਅਪ੍ਰੈਲ। ਇੱਕ ਪਾਸੇ ਜਿੱਥੇ ਨਗਰ ਨਿਗਮ ਦੇ ਮੁਲਾਜ਼ਮ ਇੱਕ ਵਾਰ ਫਿਰ ਪ੍ਰਾਪਰਟੀ ਟੈਕਸ, ਪਾਣੀ-ਸੀਵਰੇਜ ਦੇ ਬਿੱਲਾਂ ਤੇ ਬਿਲਡਿੰਗ ਬ੍ਰਾਂਚ ਨਾਲ ਸਬੰਧਤ ਮਾਲੀਏ ਦੀ ਵਸੂਲੀ ਦੇ ਟਾਰਗੇਟ ਪੂਰੇ ਨਹੀਂ ਕਰ ਸਕੇ, ਉੱਥੇ ਹੀ ਨਗਰ ਨਿਗਮ ਨੂੰ ਵਿੱਤੀ ਸਾਲ 2025-26





ਦੌਰਾਨ ਸਰਕਾਰ ਤੋਂ 65 ਕਰੋੜ ਦਾ ਜੀ. ਐੱਸ. ਟੀ. ਸ਼ੇਅਰ ਨਹੀਂ ਮਿਲਿਆ। ਇੱਥੇ ਦੱਸਣਾ ਉਚਿਤ ਹੋਵੇਗਾ ਕਿ ਚੁੰਗੀ ਦੀ ਵਸੂਲੀ ਬੰਦ ਹੋਣ ਤੋਂ ਬਾਅਦ ਸਰਕਾਰ ਵੱਲੋਂ ਜੀ. ਐੱਸ. ਟੀ. ਕਲੈਕਸ਼ਨ ਵਿੱਚੋਂ ਸ਼ੇਅਰ ਨੂੰ ਨਗਰ ਨਿਗਮ ਦੀ ਆਮਦਨੀ ਦੇ ਵਿਕਲਪ ਵਜੋਂ ਲਾਗੂ ਕੀਤਾ ਹੋਇਆ ਹੈ। ਹਾਲਾਂਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਆਏ ਦਿਨ ਜੀ. ਐੱਸ. ਟੀ. ਕਲੈਕਸ਼ਨ ਵਿੱਚ ਵਾਧਾ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਉਸ ਦੇ ਮੁਕਾਬਲੇ ਨਗਰ ਨਿਗਮ ਦੇ ਸ਼ੇਅਰ ਵਿੱਚ ਵਾਧਾ ਨਹੀਂ ਕੀਤਾ ਜਾ ਰਿਹਾ। ਜਿਸ ਦਾ ਸਬੂਤ ਵਿੱਤੀ ਸਾਲ 2025-26 ਦੀ ਬੈਲੇਂਸ ਸ਼ੀਟ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਜਿਸ ਮੁਤਾਬਕ ਨਗਰ ਨਿਗਮ ਵੱਲੋਂ ਜੀ. ਐੱਸ. ਟੀ. ਸ਼ੇਅਰ ਦੇ ਰੂਪ ਵਿੱਚ 650 ਕਰੋੜ ਮਿਲਣ ਦਾ ਟੀਚਾ ਰੱਖਿਆ ਗਿਆ ਸੀ ਪਰ ਉਸ ਵਿੱਚੋਂ ਸਰਕਾਰ ਵੱਲੋਂ 31 ਮਾਰਚ ਤੱਕ 65 ਕਰੋੜ ਘੱਟ ਯਾਨੀ ਕਿ ਸਿਰਫ਼ 585 ਕਰੋੜ ਹੀ ਰਿਲੀਜ਼ ਕੀਤੇ ਗਏ ਹਨ। ਹਾਲਾਂਕਿ, ਨਗਰ ਨਿਗਮ ਵੱਲੋਂ ਨਵੇਂ ਸਾਲ ਵਿੱਚ ਜੀ. ਐੱਸ. ਟੀ. ਸ਼ੇਅਰ ਵਜੋਂ ਸਰਕਾਰ ਤੋਂ 750 ਕਰੋੜ ਮਿਲਣ ਦੀ ਵਿਵਸਥਾ ਬਜਟ ਵਿੱਚ ਰੱਖੀ ਗਈ ਹੈ। ਸਰਕਾਰ ਵੱਲੋਂ ਨਗਰ ਨਿਗਮ ਨੂੰ ਹਰ ਮਹੀਨੇ ਜੋ ਜੀ. ਐੱਸ. ਟੀ. ਸ਼ੇਅਰ ਦਾ ਫੰਡ ਰਿਲੀਜ਼ ਕੀਤਾ ਜਾਂਦਾ ਹੈ, ਉਸੇ ’ਤੇ ਮੁਲਾਜ਼ਮਾਂ ਨੂੰ ਸੈਲਰੀ ਦੇਣ ਦਾ ਦਾਰੋਮਦਾਰ ਟਿਕਿਆ ਹੋਇਆ ਹੈ। ਕਿਉਂਕਿ ਨਗਰ ਨਿਗਮ ਨੂੰ ਹਰ ਮਹੀਨੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਕਰੀਬ 40 ਕਰੋੜ ਰੁਪਏ ਦੀ ਲੋੜ ਹੁੰਦੀ ਹੈ। ਇਸ ਫੰਡ ਦਾ ਇੰਤਜ਼ਾਮ ਲੰਬੇ ਸਮੇਂ ਤੋਂ ਜੀ. ਐੱਸ. ਟੀ. ਸ਼ੇਅਰ ਵਿੱਚੋਂ ਹੀ ਹੋ ਰਿਹਾ ਹੈ ਤੇ ਜੀ. ਐੱਸ. ਟੀ. ਸ਼ੇਅਰ ਮਿਲਣ ਵਿੱਚ ਦੇਰੀ ਹੋਣ ਦਾ ਅਸਰ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਸ਼ੈਡਿਊਲ ’ਤੇ ਵੀ ਪੈਂਦਾ ਹੈ।

# ਸਫਾਈ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਕਮਿਸ਼ਨ ਸੁਹਿਰਦ : ਹਰਦੀਪ ਗਿੱਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 10 ਅਪ੍ਰੈਲ। ਨਗਰ ਨਿਗਮ ਚੰਡੀਗੜ੍ਹ ’ਚ ਪਿਛਲੇ 18-20 ਸਾਲਾਂ ਤੋਂ ਕੱਚੇ



ਤੌਰ ’ਤੇ ਡਿਊਟੀ ਨਿਭਾਅ ਰਹੇ 95 ਸਫਾਈ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਸਫਾਈ ਕਰਮਚਾਰੀ ਸੰਘਰਸ਼ ਕਮੇਟੀ ਚੰਡੀਗੜ੍ਹ ਵੱਲੋਂ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ ਅਤੇ ਜਲਦ ਹੀ ਇਨ੍ਹਾਂ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। ਇਹ ਜਾਣਕਾਰੀ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਉੱਪ ਚੇਅਰਮੈਨ ਹਰਦੀਪ ਸਿੰਘ ਗਿੱਲ ਵੱਲੋਂ ਦਿੱਤੀ ਗਈ। ਉੱਪ ਚੇਅਰਮੈਨ ਹਰਦੀਪ ਗਿੱਲ ਨੇ ਕਿਹਾ ਕਿ ਇਨ੍ਹਾਂ ਸਫਾਈ ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਬੇਸਿਕ ਡੀ.ਏ., ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਿਕ ਮੈਂਬਰਾਂ ਨੂੰ ਨੌਕਰੀ, ਪੋਰਟਲ ਬੂਥ, ਮੈਡੀਕਲ ਦੀ ਸਹੂਲਤ, ਪੁਰਾਣੀ ਪੈਨਸ਼ਨ ਨੀਤੀ ਦੀ ਬਹਾਲੀ ਆਦਿ ਸ਼ਾਮਿਲ ਹਨ ਅਤੇ ਇਨ੍ਹਾਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਪੂਰੀ ਤਰ੍ਹਾਂ ਸੁਹਿਰਦ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇਸ਼ ਵਿੱਚ ਸਫਾਈ ਵਿਵਸਥਾ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਸਾਰੇ ਕਰਮਚਾਰੀਆਂ ਦੇ ਮੋਢੇ ਨਾਲ ਮੋਢਾ ਲਗਾ ਕੇ ਖੜ੍ਹਾ ਹੈ ਅਤੇ ਸਾਡੀ ਪੂਰੀ ਕੋਸ਼ਿਸ਼ ਹੈ ਕਿ ਸਫਾਈ ਕਰਮਚਾਰੀਆਂ ਦੀਆਂ ਜਿੱਥੇ ਮੰਗਾਂ ਨੂੰ ਪੂਰਾ ਕੀਤਾ ਜਾਵੇ ਉੱਥੇ ਹੀ ਕੰਮ ਲਈ ਵਧੀਆ ਮਾਹੌਲ ਦੀ ਸਿਰਜਣਾ ਕੀਤੀ ਜਾਵੇ। ਹਰਦੀਪ ਗਿੱਲ ਨੇ ਕਿਹਾ ਕਿ ਸਫਾਈ ਕਰਮਚਾਰੀ ਸੰਘਰਸ਼ ਕਮੇਟੀ ਚੰਡੀਗੜ੍ਹ ਪ੍ਰਦੇਸ਼ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਚੱਢਾ ਤੇ ਜਸਬੀਰ ਕੁਮਾਰ ਟਾਂਕ ਨੂੰ ਅਸੀਂ ਵਿਸ਼ਵਾਸ਼ ਦਿਵਾਉਂਦੇ ਹਾਂ ਕਿ ਸਫਾਈ ਕਰਮਚਾਰੀਆਂ ਨੂੰ ਜਿੱਥੇ ਸਹੂਲਤਾਂ ਯਕੀਨੀ ਬਣਾਉਣ ਲਈ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਕਦਮ ਚੁੱਕੇਗਾ, ਉੱਥੇ ਹੀ ਕੰਮ ਕਰਨ ਦੇ ਹਾਲਾਤਾਂ ਨੂੰ ਬੇਹਤਰ ਬਣਾਉਣ ਲਈ ਵੀ ਕਮਿਸ਼ਨ ਪੂਰੀ ਸੁਹਿਰਦਤਾ ਨਾਲ ਅੱਗੇ ਵੱਧ ਰਿਹਾ ਹੈ। ਇਸ ਮੌਕੇ "ਘਰ-ਘਰ ਸੰਵਿਧਾਨ"ਮੁਹਿੰਮ ਦੇ ਤਹਿਤ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਉਪ ਚੇਅਰਮੈਨ ਹਰਦੀਪ ਗਿੱਲ ਨੂੰ ਆਸਟਰੇਲੀਆ ਤੋਂ ਦੀਪ ਚੰਡਾਲੀਆ ਦੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਗਵਾਨ ਵਾਲਮੀਕਿ ਸ਼ੋਭਾ ਯਾਤਰਾ ਆਯੋਜਕ ਕਮੇਟੀ ਚੰਡੀਗੜ੍ਹ ਪ੍ਰਦੇਸ਼ ਦੇ ਸਮਦਰਸ਼ ਵੈਦ, ਨੀਰਜ ਕੁਮਾਰ, ਸੌਰਵ ਬੱਚੂ, ਰਾਣੀ, ਪੱਪੂ ਚਾਵਲਾ, ਸੋਨੂੰ ਮਹਾਰਾਜ ਤੇ ਹਰਿਆਣਾ ਮਹਾਂ ਸਭਾ ਪੰਚਕੁਲਾ ਦੇ ਪ੍ਰਧਾਨ ਸੁਰੇਸ਼ ਬੈਨੀਵਾਲ ਆਦਿ ਹਾਜ਼ਰ ਸਨ।

## ਪਹਿਲੀ ਜਮਾਤ ’ਚ ਦਾਖ਼ਲਾ ਲੈਣ ਦੇ ਬਦਲੇ ਨਿਯਮ

ਨੈਸ਼ਨਲ ਡੈਸਕ 10 ਅਪ੍ਰੈਲ। ਹਰਿਆਣਾ ਸਰਕਾਰ ਨੇ ਸੂਬੇ ਵਿੱਚ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਦਿਆਂ ’ਹਰਿਆਣਾ ਸਕੂਲ ਸਿੱਖਿਆ ਨਿਯਮ-2003’ ਵਿੱਚ ਵੱਡੀ ਸੋਧ ਕੀਤੀ ਹੈ। ਨਵੇਂ ਨਿਯਮਾਂ ਅਨੁਸਾਰ, ਹੁਣ ਪਹਿਲੀ ਜਮਾਤ ਵਿੱਚ ਦਾਖ਼ਲੇ ਲਈ ਬੱਚੇ ਦੀ ਘੱਟੋ-ਘੱਟ ਉਮਰ 6 ਸਾਲ ਹੋਣੀ ਲਾਜ਼ਮੀ ਕਰ ਦਿੱਤੀ ਗਈ ਹੈ। ਸਕੂਲ ਸਿੱਖਿਆ ਵਿਭਾਗ ਦੇ ਪ੍ਰਧਾਨ ਸਕੱਤਰ ਵਿਜੇ ਸਿੰਘ ਦਹੀਆ ਨੇ ’ਹਰਿਆਣਾ ਸਕੂਲ ਸਿੱਖਿਆ ਸੋਧ ਨਿਯਮ-2026’ ਨੂੰ ਅਧਿਕਾਰਤ ਤੌਰ ’ਤੇ ਨੋਟੀਫਾਈ ਕਰ ਦਿੱਤਾ ਹੈ। ਪਹਿਲਾਂ ਦੇ ਨਿਯਮਾਂ ਮੁਤਾਬਕ 5 ਸਾਲ ਦੀ ਉਮਰ ਵਾਲੇ ਬੱਚੇ ਪਹਿਲੀ ਜਮਾਤ ਵਿੱਚ ਦਾਖ਼ਲਾ ਲੈਣ ਦੇ ਯੋਗ ਸਨ। ਹੁਣ ਇਸ ਉਮਰ ਸੀਮਾ ਨੂੰ ਇੱਕ ਸਾਲ ਵਧਾ ਕੇ 6 ਸਾਲ ਕਰ ਦਿੱਤਾ ਗਿਆ ਹੈ। ਸਰਕਾਰ ਨੇ ਉਨ੍ਹਾਂ ਬੱਚਿਆਂ ਨੂੰ ਰਾਹਤ ਦਿੱਤੀ ਹੈ, ਜਿਨ੍ਹਾਂ ਦੀ ਉਮਰ ਦਾਖ਼ਲੇ ਦੇ ਸਮੇਂ ਥੋੜ੍ਹੀ ਘੱਟ ਹੈ। ਜਿਹੜੇ ਬੱਚੇ 30 ਸਤੰਬਰ ਤੱਕ ਆਪਣੀ 6 ਸਾਲ ਦੀ ਉਮਰ ਪੂਰੀ ਕਰ ਲੈਣਗੇ, ਉਹ ਵੀ ਦਾਖ਼ਲੇ ਲਈ ਯੋਗ ਮੰਨੇ ਜਾਣਗੇ। ’ਸਿੱਖਿਆ ਦੇ ਅਧਿਕਾਰ ਐਕਟ-2011’ ਦੇ ਨਿਯਮ 10 ਤਹਿਤ, 6 ਮਹੀਨੇ ਦੀ ਵਿਸਤ੍ਰਿਤ ਮਿਆਦ ਦੌਰਾਨ ਬੱਚਾ ਜਿਸ ਦਿਨ ਵੀ 6 ਸਾਲ ਦਾ ਹੋ ਜਾਵੇਗਾ

# ਪੰਜਾਬ ਪੁਲਸ ਦੀ ਮਹਿਲਾ ਮੁਲਾਜ਼ਮ ਦਾ ਕਾਰਾ ! ਆਸ਼ਿਕ ਨਾਲ ਫੜ੍ਹੇ ਜਾਣ ’ਤੇ...

**ਕੌਮੀ ਪਤ੍ਰਿਕਾ**

ਮੁੱਲਾਂਪੁਰ ਦਾਖਾ 10 ਅਪ੍ਰੈਲ। ਪੰਜਾਬ ਪੁਲਸ ਦੀ ਮਹਿਲਾ ਮੁਲਾਜ਼ਮ ’ਤੇ ਆਪਣਾ ’ਪਾਪ’ ਲੁਕਾਉਣ ਲਈ ਆਸ਼ਿਕ ਦੇ ਕਹਿਣ ’ਤੇ ਪਤੀ ਨੂੰ ਗੱਡੀ ਥੱਲੇ ਦੇ ਕੇ ਮਾਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲੱਗੇ ਹਨ। ਬਿਜਲੀ ਬੋਰਡ ਦੇ ਮੁਲਾਜ਼ਮ ਪਰਮਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਚਮਿੰਡਾ ਦੇ ਬਿਆਨਾਂ ’ਤੇ ਥਾਣਾ ਦਾਖਾ ਦੀ ਪੁਲਸ ਨੇ ਉਸ ਦੀ ਪਤਨੀ ਪਿੰਡ ਅਕਾਲਗੜ੍ਹ ਅਤੇ ਉਸ ਦੇ ਆਸ਼ਕ ਵਿਰੁੱਧ ਧਾਰਾ 110, 118 (1), 115 (2), 351 (2), 3 (5) ਬੀ. ਐੱਨ. ਐੱਸ. ਅਧੀਨ ਕੇਸ ਦਰਜ ਕਰ ਲਿਆ ਹੈ। ਥਾਣਾ ਦਾਖਾ ਦੇ ਮੁਖੀ ਇੰਸਪੈਕਟਰ ਕੁਲਜਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼ਿਕਾਇਤਕਰਤਾ ਪਰਮਿੰਦਰ ਸਿੰਘ ਨੇ ਆਪਣੇ ਬਿਆਨਾਂ ਵਿਚ ਦੱਸਿਆ ਕਿ ਉਹ ਬਿਜਲੀ ਬੋਰਡ ਵਿਚ ਲਾਈਨਮੈਨ ਹੈ ਅਤੇ ਲੁਧਿਆਣਾ ਘੰਟਾ ਘਰ ਵਿਖੇ ਡਿਊਟੀ ਕਰ ਰਿਹਾ ਹੈ। ਉਸ ਦੀ ਪਤਨੀ ਪੁਲਸ ਮੁਲਾਜ਼ਮ ਹੈ। 2 ਅਪ੍ਰੈਲ ਨੂੰ ਉਹ ਡਿਊਟੀ ਉਪਰੰਤ ਆਪਣੇ ਮੋਟਰ ਸਾਈਕਲ ’ਤੇ ਸਵਾਰ ਹੋ ਕੇ ਘਰ ਆ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਉਸ ਦੀ ਪਤਨੀ ਕਾਲੀ ਸਕਾਰਪੀਓ ਗੱਡੀ ਚਲਾ ਰਹੀ ਸੀ ਅਤੇ ਉਸ ਨਾਲ ਉਸ ਦਾ ਆਸ਼ਿਕ ਬੈਠਾ ਸੀ। ਜਦੋਂ ਉਸ ਨੇ ਦੋਵਾਂ ਨੂੰ ਵੇਖਿਆ ਤਾਂ ਉਸ ਦੀ





ਪਤਨੀ ਨੇ ਗੱਡੀ ਭਜਾ ਲਈ। ਉਹ ਉਨ੍ਹਾਂ ਦਾ ਪਿੱਛਾ ਕਰਦਾ ਕਰਦਾ ਸ਼ਾਮ ਨੂੰ ਕਰੀਬ 5.30 ਵਜੇ ਮੁੱਲਾਂਪੁਰ ਬੱਸ ਸਟੈਂਡ ਪੁੱਜਾ ਤਾਂ ਜਾਮ ਕਰਕੇ ਉਸ ਦੀ ਗੱਡੀ ਰੁਕ ਗਈ। ਜਦੋਂ ਉਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਆਸ਼ਿਕ ਨੇ ਉਸ ਦੀ ਪਤਨੀ ਨੂੰ ਗੱਡੀ ਮੇਰੇ ਉੱਪਰ ਚੜ੍ਹਾਉਣ ਲਈ ਕਿਹਾ। ਪਰਮਿੰਦਰ ਨੇ ਦੋਸ਼ ਲਗਾਇਆ ਕਿ ਉਸ ਦੀ ਪਤਨੀ ਨੇ ਆਸ਼ਿਕ ਦੇ ਕਹਿਣ ’ਤੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਉੱਪਰ ਗੱਡੀ ਚੜ੍ਹਾ ਦਿੱਤੀ ਅਤੇ ਉਹ ਥੱਲੇ ਜਾ ਡਿੱਗਿਆ ਤੇ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਪਰਮਿੰਦਰ ਨੇ ਦੱਸਿਆ ਕਿ ਉਸ ਦਾ ਵਿਆਹ 7 ਸਾਲ ਪਹਿਲਾਂ ਹੋਇਆ ਸੀ ਅਤੇ ਉਸ ਦੇ ਜੋੜੀਆਂ ਬੇਟੀਆਂ ਵੀ ਹਨ। ਉਸ ਨੇ ਦੋਸ਼ ਲਗਾਇਆ ਕਿ ਉਸ ਦੀ ਪਤਨੀ ਦੇ ਪਿਛਲੇ 6 ਮਹੀਨਿਆਂ ਤੋਂ ਉਕਤ ਮੁੰਡੇ ਨਾਲ ਨਾਜਾਇਜ਼ ਸਬੰਧ ਹਨ ਅਤੇ ਉਸ ਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ। ਉਸ ਨੇ ਦੱਸਿਆ ਕਿ ਉਸ ਦੀ ਪਤਨੀ ਇਸ ਵੇਲੇ ਉਸ ਤੋਂ ਵੱਖਰੀ ਆਪਣੇ ਪੇਕੇ ਅਕਾਲਗੜ੍ਹ ਵਿਖੇ ਰਹਿ ਰਹੀ ਹੈ। ਡੀ. ਐੱਸ. ਪੀ. ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਇਸ ਮਾਮਲੇ ਦੀ ਪੜਤਾਲ ਏ. ਐੱਸ. ਆਈ. ਸੁਖਵਿੰਦਰ ਸਿੰਘ ਕਰ ਰਹੇ ਹਨ ਅਤੇ ਦੋਵਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ ਅਤੇ ਜਲਦ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## 3 ਧੀਆਂ ਦੇ ਪਿਓ ਨੂੰ ਹੋ ਗਿਆ ਤਲਾਕਸ਼ੁਦਾ ਔਰਤ ਨਾਲ ਪਿਆਰ ! ਜੋ ਹੋਇਆ ਜਾਣ ਕੰਬ ਜਾਵੇਗੀ ਰੂਹ

ਲੁਧਿਆਣਾ 10 ਅਪ੍ਰੈਲ। ਥਾਣਾ ਲਾਡੋਵਾਲ ਦੇ ਅਧੀਨ ਆਉਂਦੇ ਸਤਲੁਜ ਦਰਿਆ ਦੇ ਕੰਢੇ ਵਸੇ ਪਿੰਡ ਭੋਲੇਵਾਲ ਜਦੀਦ ’ਚ ਬੀਤੇ ਦਿਨੀਂ ਇਕ ਪ੍ਰੇਮੀ ਅਤੇ ਪ੍ਰੇਮਿਕਾ ਨੇ ਮਿਲ ਕੇ ਜ਼ਹਿਰੀਲੀ ਦਵਾਈ ਨਿਗਲ ਲਈ, ਜਿਸ ਤੋਂ ਬਾਅਦ ਪ੍ਰੇਮਿਕਾ ਨੂੰ ਇਲਾਜ ਲਈ ਹਸਪਤਾਲ ’ਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਪ੍ਰੇਮਿਕਾ ਦੀ ਮੌਤ ਹੋ ਗਈ ਅਤੇ ਉਸ ਦਾ ਪ੍ਰੇਮੀ ਬਚ ਗਿਆ। ਉਕਤ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਥਾਣੇਦਾਰ ਮੇਜਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਭੋਲੇਵਾਲ ਜਦੀਦ ਦੀ ਰਹਿਣ ਵਾਲੀ ਔਰਤ ਅਤੇ ਉਸ ਦੇ ਪ੍ਰੇਮੀ ਨੇ ਜ਼ਹਿਰੀਲੀ ਦਵਾਈ ਨਿਗਲ ਲਈ ਸੀ, ਜਿਸ ਤੋਂ ਬਾਅਦ ਔਰਤ ਦੇ ਪਰਿਵਾਰ ਨੇ ਉਸ ਨੂੰ ਨਿੱਜੀ ਹਸਪਤਾਲ ’ਚ ਇਲਾਜ ਲਈ ਦਾਖਲ ਕਰਵਾਇਆ ਸੀ। ਇੱਥੇ ਕਈ ਦਿਨਾਂ ਤੱਕ ਇਲਾਜ ਚੱਲਣ ਤੋਂ ਬਾਅਦ ਔਰਤ ਦੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਔਰਤ ਤਲਾਕਸ਼ੁਦਾ ਸੀ, ਜਦਕਿ ਉਸ ਦੇ ਪ੍ਰੇਮੀ ਦੀ ਪਤਨੀ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਔਰਤ ਦੀ 3 ਸਾਲ ਦੀ ਬੇਟੀ ਹੈ, ਜਦਕਿ ਉਸ ਦੇ ਪ੍ਰੇਮੀ ਦੀਆਂ ਤਿੰਨ ਲੜਕੀਆਂ ਹਨ। ਉਨ੍ਹਾਂ ਦੱਸਿਆ ਕਿ ਦੋਵੇਂ ਪ੍ਰਵਾਸੀ ਹਨ। ਜਾਂਚ ਅਧਿਕਾਰੀ ਨੇ ਦੱਸਿਆ ਕਿ ਫਿਲਹਾਲ ਪੁਲਸ ਨੇ ਮ੍ਰਿਤਕ ਔਰਤ ਦੀ ਲਾਸ਼ ਨੂੰ ਕਬਜ਼ੇ ’ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ’ਚ ਰਖਵਾ ਦਿੱਤਾ ਹੈ।

## ਦੁਰਗ ’ਚ ’ਅਫਰੀਕਨ ਸਵਾਈਨ ਫੀਵਰ’ ਦਾ ਕਹਿਰ, 350 ਤੋਂ ਵੱਧ ਸੂਰਾਂ ਦੀ ਮੌਤ

ਦੁਰਗ 10 ਅਪ੍ਰੈਲ। ਛੱਤੀਸਗੜ੍ਹ ਦੇ ਦੁਰਗ ਜ਼ਿਲ੍ਹੇ ਵਿੱਚ ’ਅਫਰੀਕਨ ਸਵਾਈਨ ਫੀਵਰ’ ਦੇ ਫੈਲਣ ਕਾਰਨ ਪਸ਼ੂ ਪਾਲਣ ਵਿਭਾਗ ਅਤੇ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ ਹੈ। ਜ਼ਿਲ੍ਹੇ ਦੇ ਨਾਰਧਾ-ਮੁੜਪਾਰ ਇਲਾਕੇ ਵਿੱਚ ਸਥਿਤ ਇੱਕ ਸੂਅਰ ਫਾਰਮ ਵਿੱਚ ਇਸ ਖ਼ਤਰਨਾਕ ਲਾਗ ਕਾਰਨ ਵੱਡੀ ਗਿਣਤੀ ਵਿੱਚ ਸੂਰਾਂ ਦੀ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਪੂਰੇ ਇਲਾਕੇ ਨੂੰ ਅਲਰਟ ’ਤੇ ਰੱਖਿਆ ਗਿਆ ਹੈ। ਸਰਕਾਰੀ ਜਾਣਕਾਰੀ ਅਨੁਸਾਰ, ਸੰਕਰਮਿਤ ਫਾਰਮ ਵਿੱਚ ਹੁਣ ਤੱਕ 200 ਤੋਂ ਵੱਧ ਸੂਰਾਂ ਦੀ ਮੌਤ ਹੋ ਚੁੱਕੀ ਹੈ। ਬਿਮਾਰੀ ਦੀ ਪੁਸ਼ਟੀ ਹੋਣ ਤੋਂ ਬਾਅਦ, ਸਾਵਧਾਨੀ ਵਜੋਂ ਫਾਰਮ ਦੇ ਬਾਕੀ ਬਚੇ ਲਗਭਗ 150 ਸੂਰਾਂ ਨੂੰ ਵੀ ਮਾਰ ਦਿੱਤਾ ਗਿਆ ਹੈ। ਵਿਭਾਗੀ ਟੀਮ ਨੇ ਸਾਰੇ ਮ੍ਰਿਤਕ ਅਤੇ ਸੰਕਰਮਿਤ ਪਸ਼ੂਆਂ ਨੂੰ ਨਿਰਧਾਰਤ ਵਿਗਿਆਨਕ ਪ੍ਰਕਿਰਿਆ ਤਹਿਤ ਦਫ਼ਨਾ ਦਿੱਤਾ ਹੈ ਅਤੇ ਪੂਰੇ ਪਰਿਸਰ ਨੂੰ ਖਾਲੀ ਕਰਕੇ ਸੀਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ 29 ਮਾਰਚ ਨੂੰ ਸ਼ੱਕੀ ਹਾਲਾਤਾਂ ਨੂੰ ਦੇਖਦੇ ਹੋਏ ਸੈਂਪਲ ਜਾਂਚ ਲਈ ਭੇਜੇ ਗਏ ਸਨ। ਇਸ ਤੋਂ ਬਾਅਦ 1 ਅਪ੍ਰੈਲ ਤੋਂ ਸੂਰਾਂ ਦੀ ਮੌਤ ਹੋਣੀ ਸ਼ੁਰੂ ਹੋਈ ਅਤੇ 6 ਅਪ੍ਰੈਲ ਤੱਕ ਜ਼ਿਆਦਾਤਰ ਪਸ਼ੂ ਮਰ ਚੁੱਕੇ ਸਨ। ਜਿਵੇਂ ਹੀ ਰਿਪੋਰਟ ਪਾਜ਼ੀਟਿਵ ਆਈ, ਪਸ਼ੂ ਪਾਲਣ ਵਿਭਾਗ ਦੀ ਟੀਮ ਨੇ ਮੌਕੇ ’ਤੇ ਪਹੁੰਚ ਕੇ ਸਖ਼ਤ ਕਦਮ ਚੁੱਕੇ। ਮਾਹਿਰਾਂ ਅਨੁਸਾਰ, ਅਫਰੀਕਨ ਸਵਾਈਨ ਫੀਵਰ ਇੱਕ ਬਹੁਤ ਹੀ ਸੰਕਰਮਿਤ ਵਾਇਰਲ ਬਿਮਾਰੀ ਹੈ, ਜਿਸ ਵਿੱਚ ਸੂਰਾਂ ਦੀ ਮੌਤ ਦਰ ਬਹੁਤ ਜ਼ਿਆਦਾ ਹੁੰਦੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਫਿਲਹਾਲ ਇਸ ਦਾ ਕੋਈ ਪ੍ਰਭਾਵਸ਼ਾਲੀ ਇਲਾਜ ਜਾਂ ਵੈਕਸੀਨ ਉਪਲਬਧ ਨਹੀਂ ਹੈ। ਹਾਲਾਂਕਿ ਇਹ ਬਿਮਾਰੀ ਇਨਸਾਨਾਂ ਵਿੱਚ ਸੰਕਰਮਣ ਨਹੀਂ ਫੈਲਾਉਂਦੀ, ਪਰ ਫਿਰ ਵੀ ਸਿਹਤ ਵਿਭਾਗ ਨੇ ਸਾਵਧਾਨੀ ਵਜੋਂ ਸੰਕਰਮਿਤ ਮੀਟ ਦੇ ਸੇਵਨ ਤੋਂ ਬਚਣ ਦੀ ਸਲਾਹ ਦਿੱਤੀ ਹੈ। ਇਹ ਫਾਰਮ ਇਲਾਕੇ ਵਿੱਚ ਮੀਟ ਦੀ ਸਪਲਾਈ ਦਾ ਇੱਕ ਮੁੱਖ ਸਰੋਤ ਰਿਹਾ ਹੈ, ਜਿਸ ਕਾਰਨ ਪ੍ਰਸ਼ਾਸਨ ਨੇ ਆਸ-ਪਾਸ ਦੇ ਇਲਾਕਿਆਂ ਵਿੱਚ ਨਿਗਰਾਨੀ ਵਧਾ ਦਿੱਤੀ ਹੈ ਅਤੇ ਦੂਜੇ ਜ਼ਿਲ੍ਹਿਆਂ ਨੂੰ ਵੀ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ।

## ਬੈਂਕ ਨਾਲ 3,90,00,000 ਰੁਪਏ ਦੀ ਵੱਡੀ ਠੱਗੀ, ਮੈਨੇਜਰ ਹੀ ਨਿਕਲਿਆ ਮਾਸਟਰਮਾਈਂਡ

ਮੁੱਲਾਂਪੁਰ ਦਾਖਾ 10 ਅਪ੍ਰੈਲ। ਇੰਡੀਅਨ ਓਵਰਸੀਜ਼ ਬੈਂਕ ਬਰਾਂਚ ਬੱਦੋਵਾਲ ਦੇ ਮੈਨੇਜਰ ’ਤੇ 22 ਜਾਅਲੀ ਲੋਨ ਕਰ ਬੈਂਕ ਨਾਲ 3 ਕਰੋੜ 90 ਲੱਖ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਲੱਗਿਆ ਹੈ। ਇਸ ਸਬੰਧੀ ਥਾਣਾ ਦਾਖਾ ਵਿਚ ਮੁਲਜ਼ਮ ਖ਼?ਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸੀਨੀਅਰ ਮੈਨੇਜਰ ਇੰਡੀਅਨ ਓਵਰਸੀਜ਼ ਬੈਂਕ ਸਿਵਲ ਲਾਈਨਜ਼ ਲੁਧਿਆਣਾ ਨੇ ਥਾਣਾ ਦਾਖਾ ਨੂੰ ਦਿੱਤੀ ਦਰਖਾਸਤ ਵਿਚ ਦੋਸ਼ ਲਗਾਇਆ ਕਿ 13 ਮਾਰਚ 2026 ਨੂੰ ਕੀਤੀ ਜਾਂਚ ਵਿਚ ਪਾਇਆ ਕਿ ਇੰਡੀਅਨ ਓਵਰਸੀਜ਼ ਬੈਂਕ ਬਰਾਂਚ ਬੱਦੋਵਾਲ ਵਿਖੇ ਬਤੌਰ ਮੈਨੇਜਰ ਪੰਕਜ ਪੁੱਤਰ ਗੁਲਸ਼ਨ ਵਾਸੀ ਜੀਂਦ ਨੇ ਆਪਣੀ ਬੈਂਕ ਵਿਚ ਹੀ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਖੇਤੀਬਾੜੀ ਅਤੇ ਪ੍ਰਧਾਨ ਮੰਤਰੀ ਯੋਜਨਾ ਦੇ 22 ਜਾਅਲੀ ਫਰਜੀ ਲੋਨ ਕਰਵਾਏ ਹਨ। ਅਜਿਹਾ ਕਰ ਕੇ ਉਸ ਨੇ 3 ਕਰੋੜ 90 ਲੱਖ ਰੁਪਏ ਖੁਦ ਨੂੰ ਹੀ ਟ?ਰਾਂਸਫਰ ਕਰ ਲਏ ਹਨ। ਉਸ ਨੇ ਇਹ ਸਭ ਆਪਣੇ ਨਾਲ ਤਾਇਨਾਤ ਸਾਥੀ ਕਰਮਚਾਰੀ ਅਰਚਨਾ ਗੁਪਤਾ (ਸਹਾਇਕ ਮੈਨੇਜਰ) ਅਤੇ ਕਰਮਜੀਤ ਸਿੰਘ (ਕਲਰਕ) ਦੇ ਲੌਗਿਨ ਆਈ.ਡੀ ਵਰਤਦੇ ਹੋਏ ਬਿਨਾਂ ਉਨ੍ਹਾਂ ਦੀ ਜਾਣਕਾਰੀ ਦੇ ਕੀਤਾ ਹੈ। ਮੁਲਜ਼ਮ ਨੇ ਲੋਨ ਲਈ ਲੋੜਿੰਦੇ ਦਸਤਾਵੇਜ਼ ਵੀ ਨਹੀਂ ਦਿਖਾਏ। ਇਸ ਤਰ੍ਹਾਂ ਉਸ ਨੇ ਬੈਂਕ ਨਾਲ ਠੱਗੀ ਮਾਰੀ ਹੈ। ਥਾਣਾ ਦਾਖਾ ਦੇ ਜਾਂਚ ਅਧਿਕਾਰੀ ਏ.ਐੱਸ.ਆਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਪੰਕਜ ਕੁਮਾਰ ਵਿਰੁੱਧ ਓਮਾਂ ਕਾਂਤਾ ਦੇ ਬਿਆਨਾਂ ’ਤੇ ਧਾਰਾ 318 (4), 316 (5) ਬੀ.ਐਨ.ਐੱਸ. ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਪੰਕਜ ਅਜੇ ਫ਼ਰਾਰ ਹੈ ਤੇ ਉਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

# ਖੰਨਾ ‘ਚ ਹਾਈ-ਪ੍ਰੋਫਾਈਲ ਚੋਰੀ, ਨੌਕਰ ਨੇ ਪਤਨੀ ਸਮੇਤ ਰਚਿਆ ਖੇਡ; ਬੱਚਿਆਂ ਨੇ ਖੋਲ੍ਹਿਆ ਰਾਜ

**ਕੌਮੀ ਪਤ੍ਰਿਕਾ**

ਖੰਨਾ 10 ਅਪ੍ਰੈਲ। ਖੰਨਾ ਵਿੱਚ ਇੱਕ ਹੈਰਾਨ ਕਰਨ ਵਾਲੀ ਚੋਰੀ ਦੀ ਘਟਨਾ ਸਾਹਮਣੇ ਆਈ ਹੈ, ਜਿਸ ਨੇ ਵਿਸ਼ਵਾਸ, ਲਾਲਚ ਅਤੇ ਮਾਸੂਮੀਅਤ ਦੇ ਰਿਸ਼ਤੇ ਨੂੰ ਇੱਕ ਵਾਰ ਫਿਰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇਹ ਮਾਮਲਾ ਸਿਰਫ ਚੋਰੀ ਦਾ ਨਹੀਂ, ਸਗੋਂ ਉਸ ਭਰੋਸੇ ਦੀ ਟੁੱਟਣ ਦੀ ਕਹਾਣੀ ਹੈ ਜੋ ਇੱਕ ਪਰਿਵਾਰ ਨੇ ਆਪਣੇ ਹੀ ਨੌਕਰ ‘ਤੇ ਕੀਤਾ ਸੀ। ਜਾਣਕਾਰੀ ਮੁਤਾਬਕ ਸ਼ਹਿਰ ਦੇ ਇੱਕ ਉਦਯੋਗਪਤੀ ਪਰਿਵਾਰ, ਜੋ ਸੁਲੇਖ ਰਾਮ ਬਿਲਡਿੰਗ ਵਿੱਚ ਰਹਿੰਦਾ ਹੈ, ਨੇ ਕੋਵਿਡ ਸਮੇਂ ਦੌਰਾਨ ਆਪਣੀ ਬਜ਼ੁਰਗ ਮਹਿਲਾ ਸੁਵੇਲਾ ਕੰਵਰ (65) ਦੀ ਦੇਖਭਾਲ ਲਈ ਨਨਕੂ ਉਰਫ ਪੱਪੂ ਚੌਧਰੀ ਨੂੰ ਰੱਖਿਆ ਸੀ। ਨਨਕੂ ਆਪਣੇ ਪਰਿਵਾਰ ਸਮੇਤ ਘਰ ਦੇ ਇੱਕ ਕਵਾਰਟਰ ਵਿੱਚ ਰਹਿੰਦਾ ਸੀ ਅਤੇ ਹੌਲੀ-ਹੌਲੀ ਪਰਿਵਾਰ ਦਾ ਭਰੋਸੇਯੋਗ ਹਿੱਸਾ ਬਣ ਗਿਆ। ਉਸਨੂੰ ਘਰ ਦੇ ਹਰ ਕੋਨੇ ਅਤੇ ਅਲਮਾਰੀਆਂ ਤੱਕ ਦੀ ਪੂਰੀ ਜਾਣਕਾਰੀ ਹੋ ਗਈ ਸੀ। ਕੁੱਝ ਸਮਾਂ ਪਹਿਲਾਂ ਘਰ ਦੀ ਸਫਾਈ ਦੌਰਾਨ ਨਨਕੂ ਨੂੰ ਪਤਾ ਲੱਗਾ ਕਿ ਪਰਿਵਾਰ ਦੀ ਧੀ, ਜੋ ਦੁਬਈ ਰਹਿੰਦੀ ਹੈ, ਆਪਣੇ ਕੀਮਤੀ ਗਹਿਣੇ ਘਰ ਦੀ ਅਲਮਾਰੀ ਵਿੱਚ ਰੱਖ ਕੇ ਗਈ ਹੋਈ ਹੈ। ਇਹ ਗਹਿਣੇ ਇੱਕ ਕਰੋੜ ਤੋਂ ਵੱਧ ਦੀ ਕੀਮਤ ਦੇ ਦੱਸੇ ਜਾ ਰਹੇ ਹਨ। ਇਥੇ ਹੀ ਉਸਦੇ ਮਨ ਵਿੱਚ ਲਾਲਚ ਪੈਦਾ ਹੋਇਆ ਅਤੇ ਉਸਨੇ ਆਪਣੀ ਪਤਨੀ ਸਪਨਾ ਨਾਲ ਮਿਲ ਕੇ ਚੋਰੀ ਦੀ ਯੋਜਨਾ ਬਣਾਈ। ਕੁੱਝ ਦਿਨ ਪਹਿਲਾਂ ਜਦੋਂ ਪਰਿਵਾਰ ਦੀ ਧੀ ਵਾਪਸ ਆਈ ਅਤੇ ਇੱਕ ਸਮਾਰੋਹ ਲਈ ਤਿਆਰ ਹੋਣ ਵਾਸਤੇ ਅਲਮਾਰੀ ਖੋਲੀ, ਤਾਂ ਉਸਦੇ ਹੋਸ਼ ਉੱਡ ਗਏ। ਅੰਦਰੋਂ ਜ਼ਿਆਦਾਤਰ ਗਹਿਣੇ ਗਾਇਬ ਸਨ। ਪਰਿਵਾਰ ਨੇ ਤੁਰੰਤ ਨਨਕੂ ਨਾਲ ਪੁੱਛਗਿੱਛ ਕੀਤੀ, ਪਰ ਉਸਨੇ ਹਰ ਗੱਲ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਪਰਿਵਾਰ ਨੇ ਆਪਣੇ ਤੌਰ ‘ਤੇ ਜਾਂਚ ਸ਼ੁਰੂ ਕੀਤੀ। ਜਾਂਚ ਦੌਰਾਨ ਪਤਾ ਲੱਗਾ ਕਿ ਨਨਕੂ ਉੱਤਰ ਪ੍ਰਦੇਸ਼ ’ਚ ਆਪਣੇ ਪਿੰਡ ਵਿੱਚ ਇਕ ਵੱਡੀ ਕੋਠੀ ਬਣਵਾ ਰਿਹਾ ਸੀ ਅਤੇ ਉਸਨੇ ਮਹਿੰਗੇ ਮੋਬਾਈਲ ਅਤੇ ਬ੍ਰਾਂਡਡ ਕੱਪੜਿਆਂ ‘ਤੇ ਖਰਚਾ ਵਧਾ ਦਿੱਤਾ ਸੀ। ਇਹ ਸਾਰੀਆਂ ਗੱਲਾਂ ਸ਼ੱਕ ਨੂੰ ਯਕੀਨ ਵਿੱਚ ਬਦਲਣ ਲੱਗੀਆਂ। ਮਾਮਲੇ ਵਿੱਚ ਸਭ ਤੋਂ ਵੱਡਾ ਮੋੜ ਉਸ ਵੇਲੇ ਆਇਆ ਜਦੋਂ ਪਰਿਵਾਰ ਨੇ ਨਨਕੂ ਦੇ ਬੱਚਿਆਂ ਨਾਲ ਗੱਲਬਾਤ ਕੀਤੀ। ਮਾਸੂਮ ਬੱਚਿਆਂ ਨੇ ਸੱਚਾਈ ਬਿਆਨ ਕਰ



ਦਿੱਤੀ। ਨਨਕੂ ਦੇ 10 ਸਾਲਾ ਪੁੱਤਰ ਨੇ ਦੱਸਿਆ ਕਿ ਉਸਦਾ ਪਿਤਾ ਘਰ ਦੇ ਅੰਦਰ ਹੀ ਜ਼ਮੀਨ ਖੋਦ ਕੇ ਗਹਿਣੇ ਦੱਬਦਾ ਸੀ। ਬੱਚਿਆਂ ਵੱਲੋਂ ਦੱਸੇ ਸਥਾਨ ‘ਤੇ ਜਦੋਂ ਖੁਦਾਈ ਕੀਤੀ ਗਈ, ਤਾਂ ਉੱਥੋਂ ਕੁਝ ਗਹਿਣੇ ਬਰਾਮਦ ਹੋ ਗਏ। ਇਸ ਨਾਲ ਸਾਫ ਹੋ ਗਿਆ ਕਿ ਚੋਰੀ ਘਰ ਦੇ ਅੰਦਰੋਂ ਹੀ ਹੋਈ ਹੈ। ਮਾਮਲਾ ਪੁਲਸ ਕੋਲ ਪਹੁੰਚਣ ‘ਤੇ ਖੰਨਾ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਨਨਕੂ ਉਰਫ ਪੱਪੂ ਚੌਧਰੀ ਅਤੇ ਉਸਦੀ ਪਤਨੀ ਸਪਨਾ ਨੂੰ ਗ੍ਰਿਫਤਾਰ ਕਰ ਲਿਆ। ਦੋਹਾਂ ਨੂੰ ਰਿਮਾਂਡ ‘ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਡੀ.ਐਸ.ਪੀ. ਕਰਮਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਪੁਲਸ ਵੱਲੋਂ ਦੋਸ਼ੀ ਪਤੀ-ਪਤਨੀ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਰਿਮਾਂਡ ਦੌਰਾਨ ਕਰੀਬ ਪੰਜ ਤੋਲੇ ਸੋਨੇ ਦੇ ਗਹਿਣੇ ਵੀ ਬਰਾਮਦ ਕੀਤੇ ਗਏ ਹਨ। ਬਾਕੀ ਗਹਿਣਿਆਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਇਹ ਵੀ ਪਤਾ ਲਾਇਆ ਜਾ ਰਿਹਾ ਹੈ ਕਿ ਉਹ ਕਿਸਨੂੰ ਵੇਚੇ ਗਏ ਹਨ। ਪੁਲਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਨਨਕੂ ਖਿਲਾਫ 2019 ਵਿੱਚ ਮੰਡੀ ਗੋਬਿੰਦਗੜ੍ਹ ਵਿੱਚ ਵੀ ਚੋਰੀ ਦਾ ਮਾਮਲਾ ਦਰਜ ਸੀ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਖੰਨਾ ਵਿੱਚ ਆ ਕੇ ਕੰਮ ਕਰਨ ਲੱਗ ਪਿਆ ਸੀ।